
## ਗਲਪ ਨੂੰ ਸਮਰਪਤ

# ਸੁਰ ਸਾਂਝ

ਜੂਨ, 2005,ਮੁੱਲ 15 ਰੁਪਏ,



रेखांकन : अमित बर्मन

# ਹਿੰਦੀ ਕਹਾਣੀ ਅੰਕ

(ਹਿੰਦੀ ਦੀਆਂ ਛੇ ਇਸਤਰੀ ਕਹਾਣੀਕਾਰਾਂ ਦੀਆਂ ਕਹਾਣੀਆਂ)


### ਮਨੋਵਿਗਿਆਨ ਅਤੇ ਪੰਜਾਬੀ ਕਹਾਣੀ (ਆਲੋਚਨਾ)

**ਡਾ. ਜਸਵਿੰਦਰ ਕੌਰ ਬਿੰਦਰਾ**

ਡਾ. ਜਸਵਿੰਦਰ ਕੌਰ ਬਿੰਦਰਾ ਨੇ ਪੰਜਾਬੀ ਦੇ ਉਘੇ ਕਹਾਣੀਕਾਰਾਂ ਦੀਆਂ ਚੌਣਵੀਆਂ ਕਹਾਣੀਆਂ ਨੂੰ ਅਧਿਐਨ ਦਾ ਵਿਸ਼ਾ ਬਣਾ ਕੇ ਇਸਤਰੀ ਮਨ ਦੀਆਂ ਗੁੰਢਲਾਂ ਨੂੰ, ਸਮਾਜਕ ਨੇਮਾਂ ਅਨੁਸਾਰ ਇਸਤਰੀ-ਮਰਦ ਦੇ ਵਰਜਿਤ ਰਿਸ਼ਤਿਆਂ ਦੀ ਸਾਰਥਕਤਾ ਅਤੇ ਇਹਨਾਂ ਤੋਂ ਪੈਦਾ ਹੋਣ ਵਾਲੇ ਤ੍ਰਾਸਦਿਕ ਨਤੀਜਿਆਂ ਨੂੰ ਜੇ ਉਜਾਗਰ ਕੀਤਾ ਹੈ ਤਾਂ ਨਾਲ ਹੀ ਦਲਿਤ ਵਰਗ ਦੀ ਮਾਨਸਿਕਤਾ ਵਿੱਚ ਹੋ ਰਹੀ ਉਥਲ ਪੁਥਲ ਅਤੇ ਇਸਦੇ ਪਿਛੇ ਕਾਰਜਸ਼ੀਲ ਨਵੀਂ ਸਿਧਾਂਤਕ ਚੇਤਨਾ ਨੂੰ ਵੀ ਦਿਸ਼ਟੀਗੋਚਰ ਕੀਤਾ ਹੈ।

- ਡਾ. ਕਰਨਜੀਤ ਸਿੰਘ

ਮੁੱਲ 160 ਰੁਪਏ ਲੋਕ ਗੀਤ ਪ੍ਰਕਾਸ਼ਨ

### ਜਨਮ ਤੋਂ ਆਰ-ਪਾਰ (ਕਹਾਣੀਆਂ)

**ਗੁਰਪ੍ਰੀਤ ਧਾਲੀਵਾਲ**

ਗੁਰਪ੍ਰੀਤ ਧਾਲੀਵਾਲ ਦੀਆਂ ਕਹਾਣੀਆਂ ਵਿਚ ਪੰਜਾਬ ਦੇ ਯਥਾਰਥ ਦਾ ਅਹਿਸਾਸ ਵੀ ਹੈ ਤੇ ਅਮਰੀਕਾ ਵਰਗੇ ਵਿਕਸਤ ਪੂੰਜੀਵਾਦੀ ਦੇਸ਼ ਵਿਚ ਪਹੁੰਚੇ ਪੰਜਾਬੀਆਂ ਦੇ ਯਥਾਰਥ ਦਾ ਅਹਿਸਾਸ ਵੀ। ਉਸਦੀਆਂ ਵਧੇਰੇ ਕਹਾਣੀਆਂ ਵਿਚ ਇਹ ਦੋਵੇਂ ਸਥਿਤੀਆਂ ਇਕ ਦੂਜੇ ਨਾਲ ਕਿਸਾਨੀ ਦਾ ਵਿਗਠਨ, ਵਧ ਰਹੇ ਤਨਾਓ, ਆਰਥਕ ਖੜੋਤ ਉਸ 'ਚੋਂ ਪੈਦਾ ਹੁੰਦੀਆਂ ਸਮਾਜਕ ਸਮੱਸਿਆਵਾਂ, ਜਿਨ੍ਹਾਂ ਕਰਕੇ ਪੱਛਮ ਜਾਂ ਵਿਸ਼ੇਸ਼ ਤੌਰ ਤੇ ਅਮਰੀਕਾ ਦੀ ਚਕਾਚੋਂਧ ਦੀ ਖਿੱਚ, ਛੇਤੀ ਅਮੀਰ ਹੋਣ, ਉਸ ਪੈਸੇ ਨਾਲ ਪੰਜਾਬ ਵਿਚ ਆਪਣੀ ਹਉਮੈ ਕਾਇਮ ਰੱਖਣ ਦੀ ਲਾਲਸਾ, ਰਿਸ਼ਤਿਆਂ ਦਾ ਪਥਰਾ ਜਾਣਾ ਵਰਗੀਆਂ ਅਲਾਮਤਾਂ ਦੀ ਤਲਾਸ਼ ਕਰਦਾ ਹੈ। ਉਹ ਔਰਤ ਦੀ ਸਮਾਜਕ ਸਥਿਤੀ, ਸਮਾਜਕ ਸਰੋਕਾਰਾਂ , ਤ੍ਰਾਸਦੀ ਨਾਲ ਵਿਸੇਸ਼ ਤੌਰ ਤੇ ਸੰਬੰਧਤ ਕਹਾਣੀਕਾਰ ਹੈ।

- ਸੁਤਿੰਦਰ ਸਿੰਘ ਨੂਰ

ਮੁੱਲ 125 ਰੁਪਏ ਆਰਸੀ ਪਬਲਿਸ਼ਰਜ਼

### ਬਾਕੀ ਦਾ ਦਰਦ (ਕਹਾਣੀਆਂ)

**ਦਵਿੰਦਰ ਮੰਡ**

ਦਵਿੰਦਰ ਮੰਡ ਨੇ ਪੰਜਾਬੀ ਸਾਹਿਤ ਵਿੱਚ ਬਹੁਤ ਛੇਤੀ ਆਪਣੀ ਪਛਾਣ ਬਣਾਈ ਹੈ, ਸਿਰਫ਼ ਆਪਣੀ ਲੇਖਣੀ ਦੇ ਸਿਰ 'ਤੇ ਮੰਡ ਕੋਲ ਬਾਰੀਕ ਬੁੱਧੀ ਅਤੇ ਢੇਰਾਂ ਦੇ ਢੇਰ ਵਿਸ਼ੇ ਹਨ। 'ਨਾਗਮਣੀ' 'ਚ ਨਿਰੰਤਰ ਛਪਣ ਵਾਲੇ ਇਸ ਲੇਖਕ ਕੋਲ ਸਹਿਜ ਅਤੇ ਬੇਲੋੜੇ ਵਿਸਥਾਰ ਤੋਂ ਬਚਣ ਦੀ ਕਲਾਤਮਿਕ ਜੁਗਤ ਵੀ ਹੈ। ਉਸ ਦੀ ਕਹਾਣੀ ਦੀ ਮੁੱਖ ਵਿਸ਼ੇਸ਼ਤਾ ਉਸਦਾ ਨਿੱਕੀ ਕਹਾਣੀ ਦੇ ਮਜਾਜ ਤੋਂ ਪਰਿਚਿਤ ਹੋਣਾ ਹੈ। ਰੂਪ ਰਚਨਾ ਪੱਖੋਂ ਉਸ ਦੀ ਕਹਾਣੀ ਬੜੀ ਨਾਟਕੀ, ਸੁਗਠਿਤ ਅਤੇ ਛੋਹਲੀ ਹੁੰਦੀ ਹੈ। ਉਸਦੀ ਕਹਾਣੀ ਕਲਾ ਦਾ ਇਕ ਚਮਤਕਾਰੀ, ਪ੍ਰਭਾਵਕਾਰੀ ਪੱਖ ਨੈਗੇਟਿਵ ਵਿਚੋਂ ਕੁਝ ਵੇਰਵਾ ਚੁੱਕ ਕੇ ਉਸ ਨੂੰ ਕੇਂਦਰੀ ਮੈਟਾਫ਼ਰ ਵਜੋਂ ਰੂਪਮਾਨ ਕਰ ਦੇਣਾ ਹੈ। ਉਸ ਨੇ ਬਿਨਾਂ ਕਿਸੇ ਰਸਮੀ ਸ਼ਿਸ਼ਟਾਚਾਰ ਦੇ ਭਾਵ-ਭੰਗਿਮ ਅਪਣਾਇਆਂ ਸੱਚੋ ਸੱਚ ਕਹਿਣ ਦੀ ਕੋਸ਼ਿਸ਼ ਕੀਤੀ ਹੈ।

-ਪ੍ਰਕਾਸ਼ਕ

ਮੁੱਲ 85 ਰੁਪਏ
ਕੁਕਨੁਸ ਪ੍ਰਕਾਸ਼ਨ

ਗਲਪ ਨੂੰ ਸਮਰਪਤ

# ਸੁਰ ਸਾਂਝ

ਸਾਲ-7 ਅੰਕ -6 ਜੂਨ, 2005

ਮੁੱਖ ਸੰਪਾਦਕ
ਭਗਵੰਤ ਰਸੂਲਪੁਰੀ
Mob.-94170 64350
e-mail :
sur_sanjh@yahoo.co.in

ਸਲਾਹਕਾਰ
ਸੁਰਜੀਤ ਸੁਮਨ (ਆਨ.)
98144-30874
ਕਾਨੂੰਨੀ ਸਲਾਹਕਾਰ (ਆਨ.)
ਕਰਮ ਸਿੰਘ ਵਕੀਲ
98143-44446
ਮੈਨੇਜਰ
ਸੁਖਵਿੰਦਰ ਕੁਮਾਰ ਆਹੀਰ

ਰਚਨਾਵਾ ਦੇ ਚੰਦੇ ਭੇਜਣ ਦਾ ਪਤਾ
Editor
SUR SANJH
Vill.-Dharampur,
P.O.- Khambra
Distt. Jalandhar-144026
PUNJAB
Ph. 0181-2791238

Creative Multimedia,
Near Octory No.11,
T. V. Tower, Nakodar Road,
Jalandhar

ਮੁੱਲ 15 ਰੁਪਏ,
ਸਾਲਾਨਾ ਚੰਦਾ 180 , ਡਾਲਰ-20, ਪੌਂਡ- 15

ਤਰਤੀਬ

*ਕਹਾਣੀਆਂ*

1. **ਚੋਣ**
ਸ਼ਸ਼ੀ ਪ੍ਰਭਾ ਸ਼ਾਸਤਰੀ 3
2. **ਸਤਰੰਜ ਦੇ ਖਿਡਾਰੀ**
ਮੈਤ੍ਰਈ ਪੁਸ਼ਪਾ 17
3. **ਫਾਰਮੂਲਾ**
ਨੀਲਾਕਸ਼ੀ ਸਿੰਘ 29
4. **ਮੱਛਰ, ਮੌਤ ਅਤੇ ਮਾਂ**
ਅਲਕਾ ਸਰਾਵਗੀ 42
5. **ਸੁਪਨਾ ਹੀ ਰਸਤਾ ਹੈ**
ਲਵਲੀਨ 49
6. **ਪਿਤਾ**
ਕੰਚਨ ਲਤਾ 55
7. ਮੁਲਾਕਾਤ ''ਹਿੰਦੀ ਕਹਾਣੀ ਇਸ ਸਮੇਂ ਇਕ ਖਾਸ ਤਰ੍ਹਾਂ ਦੇ ਨਿਬੰਧ ਨੁਮਾ ਸਫ਼ਰ 'ਚੋਂ ਲੰਘ ਰਹੀ ਹੈ''- ਰਜਿੰਦਰ ਯਾਦਵ 58

ਟਾਈਟਲ ਸਕੈਚ - ਅਮਿਤ ਬਰਧਨ,
ਅੰਦਰਲੇ ਸਕੈਚ-ਸੰਜੀਵ ਕਿਸ਼ੋਰ ਗੋਤਮ, ਮਾਧਵੀ ਪਾਰਖ, ਨਿਤਾਸ਼ਾ ਜੈਨੀ, ਕਵਿਤਾ ਨਾਯਰ, ਬਲਰਾਮ ਗੁਮਾਸਤਾ, ਹਰੀ ਪਾਲ ਤਿਆਗੀ ਵਲੋਂ ਧੰਨਵਾਦ ਸਹਿਤ।

*ਦਿਸਦੇ 'ਚੋਂ ਅਣਦਿਸਦੇ ਦਾ ਪਾਸਾਰ*
*ਡਾ. ਜਸਵਿੰਦਰ ਕੌਰ ਬਿੰਦਰਾ*
*(ਪੰਜਾਬੀ ਕਹਾਣੀ ਨੂੰ ਮਨੋਵਿਗਿਆਨਕ ਪਹੁੰਚ ਨਾਲ ਸਮਝਣ ਵਾਲੀ ਸੁਝਵਾਨ ਆਲੋਚਕ ਦਾ, ਗਲਪ ਨੂੰ ਸਮਰਪਤ 'ਸੁਰ ਸਾਂਝ' ਵਿਚ ਜੁਲਾਈ,05 ਤੋਂ ਸ਼ੁਰੂ ਹੋ ਰਿਹਾ ਕਹਾਣੀ ਬਾਰੇ ਕਾਲਮ*

*ਐਡੀਟਰ, ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਭਗਵੰਤ ਰਸੂਲਪੁਰੀ ਨੇ ਰਚਨਾ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ ਦਫ਼ਤਰ 'ਸੁਰ ਸਾਂਝ' ਪਿੰਡ ਧਰਮ ਪੁਰ, ਡਾਕ.-ਖਾਂਬਰਾ , ਜ਼ਿਲ੍ਹਾਂ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ ਭਗਵੰਤ ਰਸੂਲਪੁਰੀ*



ਸੰਪਾਦਕੀ

## ਹਿੰਦੀ ਕਹਾਣੀ ਦੇ ਕੁਝ ਮੋਤੀ

'ਸੁਰ ਸਾਂਝ' ਨੂੰ ਗਲਪ ਵੱਲ ਸਮਰਪਤ ਕਰਕੇ ਪੰਜਾਬੀ ਦੇ ਲੇਖਕਾਂ ਅਤੇ ਪਾਠਕਾਂ ਨੇ ਜੋ ਹੁੰਗਾਰਾ ਭਰਿਆ ਹੈ। ਉਸ ਨੂੰ ਮਹਿਸੂਸ ਕਰਕੇ ਮੈਂ ਇਸ ਨਿਰਣੇ 'ਤੇ ਪਹੁੰਚਿਆ ਹਾਂ ਕਿ ਇਹ ਫ਼ੈਸਲਾ ਠੀਕ ਹੀ ਲਿਆ ਹੈ। ਸਾਡਾ ਜਤਨ ਕਹਾਣੀ-ਨਾਵਲ ਦੇ ਵੱਧ ਤੋਂ ਵੱਧ ਪਾਠਕ ਪੈਦਾ ਕਰਨਾ ਹੈ। ਕਹਾਣੀ ਚਾਹੇ ਪੰਜਾਬੀ ਦੀ ਹੋਵੇ ਚਾਹੇ ਹੋਰ ਭਾਸ਼ਾ ਦੀ।

ਇਹ ਹਿੰਦੀ ਦੀਆਂ ਛੇ ਇਸਤਰੀ ਕਹਾਣੀਕਾਰਾਂ ਦੀਆਂ ਪ੍ਰਤੀਨਿਧ ਕਹਾਣੀਆਂ ਦਾ ਅੰਕ ਹੈ। ਇਨ੍ਹਾਂ ਕਹਾਣੀਆਂ ਰਾਹੀ ਅਸੀਂ ਹਿੰਦੀ ਦੀਆਂ ਔਰਤ ਕਹਾਣੀਕਾਰਾਂ ਕਿਵੇਂ ਅਜੋਕੇ ਸਮਾਜ ਨੂੰ ਸਮਾਜਿਕ, ਧਾਰਮਿਕ, ਆਰਥਿਕ ਸਿਸਟਮ ਵਿਚ ਰੱਖ ਕੇ ਵੱਖਰੇ ਵੱਖਰੇ ਐਂਗਲ ਤੋਂ ਦੇਖਦੀਆਂ ਹਨ। ਇਹ ਹੀ ਪੰਜਾਬੀ ਪਾਠਕਾਂ ਨੂੰ ਦੱਸਣ ਦਾ ਜਤਨ ਕੀਤਾ ਹੈ। ਉਨ੍ਹਾਂ ਦਾ ਆਪਣੇ ਸੱਚ ਦਾ ਦਰਪਨ ਹੈ ਇਹ ਕਹਾਣੀਆਂ। ਇਨ੍ਹਾਂ ਕਹਾਣੀਆਂ 'ਚ ਇਕ ਨਵਾਂ ਮੁਹਾਵਰਾ ਹੈ, ਨਵੀਂ ਅਪਰੋਚ ਹੈ, ਮਨੁੱਖ ਦੇ ਬਾਹਰੀ ਤੇ ਅੰਦਰਲੇ ਸੱਚ ਨੂੰ ਪੇਸ਼ ਕਰਨ ਦੀ ਬੜੀ ਬਰੀਕ ਦ੍ਰਿਸ਼ਟੀ ਹੈ। ਸਾਡੇ ਪੰਜਾਬੀ ਵਾਂਗ 'ਕੀਰਨੇਂ' ਨਹੀਂ। ਹਿੰਦੀ ਕਥਾਕਾਰਾਂ ਦੀ ਔਰਤ ਤੋਂ ਇਲਾਵਾਂ ਹੋਰ ਵੀ ਸਮੱਸਿਆਵਾਂ ਉਤੇ ਬਰੀਕ ਪਕੜ ਹੈ।

'ਸਤਰੰਜ ਦੇ ਖਿਡਾਰੀ' ਕਹਾਣੀ 'ਚ ਮੈਤ੍ਰਈ ਪੁਸ਼ਪਾ ਨੇ ਪਿੰਡਾਂ ਦੀਆਂ ਪੰਚਾਇਤੀ ਚੋਣਾਂ ਨੂੰ ਬੜੀ ਬਰੀਕੀ ਨਾਲ ਫੜਿਆ ਹੈ ਕਿ ਕਿੰਝ ਉੱਚੀ ਜਾਤ ਵਾਲੇ ਜਗੀਰਦਾਰ ਕਿਸਮ ਦੇ ਲੋਕ ਪਿੰਡਾਂ ਦੇ ਦਲਿਤਾਂ ਨੂੰ ਆਪਣੇ ਹਿੱਤਾਂ ਲਈ ਵਰਤਦੇ ਹਨ। ਉੱਚ ਜਾਤੀਏ ਲੋਕਾਂ ਦੀ ਆਕੜ-ਹੈਂਕੜ ਬੜੀ ਸ਼ਕਤੀਸ਼ਾਲੀ ਰੂਪ 'ਚ ਉਭਰ ਕੇ ਸਾਹਮਣੇ ਆਉਂਦੀ ਹੈ। 'ਫਾਰਮੂਲਾ' ਕਹਾਣੀ ਅਜੋਕੇ ਪੜ੍ਹੇ ਲਿਖੇ ਨੌਜਵਾਨ ਦੀ ਤ੍ਰਾਸਦੀ ਨੂੰ ਉਸ ਦੇ ਸਿਰ 'ਚ ਪੈਦਾ ਹੋਈਆ ਗੰਢਾਂ ਦੇ ਸੰਦਰਭ 'ਚ ਪੇਸ਼ ਕਰਦੀ ਹੈ। ਅਲਕਾ ਸਰਾਵਗੀ ਆਪਣੀ ਕਹਾਣੀ ਵਿਚ ਸੰਵੇਦਨਸ਼ੀਲ ਮਨੁੱਖੀ ਭਾਵਨਾਵਾਂ ਨੂੰ ਬੜੀ ਸਿੱਦਤ ਨਾਲ ਪੇਸ਼ ਕਰਦੀ ਹੈ। ਲਵਲੀਨ ਦੀ ਮਨੋਵਿਗਿਆਨਕ ਰਹਿਤਲ 'ਚ ਬੁਣੀ ਹੋਈ ਕਹਾਣੀ ਹੈ। ਜਿਹੜੀ ਇਕੱਲੀ ਬੌਧਿਕ ਤੌਰ ਤੇ ਚੇਤੰਨ ਕੁੜੀ ਦੀ ਅਤੇ ਉਸਦੇ ਕਿਸੇ ਹੋਰ ਨਾਲ ਵਿਆਹੇ ਗਏ ਪਹਿਲੇ ਸਾਥੀ ਦੀ ਮਾਨਸਿਕ ਭਾਵਨਾ ਦੀ ਖਿੱਚ ਨੂੰ ਚਿੰਤਨ ਦੇ ਪੱਧਰ ਤੇ ਪੇਸ਼ ਕਰਦੀ ਹੈ। ਸ਼ਸ਼ੀ ਪ੍ਰਭਾ ਸ਼ਸਤਰੀ ਦੀ ਕਹਾਣੀ 'ਚੋਣ' ਔਰਤ ਤੇ ਹੋ ਰਹੇ ਜ਼ੁਲਮ ਨੂੰ ਬਿਆਨ ਕਰਦੀ ਇਕ ਨਾਰੀਵਾਦੀ ਕਹਾਣੀ ਹੈ। ਆਖਰੀ ਕਹਾਣੀ ਕੰਚਨ ਲਤਾ ਦੀ ਭਾਵੇਂ ਇਕ ਪਰਤੀ ਹੈ ਪਰ ਉਸ ਨੇ ਪਿਤਾ ਪੁਰਖੀ ਸੱਤਾਂ 'ਤੇ ਤਿੱਖਾ ਵਿਅੰਗ ਕੀਤਾ ਹੈ ਜਿੱਥੇ ਔਰਤ ਚਾਹੇ ਉਹ ਪਤਨੀ ਹੋਵੇ ਜਾਂ ਬੇਟੀ ਇਕੋ ਜਿਨਾ ਦੁੱਖ ਭੋਗਦੀ ਹੈ। ਰਜਿੰਦਰ ਯਾਦਵ ਨੇ ਮੁਲਾਕਾਤ ਵਿਚ ਹਿੰਦੀ ਕਹਾਣੀ ਬਾਰੇ ਤਿੱਖੀਆਂ ਗੱਲਾਂ ਕੀਤੀਆ ਹਨ। ਭਾਵੇਂ ਕਿ ਹਿੰਦੀ 'ਚ ਇਸਤਰੀ ਕਹਾਣੀਕਾਰਾਂ ਦਾ ਵਿਸ਼ਾਲ ਘੇਰਾ ਹੈ, ਪਰ ਅਸੀਂ ਕੁਝ ਕੁ ਮੋਤੀ ਹੀ ਚੁਗ ਸਕੇ ਹਾਂ। ਇਨ੍ਹਾਂ ਕਹਾਣੀਆਂ ਰਾਹੀਂ ਅਸੀਂ ਹਿੰਦੀ ਦੀ ਨਾਰੀ ਕਹਾਣੀ ਨੂੰ ਸਮਝ ਸਕਦੇ ਹਾਂ। ਇਨ੍ਹਾਂ ਕਹਾਣੀਆਂ ਦਾ ਅਨੁਵਾਦ ਮੈਂ ਖੁਦ ਕੀਤਾ ਹੈ।

- ਭਗਵੰਤ ਰਸੂਲਪੁਰੀ

ਕਹਾਣੀ

# ਚੋਣ

**ਸ਼ਸ਼ੀ ਪ੍ਰਭਾ ਸ਼ਾਸਤਰੀ**



‘ਏ ਸੁਣ ਲੜਕੀ , ਕਿਥੋਂ ਆ ਰਹੀ ਏਂ?’ ਘੁੰਡ ਵਿੱਚ ਚਿਹਰਾ ਹੋਣ ਦੇ ਬਾਵਜੂਦ ਸਾਇਦ ਸਭ ਕੁਝ ਉਸ ਨੇ ਪੂਰੀ ਤਰ੍ਹਾਂ ਜਾਣ ਲਿਆ ਸੀ। ਉਸ ਸਮੇਂ ਉਹ ਉਸ ਦੇ ਪੁੱਛਣ ਦੀ ਗੱਲ ਨੂੰ ਵੀ ਨਹੀਂ ਸਮਝ ਸਕੀ ਸੀ, ਇਸ ਲਈ ਗੁੰਮ ਸੁੰਮ ਹੋਈ ਨੇ ਉਂਝ ਹੀ ਸਿਰ ਹਿਲਾ ਦਿੱਤਾ ਸੀ। ਜਾਣ ਬੁੱਝ ਕੇ ਨਹੀਂ -ਜ਼ੁਬਾਨ, ਸਿਰ, ਪੈਰ, ਹੱਥ... ਕਿਸੇ ਵਿਚ ਵੀ ਤਾਕਤ ਨਹੀਂ ਬਚੀ ਸੀ ਨਾਟਕ ਕਰਨ ਦੀ। ਕਾਸ਼ ਉਹ ਨਾਟਕ ਕਰਨਾ ਜਾਣਦੀ ਹੁੰਦੀ ! ਕਾਸ਼ ਉਸ ’ਚ ਸਾਰਾ ਕੁਝ ਜਾਣ ਲੈਣ ਦੀ ਸਮਝ ਹੁੰਦੀ ! ਸਵਾਲ ਫਿਰ ਹੋਇਆ ਸੀ-

‘ਬੋਲਦੀ ਕਿਓਂ ਨਹੀਂ ਏ, ਕਿੱਥੋਂ ਆ ਰਹੀ ਏ?’

‘ਦਿਧੇੜਾ ਤੋਂ।’ ਇਕ ਬਹੁਤ ਹੀ ਮੱਧਮ ਜਿਹੀ ਮਰੀ ਜਿਹੀ ਆਵਾਜ਼ ਆਈ।

‘ਕਿੱਥੇ ਜਾ ਰਹੀ ਏ?’

‘ਕਿਤੇ ਵੀ ਨਹੀਂ।’

‘ਤੇਰੇ ਨਾਲ ਕੋਈ ਹੈ?’



‘ਨਹੀਂ ਕੋਈ ਨਹੀਂ ਹੈ।’

‘ਬਸ ਐਨਾ ਹੀ।’ ਇਸ ਤੋਂ ਬਾਅਦ ਉਹ ਉਸ ਦੇ ਪਿੱਛੇ ਤੁਰ ਪਈ ਸੀ ਆਪਣੀ ਸਰੀਰ ਨੂੰ ਘੜੀਸਦੀ... ਇਕ ਜਾਬਰ ਉੱਚੇ ਲੰਮੇ ਤੇ ਭਾਰੇ ਸਰੀਰ ਵਾਲੇ ਸਿਪਾਹੀ ਦੇ ਪਿੱਛੇ। ਉਸਦਾ ਆਪਣਾ ਘਰਵਾਲਾ ਵੀ ਸਿਪਾਹੀ ਹੈ, ਪਰ ਐਨਾ ਖ਼ੂੰਖਾਰ ਤਾਂ ਨਹੀਂ ਹੈ। ਉਸਦੀ ਦਾ ਕੱਦ ਵੀ ਉੱਚਾ ਲੰਮਾ ਹੈ , ਪਰ ਉਸ ਦੀਆਂ ਅੱਖਾਂ ਤੇ ਚਿਹਰੇ ਉਤੇ ਐਨਾ ਡਰਾਉਣਾ ਪ੍ਰਭਾਵ ਤਾਂ ਨਹੀਂ ਹੈ। ਢਿੱਲੀ ਜਿਹੀ ਭੂਰੇ ਰੰਗ ਦੀ ਪੈਂਟ ਉਸ ਦੇ ਅੰਦਰ ਥੁਲ-ਥੁਲ ਕਰਦੀਆਂ ਮੋਟੀਆਂ ਲੱਤਾਂ, ਪਤਾ ਨਹੀਂ ਉਹ ਕਿੰਨੇ ਦਿਨ, ਮਹੀਨੇ, ਸਾਲਾਂ ਤੋਂ ਇਸ ਪਲੇਟਫਾਰਮ ਉਪਰ ਘੁਮ ਰਿਹਾ ਹੋਵੇਗਾ, ਇਸ ਤਰ੍ਹਾਂ ਹੀ ਔਰਤਾਂ ਤੋਂ ਤਫ਼ਤੀਸ਼ ਕਰਦਾ, ਉਸ ਨੂੰ ਚੜ੍ਹਾ ਕੇ ਉਪਰ ਲੈ ਕੇ ਜਾਂਦੇ ਹੋਏ ਉਹ ਉਸ ਦੇ ਪਿੱਛੇ ਪਿੱਛੇ ਪੌੜੀਆਂ ਚੜਨ ਲੱਗ ਪਈ ਸੀ, ਪੌੜੀਆਂ ਤੋਂ ਬਾਅਦ ਇਕ ਲੰਮਾ ਟਾਇਲਾ ਲੱਗਾ ਬਰਾਂਡਾ ਪਾਰ ਕਰਕੇ ਉਹ ਇਕ ਵੱਡੇ ਸਾਰੇ ਦਰਵਾਜੇ ਤੱਕ ਆ ਪਹੁੰਚੀ ਸੀ।

‘ਚੱਲ ਏਧਰ ਚੱਲ !’ ਉਸ ਨੇ ਉਸ ਨੂੰ ਇਕ ਪਾਸੇ ਧੱਕਾ ਮਾਰ ਕੇ ਕਿਹਾ ਸੀ ਅਤੇ ਇਕ ਛੋਟਾ ਜਿਹਾ ਬ੍ਰੀਫਕੇਸ਼ ਹੱਥ ਵਿੱਚ ਫੜੀ ਉਹ ਡਿੱਗਦੀ ਡਿੱਗਦੀ ਮਸਾਂ ਬਚੀ ਸੀ। ਸ਼ੀਸ਼ੇ ਵਾਲੇ ਦਰਵਾਜੇ ਨੂੰ ਪਾਰ ਕਰਕੇ ਸਾਹਮਣੇ ਵਾਲੇ ਦਰਵਾਜੇ ਵਿਚੋਂ ਲੰਘਦੀ ਹੋਈ ਉਹ ਅੰਦਰ ਚਲੀ ਗਈ ਸੀ।

‘ਆਓ... !’

‘ਜੀ ਸਾਹਿਬ !’

‘ਦੇਖੋ ਇਸ ਲੜਕੀ ਨੂੰ ਥਾਣੇਦਾਰ ਸਾਹਿਬ ਨੇ ਭੇਜਿਆ ਹੈ, ਇਸ ਨੂੰ ਆਪਣੀ ਨਿਗਰਾਨੀ ’ਚ ਲਓ, ਅਸੀਂ ਇਹਨੂੰ ਇਥੋਂ ਹੀ ਆ ਕੇ ਲੈ ਜਾਵਾਗੇ। ’

‘ਜੀ ਹਜ਼ੂਰ !’

‘ਬੈਠ ਜਾ, ਇਸ ਕੁਰਸੀ ’ਤੇ ਬੈਠ ਜਾ।’ ਅੰਤਮ ਆਦੇਸ ਦਿੰਦੇ ਹੋਏ ਉਸ ਵਿਚ ਰੋਹਬ ਵਾਲੀ ਮਰਦਾਨਗੀ ਆਵਾਜ਼ ਖਤਮ ਹੋ ਗਈ ਸੀ, ਹੁਣ ਦੂਸਰੀਆਂ ਨਰਮ ਲਹਿਜੇ ਵਾਲੀਆਂ ਆਵਾਜ਼ਾਂ ’ਉਭਰਨ ਲੱਗ ਪਈਆਂ ਸਨ।

‘ਕਿੱਥੋਂ ਆਈ ਏ ਤੂੰ ?’

ਉਹ ਘੁੰਡ ਵਿੱਚੋਂ ਹੀ ਟਾਇਲਾ ਵਾਲੇ ਫਰਸ਼ ਨੂੰ ਦੇਖ ਰਹੀ ਸੀ। ਇਸ ਤੋਂ ਪਹਿਲਾਂ ਉਸਨੇ ਇਸ ਤਰਾਂ ਦਾ ਫਰਸ਼ ਨਹੀਂ ਦੇਖਿਆ ਸੀ, ਨਾ ਹੀ ਐਨੀਆਂ ਵਧੀਆਂ ਮੇਜ ਕੁਰਸੀਆਂ ਹੀ ਉਸਨੂੰ ਦੇਖਣ ਨੂੰ ਮਿਲੀਆਂ ਸਨ।

‘ਏਹ ਤੂੰ ਬੋਲਦੀ ਕਿਓ ਨਹੀਂ ? ਦੱਸ ਤਾਂ ਸਹੀ !’ ਓਥੋਂ ਹੀ ਇੰਚਾਰਜ ਨੇ ਗੁੱਸੇ ਵਿਚ ਕਿਹਾ ਸੀ ਉਸ ਸਾਹਮਣੇ ਖੜੀ ਫ਼ੈਸਨੇਬਲ ਔਰਤ ਨੂੰ।

‘ਦਿਧੇੜਾ ਤੋਂ’ ।’

‘ਦਿਧੇੜਾ ! ਇਹ ਦਿਧੇੜਾ ਕੀ ਬਲਾ ਹੁੰਦੀ ਹੈ, ਕਿਥੇ ਹੈ ਇਹ ਥਾਂ ?’

ਇਸ ਵਾਰ ਉਸ ਨੇ ਕੋਈ ਜਵਾਬ ਨਹੀਂ ਦਿੱਤਾ ਸੀ।

‘ਏ ਸੁਣ ਜਰਾ, ਤੂੰ ਆਪਣੇ ਸੁਹਰੇ ਘਰ ਤੋਂ ਭੱਜ ਕੇ ਆਈ ਏਂ?’

‘ਜੀ ਹਾਂ।’ ਮੱਧਮ ਆਵਾਜ਼ ’ਚ ਡਰ ਭਰਿਆ ਹੋਇਆ ਸੀ।

‘ਕਿਓ ?’

‘...............।’

‘ਕੁੱਟਦਾ ਸੀ ਤੇਰਾ ਘਰ ਵਾਲਾ, ਸਹੁਰੇ ਘਰਵਾਲੇ ਤੰਗ ਕਰਦੇ ਸੀ ਤੈਨੂੰ ?’

‘ਹਾਂ।’

ਬਾਹਰ ਮੀਂਹ ਤੇਜ ਹੋ ਗਿਆ ਸੀ। ਵੇਟਿੰਗ ਰੂਮ ਦੇ ਪਿਛਵਾੜੇ ਕੋਈ ਟ੍ਰੇਨ ਸ਼ੋਰ ਕਰਦੀ ਹੋਈ ਅੱਗੇ ਨੂੰ ਜਾ ਰਹੀ ਸੀ।

‘ਪਰ ਤੈਨੂੰ ਘਰ ’ਚੋਂ ਬਾਹਰ ਨਹੀਂ ਭੱਜਣਾ ਚਾਹੀਦਾ ਸੀ?’

‘ਆਪਣੇ ਪੇਕੇ ਕਿਓ ਨਹੀਂ ਗਈ?’

‘ਪੇਕੇ?’ ਉਸ ਨੇ ਹੈਰਾਨੀ ਨਾਲ ਕਿਹਾ।

‘ਹਾਂ... ਹਾਂ ਤੇਰਾ ਪਹਿਲਾ ਘਰ।’

*ਸ਼ਸ਼ੀ ਪ੍ਰਭਾ ਸ਼ਾਸਤਰੀ ਹਿੰਦੀ ਦੀ ਪ੍ਰਸਿੱਧ ਲੇਖਕਾ ਹੈ। ਉਸ ਨੇ ਹੁਣ ਤੱਕ ਅੱਠ ਨਾਵਲ ਅਤੇ ਪੰਜ ਕਹਾਣੀ ਸੰਗ੍ਰਹਿ ਪਾਠਕਾਂ ਨੂੰ ਭੇਂਟ ਕੀਤੇ ਹਨ ਉਸ ਦੇ ਦੋ ਨਾਵਲਾ ਨੂੰ ਵੱਕਾਰੀ ਪੁਰਸਕਾਰ ਮਿਲੇ ਹਨ। ਉਸ ਨੇ ਬੱਚਿਆ ਲਈ ਵੀ ਕਈ ਕਿਤਾਬਾਂ ਲਿਖੀਆਂ ਹਨ। ਉਸ ਦੀਆਂ ਕਹਾਣੀਆਂ ਭਾਰਤੀ ਪੱਧਰ ਦੇ ਪਰਚਿਆ ਵਿਚ ਪ੍ਰਕਾਸ਼ਤ ਹੋਈਆਂ ਹਨ। ਅਤੇ ਉਸ ਦੀਆਂ ਕਹਾਣੀਆਂ ਅੰਗਰੇਜੀ ਅਤੇ ਹੋਰ ਭਾਸ਼ਾਵਾਂ ਵਿਚ ਅਨੁਵਾਦ ਹੋਈਆਂ ਅਤੇ ਦੂਰਦਰਸ਼ਨ ਤੇ ਪ੍ਰਸਾਰਤ ਵੀ ਹੋਈਆ। ਉਸ ਨੇ ਹਿੰਦੀ ਦੇ ਪੌਰਾਇਣਕ ਨਾਟਕਾਂ ਤੇ ਖੋਜ ਭਰਪੂਰ ਕਾਰਜ ਵੀ ਕੀਤਾ। ਉਸ ਨੇ ਔਰਤ ਦੇ ਦਰਦ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ।*

*ਸੰਪਰਕ ਸ਼ਸ਼ਿ ਪ੍ਰਭਾ ਸ਼ਾਸਤ੍ਰੀ, 3 / 6 ਭਗਵਾਨ ਨਗਰ, , ਦੇਹਰਾਦੂਨ*

'ਉਥੇ ਤਾਂ ਕੋਈ ਨਹੀਂ ਹੈ।'

'ਕੋਈ ਨਹੀਂ, ਤੇਰੀ ਮਾਂ, ਭਾਬੀ, ਭਰਾ, ਕੋਈ ਤਾਂ ਹੋਵੇਗਾ?'

'ਨਹੀਂ ਕੋਈ ਨਹੀਂ ਹੈ।'

'ਤਾਂ ਹੁਣ ਕਿੱਥੇ ਜਾਵੇਗੀਂ ?'

'ਪਤਾ ਨਹੀਂ ।'

'ਭੁੱਖੀ ਏਂ ? ਆਹ ਘੁੰਡ ਤਾਂ ਚੁੱਕ, ਇਥੇ ਤਾਂ ਸਭ ਔਰਤਾਂ ਹੀ ਔਰਤਾਂ ਹਨ।' ਉਸ ਨੇ ਘੁੰਡ ਨੂੰ ਥੋੜ੍ਹਾ ਜਿਹਾ ਸਰਕਾ ਦਿੱਤਾ। ਰੰਗੀਨ ਪ੍ਰਿੰਟਿਡ ਨਾਈਲਾਨ ਦੀ ਸਾੜ੍ਹੀ ਦੇ ਅੰਦਰ ਝਾਕਦਾ ਪਿਆਰਾ ਕੋਮਲ ਜਿਹਾ ਚਿਹਰਾ, ਬੇਹੱਦ ਸੁੰਦਰ ਨੈਣ-ਨਕਸ਼, ਅੱਖਾਂ ਹਲਕੀਆਂ ਭੂਰੀਆਂ ਹੀਰੇ ਵਾਲੀ ਚਮਕ ਵਾਲੀਆਂ ਕਤਲ ਕਰਨ ਵਾਲੀ ਨਜ਼ਰ, ਲਿਪਿਸਟਿਕ ਦੇ ਇਸ਼ਤਿਹਾਰ ਦੇ ਲਈ ਚੁਣੇ ਹੋਏ ਬੁੱਲ੍ਹ ਵਾਂਗ ਬੇਹੱਦ ਲਾਲ ਅਜੇ ਤੱਕ ਮੱਥੇ ਵੱਲ ਦਾ ਅਲੱਗਾ ਸਿਰਾ ਉਸ ਵੱਲ ਝਾਤੀਆਂ ਮਾਰ ਰਿਹਾ ਸੀ। ਅਤੇ ਉਸ ਨਾਲ ਸਮੁੱਚੀ ਮਾਂਗ ਦਾ ਅੰਦਾਜਾ ਲਗਾਇਆ ਜਾ ਰਿਹਾ ਸੀ, ਗੋਰੇ ਨੱਕ 'ਚ ਛੋਟੀ ਜਿਹੀ ਨੱਥ ਤੇ ਕੰਨਾਂ ਵਿਚ ਵਾਲ਼ੀਆਂ-

'ਪਾਗਲੇ, ਤੈਨੂੰ ਪਤਾ ਹੈ ਤੂੰ ਆਪਣੇ ਘਰ ਤੋਂ ਕਿਨੀ ਦੂਰ ਆ ਗਈ ਏ ? ਤੈਨੂੰ ਪਤਾ ਇਹ ਕਿਹੜਾ ਸ਼ਹਿਰ ਹੈ? ਇਲਾਹਾਬਾਦ।'

ਉਸ ਨੇ ਸਿਰ ਹਿਲਾ ਕੇ ਹੁੰਗਾਰਾ ਭਰਿਆ।

'ਤਾਂ ਘਰ ਤੋਂ ਨਿਕਲਣ ਲੱਗੀ ਨੂੰ ਡਰ ਨਹੀਂ ਲੱਗਾ ?'

ਉਸ ਦੇ ਗੋਰੇ ਚਿਹਰੇ ਤੇ ਪਿਲੱਤਣ ਛਾ ਗਈ, ਉਹ ਤਾਂ ਹੁਣ ਤੱਕ ਮਰੀ ਮਰੀ ਜਿਹੀ ਤੁਰੀ ਆ ਰਹੀ ਸੀ।

'ਭੁੱਖੀ ਹੋਵੇਗੀ ਬੇਚਾਰੀ।' ਔਰਤਾਂ ਵਿੱਚੋਂ ਕਿਸੇ ਇਕ ਨੂੰ ਅਚਾਨਿਕ ਧਿਆਨ ਆਇਆ।

'ਸੁਣ ਤੂੰ ਕੁਝ ਖਾ ਲੈ ਬੇਟੀ !' ਇਕ ਵੱਡੀ ਉਮਰ ਦੀ ਸਿਆਣੀ ਔਰਤ ਨੇ ਕਿਹਾ।

'ਹਾਂ ਖਾਂ ਲੈ।' ਪਹਿਲੀ ਸ਼੍ਰੇਣੀ ਦੇ ਵੇਟਿੰਗ ਰੂਮ 'ਚ ਚੰਗੇ ਘਰ ਦੀਆਂ ਸਿਆਣੀਆਂ ਔਰਤਾ ਹੀ ਹੁੰਦੀਆਂ ਹਨ, ਸਾਰਿਆ ਦਾ ਬੋਲਣ ਤੇ ਗੱਲ ਕਰਨ ਦਾ ਲਹਿਜਾ ਬਹੁਤ ਹੀ ਠੀਕ ਸੀ। ਵਿਚ ਵਿਚ ਕੰਮ ਕਰਨ ਵਾਲੀਆਂ ਨਿਗਰਾਨ ਔਰਤਾਂ ਦੀਆਂ ਟਿਪਣੀਆਂ ਹੀ ਖ਼ਰਵੀਆਂ ਹੁੰਦੀਆਂ ਸਨ।

ਰੋਟੀ ਦਾ ਪੁੱਛਣ ਵਾਲੀ ਇਕ ਵਧੇਰੇ ਉਮਰ ਦੀ ਔਰਤ ਜਲਦੀ ਨਾਲ ਆਪਣਾ ਟਿਫਿਨ ਕੈਰੀਅਰ ਖੋਲ੍ਹ ਕੇ ਪਲੇਟ 'ਚ ਪੂੜੀਆਂ ਤੇ ਸਬਜੀ ਰੱਖ ਕੇ ਲੈ ਆਈ।

'ਲੈ ਖਾ ਲੈ ਮਾਈ ਡਾਰਲਿੰਗ !' ਨਜ਼ਦੀਕ ਬੈਠੀ ਫਰਾਕ ਪਾਈ ਹੋਈ ਇਕ ਇਸਾਈ ਔਰਤ ਨੇ ਪੂੜੀਆਂ ਦੀ ਪਲੇਟ ਉਸ ਦੇ ਮੁਹਰੇ ਸਰਕਾਉਂਦੇ ਹੋਏ ਕਿਹਾ।

'ਥੱਲੇ ਬੈਠ ਜਾ ਏਧਰ।' ਦੂਜੀ ਔਰਤ ਨੇ ਆਪਣੀ ਥੱਲੇ ਦੀ ਥਾਂ ਸਾਫ ਕਰਦੇ ਹੋਏ ਥਾਂ ਬਣਾ ਦਿੱਤੀ। ਬਾਕੀ ਥਾਂ ਤੇ ਬੱਚੇ ਸੁੱਤੇ ਪਏ ਹੋਏ ਸਨ।

ਉਹ ਭੁੱਖਿਆ ਵਾਂਗ ਖਾਣ ਲੱਗੀ ਸੀ ਜਲਦੀ ਜਲਦੀ। ਆਲੇ-ਦੁਆਲੇ ਦੀਆਂ ਔਰਤਾਂ ਨੂੰ ਥੋੜ੍ਹਾ ਅਜੀਬ ਜਿਹਾ ਲੱਗਾ ਸੀ, ਘਰ ਪਰਿਵਾਰ, ਪਤੀ ਸੱਸ ਸਹੁਰੇ ਨੂੰ ਛੱਡ ਕੇ ਆਈ ਉਹ ਕੱਲ੍ਹ ਦੀ ਵਿਆਹੀ ਲੜਕੀ... ਜਿਸ ਦੇ ਮੋਹਰੇ ਭਵਿੱਖ ਕਾਲਾ ਸੀ, ਜਾਂ ਭਵਿੱਖ ਸੀ ਹੀ ਨਹੀਂ... ਐਨੀ ਜਲਦੀ ਕਿਵੇਂ ਖਾ ਸਕਦੀ ਸੀ,



ਖਾਣਾ ਖਾਣ ਦੇ ਲਈ ਉਸ ਨੇ ਇਕ ਵਾਰ ਵੀ ਇਨਕਾਰ ਨਹੀਂ ਸੀ ਕੀਤਾ। ... ਪੇਟ ਦੀ ਅੱਗ ਸਾਇਦ ਐਨੀ ਹੀ ਵੱਡੀ ਹੁੰਦੀ ਹੈ।

ਖਾ ਕੇ ਉਸ ਨੇ ਪਲੇਟ ਦੂਜੇ ਪਾਸੇ ਸਰਕਾ ਦਿੱਤੀ ਤੇ ਉਥੇ ਹੀ ਬੈਠੀ ਰਹੀ । ਔਰਤਾਂ ਜੋ ਆਪਸ ਵਿਚ ਘੁਸਰ-ਮੁਸਰ ਕਰ ਰਹੀਆਂ ਸਨ ਫਿਰ ਚਾਲੂ ਹੋ ਗਈਆਂ ਸਨ,

''ਤੈਨੂੰ ਘਰ ਤੋਂ ਇਸ ਤਰ੍ਹਾਂ ਭੱਜ ਕੇ ਨਹੀਂ ਆਉਣਾ ਚਾਹੀਦਾ ਸੀ।'

'ਕੀ ਕਹਿੰਦੇ ਸੀ ਉਹ ਸਹੁਰੇ ਲੋਕ।'

'ਤਰ੍ਹਾਂ ਤਰ੍ਹਾਂ ਦੇ ਦੋਸ਼ ਲਗਾਉਂਦੇ ਸੀ।'

'ਕਿਹੋ ਜਿਹੇ ਦੋਸ਼ ।'

'ਕਿ ਮੈਂ ਆਪਣੇ ਜੇਠ ਨਾ ਫਸੀ ਹੋਈ ਹਾਂ।'

'ਓ ਮਾਈ ਗਾਡ !, ਕੀ ਤੂੰ ਫਸੀ ਹੋਈ ਸੀ ?'

'ਨਹੀਂ।' ਉਸ ਨੇ ਸਿਰ ਹਿਲਾਇਆ, ਛੋਟਾ ਜਿਹਾ ਘੁੰਡ ਨਾਲ ਹੀ ਹਿੱਲਿਆ।

'ਤੂੰ ਆਪਣੇ ਘਰ ਵਾਲੇ ਨੂੰ ਨਹੀਂ ਕਿਹਾ, ਕਿ ਇਸ ਤਰ੍ਹਾਂ ਦੀ ਗੱਲ ਬਾਤ ਨਹੀਂ ਹੈ। '

''ਕਿਹਾ ਸੀ।'

'ਉਸ ਨੇ ਕੀ ਕਿਹਾ ?''

'ਕਿਹਾ ਤੂੰ ਘਰ ਤੋਂ ਨਿਕਲ ਜਾਹ ਅਤੇ ਭੁੱਲ ਕੇ ਵੀ ਇਸ ਘਰ ਦੇ ਅੰਦਰ ਪੈਰ ਨਹੀਂ ਪਾਉਣਾ, ਤੂੰ ਸਾਡਾ ਘਰ ਭ੍ਰਸ਼ਿਟ ਕਰ ਦਿੱਤਾ ਹੈ।

'ਹਾਂ ਇਹ ਤਾਂ ਹੈ ਜਿਹੜਾ ਤੈਨੂੰ ਰੋਟੀ ਦੇਵੇਗਾ, ਉਹ ਬੁਰਾ ਭਲਾ ਵੀ ਕਹੇਗਾ , ਹੱਥ ਵੀ ਚੁੱਕੇਗਾ।'

'ਜੂਤ-ਪਤਾਨ ਵੀ ਕਰ ਸਕਦਾ ਹੈ ਭਈ !' ਇਕ ਔਰਤ ਨੇ ਆਪਣਾ ਅਨੁਭਵ ਦੱਸਦੇ ਹੋਏ ਕਿਹਾ।

ਉਹ ਚੁੱਪ ਰਹੀ ਖ਼ਾਮੋਸ਼, ਇਕਦਮ ਸਾਹ ਰੋਕੀ ਹੋਈ ਬੈਠੀ ਰਹੀ।

ਬਾਹਰ ਦਰਵਾਜੇ ਉਪਰ ਠੱਕ ਠੱਕ ਹੋਈ।

ਨਿਗਰਾਨ ਔਰਤ ਨੇ ਦਰਵਾਜੇ ਦੀ ਚਿਟਕਣੀ ਚੜਾ ਦਿੱਤੀ ਸੀ, ਜਦੋਂ ਆਵਾਜ਼ ਸੁਣੀ ਤਾਂ ਉਹ ਅਤੇ ਦੂਜੀਆਂ ਔਰਤਾਂ ਸਿਰ ਤੋਂ ਲੈ ਕੇ ਪੈਰਾਂ ਤੱਕ ਕੰਬ ਗਈਆਂ।

'ਉਹੀ ਹੋਵੇਗਾ।'

'ਥਾਣੇਦਾਰ ਦਾ ਸਿਪਾਹੀ।' ਦੂਸਰੀ ਨੇ ਸਪਸਟ ਕਿਹਾ।

'ਖੋਲ ਦੇਵਾਂ?'

ਪਹਿਲਾਂ ਪੁੱਛ ਲੈ ਕੋਣ ਏਂ।'

ਸੁਣ ਨ੍ਹੀਂ ਕਹਿ ਦੇਵੀਂ ਕਿ ਲੜਕੀ ਸੌਂਅ ਗਈ ਹੈ।' ਦੂਸਰੀ ਚਲਾਕ ਜਿਹੀ ਦਿਸਣ ਵਾਲੀ ਨੇ ਸਲਾਹ ਦਿੱਤੀ ਸੀ।

ਇਕ ਔਰਤ ਡਰੀ ਡਰੀ ਜਿਹੀ ਦਰਵਾਜੇ ਦੇ ਕੋਲ ਗਈ। ਸ਼ੀਸ਼ੇ ਥਾਂਣੀ ਝਾਕਿਆ , ਪੁੱਛਿਆ 'ਕੌਣ ?'

'ਅਸੀਂ ਯਾਤਰੀ ਹਾਂ। ਦਰਵਾਜਾ ਖੋਲੋ। ਇਹ ਕੋਈ ਗੱਲ ਹੋਈ ਬਈ ਕਿ ਰਾਤ ਦੇ ਦਸ ਵਜੇ ਵੇਟਿੰਗ ਰੂਮ ਬੰਦ ਹੋ ਗਿਆ !'

'ਖੋਲ੍ਹਦੀ ਹਾਂ ਸਾਹਿਬ ! ਦਸ ਨਹੀਂ ਬਾਰਾ ਵੱਜ ਰਹੇ ਹਨ।'

'ਪਰ ਕੁਝ ਵੀ ਵੱਜਿਆ ਹੋਵੇ।'

ਕੁਰਸੀਆਂ 'ਤੇ ਬੈਠੀਆਂ ਇਸਤਰੀਆਂ ਖਿੜ ਖਿੜਾ ਕੇ ਹੱਸੀਆਂ, 'ਪੈਸੇਂਜਰ ਹੈ ਕੋਈ।' ਪੈਸੇਂਜਰ ਔਰਤ ਨੂੰ ਉਸ ਦੀਆਂ ਦੋ ਛੋਟੀਆਂ ਲੜਕੀਆਂ ਸਮੇਤ ਅੰਦਰ ਲਿਆਇਆ ਗਿਆ... ਐਨੀ ਦੇਰ ਨੂੰ ਉਸਦਾ ਪਤੀ ਅੰਗਰੇਜੀ ਵਿਚ ਕੁਝ ਨਿਰਦੇਸ਼ ਦਿੰਦਾ ਹੋਇਆ ਵਾਪਸ ਚਲਾ ਗਿਆ।

ਵੇਟਿੰਗ ਰੂਮ ਦੀ ਚਟਿਕਣੀ ਫਿਰ ਲਗਾ ਲਈ ਗਈ ਸੀ।

ਲੜਕੀ ਡਰੀ ਜਿਹੀ ਬੈਠੀ ਸੀ ਖ਼ਾਮੋਸ਼।

'ਸੁਣ ਬੱਚੀ, ਅਜੇ ਤੇਰੀ ਉਮਰ ਕੀ ਏ, ਤੈਨੂੰ ਆਪਣੀ ਥਾਂ ਹਰਗਿਜ ਨਹੀਂ ਛੱਡਣੀ ਚਾਹੀਦੀ, ਇੰਝ ਤਾਂ ਮਰਦ ਔਰਤਾਂ ਵਿਚ ਬੋਲ -ਕੁਬੋਲ ਹੁੰਦਾ ਹੀ ਰਹਿੰਦਾ ਹੈ। ਕੀ ਉਮਰ ਹੈ ਤੇਰੀ ?'

'ਉਨੀਂ-ਵੀਹ ਸਾਲ।' ਇਕ ਛੋਟਾ ਜਿਹਾ ਉਤਰ ਦੇਣਾ ਜਰੂਰੀ ਹੋ ਗਿਆ ਸੀ।

'ਤੇਰਾ ਆਦਮਾ ਕੀ ਕੰਮ ਕਰਦਾ ਹੈ ?'

'ਮਿਲਟਰੀ 'ਚ ਹੈ।'

'ਮਿਲਟਰੀ 'ਚ , ਕਿਹੜੇ ਯੂਨਿਟ ਵਿਚ ਹੈ, ਕਿਹੜੀ ਕਿਹੜੀ ਕੰਪਨੀ ਹੈ, ਕੀ ਨੰਬਰ ਹੈ ਉਸ ਦਾ?' ਮੈਕਸੀ ਪਾਈ ਹੋਈ ਇਕ ਦੂਸਰੀ ਔਰਤ ਨੇ ਉਪਰੋਥਲੀ ਕਈ ਪ੍ਰਸ਼ਾਨ ਕਰ ਦਿੱਤੇ। ਸਾਰੀਆਂ ਔਰਤਾਂ ਉਸ ਔਰਤ ਵੱਲ ਦੇਖਣ ਲੱਗ ਪਈਆਂ। ਜਿਵੇਂ ਐਨੀ ਦੇਰ ਬਾਅਦ ਇਕ ਠੀਕ ਇਨਸਾਨ ਮਿਲਿਆ ਹੋਵੇ। ਜਿਹੜਾ ਗੱਲ ਦੀ ਤਹਿ ਤੱਕ ਪਹੁੰਚ ਕੇ ਪੂਰੀ ਗੁੱਥੀ ਨੂੰ ਸੁਲਝਾ ਦੇਣ ਦੀ ਸਮਰੱਥਾ ਰੱਖਦਾ ਹੋਵੇ।

'ਕਹਿ ਦੇ ਬੇਟੀ !' ਲਾਗੇ ਬੈਠੀ ਇਕ ਔਰਤ ਨੇ ਕੋਹਣੀ ਨਾਲ ਉਸ ਨੂੰ ਸੁਚੇਤ ਕੀਤਾ।

'ਦੇਖ ਜੇਕਰ ਤੂੰ ਠੀਕ ਠੀਕ ਸਭ ਕੁਝ ਦੱਸ ਦੇਵੇਗੀ ਤਾਂ ਅਸੀਂ ਤੇਰੇ ਮਰਦ ਨੂੰ ਸਜਾ ਵੀ ਕਰਵਾ ਦੇਵਾਗੀਆਂ। ਸਾਡੇ ਸਾਹਿਬ ਮੇਜਰ ਹਨ। ਤੇਰਾ ਮਰਦ ਜਿੱਥੇ ਵੀ ਹੋਵੇਗਾ, ਉਹ ਪਤਾ ਲਗਾ ਲੈਣਗੇ ਉਸ ਨੂੰ ਮਜਬੂਰ ਕਰਨਗੇ, ਕਿ ਤੇਰਾ ਆਦਮੀ ਤੈਨੂੰ ਹਰਗਿਜ ਨਹੀਂ ਛੱਡ ਸਕਦਾ। ਉਸਦੀ ਨੌਕਰੀ ਵੀ ਖਤਮ ਹੋ ਸਕਦੀ ਹੈ। ਸਮਝੀ ! ਤੇ ਔਰਤ ਨੂੰ ਛੱਡ ਦੇਣਾ ਕਿ ਇਕ ਮਜਾਕ ਹੈ? ਦੱਸ ਤੂੰ ਆਪਣੇ ਮਰਦ ਬਾਰੇ ਤੇ ਦੱਸ ਉਸ ਦੀ ਪਛਾਣ।'

ਘੁੰਡ ਜਿਓਂ ਦਾ ਤਿਓਂ ਸਥਿਰ ਰਿਹਾ।

'ਦੇਖ ਬੱਚੀ ਤੂੰ ਅਜੇ ਤੱਕ ਬੇਸਮਝ ਏ। ਉਹ ਥਾਣੇਦਾਰ ਦਾ ਸਿਪਾਹੀ ਅਤੇ ਥਾਣੇਦਾਰ ਤੈਨੂੰ ਉਸ ਰਾਤ ਹੀ ਖਤਮ ਕਰ ਦੇਵੇਗਾ...।'

' ਏ ਉਥੇ ਕਿਤੇ ਇਕ ਮਰਦ ਹੋਵੇਗਾ ਤਾਂ ਜੋ , ... ਤੂੰ ਚੱਲਣ ਜੋਗੀ ਨਹੀਂ ਰਹੇਗੀ। ਤੇਰੀ ਇਹ ਨਜ਼ੁਰ ਚਾਲ...।' ਲਹਿੰਗਾ ਪਾਈ ਹੋਈ ਇਕ ਮਾਰਵਾੜਿਨ ਨੇ ਬੁਸ ਬੁਸ ਕਰਦੇ ਹੋਏ ਕਿਹਾ।

ਸਾਹਮਣੇ ਮਹਿੰਗੀ ਦਰੀ ਉਤੇ ਇਕ ਲੰਮੀ ਮੋਟੀ ਜਿਹੀ ਲੜਕੀ ਸਲਵਾਰ ਕਮੀਜ਼ ਪਾਈ ਬੇਖਬਰ ਸੌਂ ਰਹੀ ਸੀ। ਸਲਵਾਰ ਦੇ ਇਕਹਰੇ ਕੱਪੜੇ 'ਚ ਉਸਦੇ ਪੱਟ ਤੇ ਜਾਂਘਾ ਅਤੇ ਬਿਨਾ ਸਲੀਵ ਦੇ ਛੋਟੀ ਨਾਇਟੀ 'ਚ ਸਫਾਚਟ ਬਗਲਾ ਸਾਫ ਦਿਸ ਰਹੀਆਂ ਸਨ। ਜੇਕਰ ਇਹ ਭੱਜੀ ਹੋਈ ਲੜਕੀ ਦਾ ਕਿੱਸਾ ਸਾਹਮਣੇ ਨਾ ਹੁੰਦਾ ਤਾਂ ਸਾਰੀਆਂ ਔਰਤਾਂ ਦੇ ਲਈ ਇਹ ਇਕ ਚੰਗਾ ਸੁਗਲ ਹੁੰਦਾ। ਪਰ ਹੁਣ ਉਸ ਵੱਲ ਇਹ ਓਪਰੀ ਜਿਹੀ ਨਜ਼ਰ ਨਾਲ ਦੇਖ ਦੇ ਰਹਿ ਗਈਆਂ... ਇਸ ਉਡੀਕ ਘਰ ਵਿਚ ਇਸ ਤਰ੍ਹਾਂ ਬੇਫਿਕਰ ਹੋ ਕੇ ਘੁਰਾੜੇ ਮਾਰ ਮਾਰ ਕੇ ਸੌਂ ਜਾਣਾ। ਸਾਰੀਆਂ ਔਰਤਾਂ ਫਿਰ ਇਸ ਅਹਿਮ ਸਵਾਲ ਵਿਚ ਉਲਝ ਗਈਆਂ ਸਨ।

' ਮੈਂ ਕਹਿੰਦੀ ਹਾਂ, ਤੁਸੀਂ ਸਭ ਨੇ ਬਾਗਪਤ ਕਾਂਡ ਦੇ ਬਾਰੇ ਵਿੱਚ ਸੁਣਿਆ ਹੋਵੇਗਾ? ਇਸ ਦੂਸਰੀ ਔਰਤ ਨੇ ਅਧਿਆਪਕਾ ਵਾਲੀ ਟੋਨ ਨਾਲ ਇਕ ਸਵਾਲੀਆਂ ਜੁਮਲਾ ਰੱਖਿਆ।

'ਉਹ ਹੋ ਇਹ ਬਾਗਪਤ ਕਾਂਡ ਕੋਈ ਇਕ ਹੈ, ਪੂਰੇ ਪੂਰੇ ਅਖਬਾਰਾਂ 'ਚ ਤਾਂ ਅੱਜਕੱਲ ਇਹੀ ਖਬਰਾ ਰਹਿੰਦੀਆਂ ਹਨ। ਨਜ਼ਰ ਮਾਰੋ ਤਾਂ ਸਾਰੇ ਪਾਸੇ ਇਹੀ ਕੁਝ ਹੋ ਰਿਹਾ ਹੈ। ਕਿਸ ਤਰ੍ਹਾਂ ਜ਼ਾਲਮ ਹੁੰਦੇ ਜਾ ਰਹੇ ਹਨ ਇਹ ਬੰਦੇ। '

'ਮਰਜਾਣੇ ਉਹੀ , ਜੋ ਸਾਡੀ ਰੱਖਿਆ ਕਰਨ ਵਾਲੇ ਹਨ।'

'ਇਸ ਲੜਕੀ ਦੀ ਰੱਖਿਆ ਕਰਨੀ ਜਰੂਰੀ ਹੈ।'

'ਇਸ ਨੂੰ ਨੀਂਦ ਆਉਣ ਲੱਗੀ ਹੈ।'

'ਪਤਾ ਨ੍ਹੀਂ ਕਿੱਥੋਂ ਆ ਰਹੀ ਹੈ, ਤੇ ਕਿੱਥੇ ਜਾਵੇਗੀ ?'

'ਏਹ ਸੌਂ ਜਾ ਬੇਟੀ, ਇਸ ਰਾਤ ਤਾਂ ਅਸੀਂ ਤੇਰੀ ਰੱਖਿਆ ਕਰ ਲਵਾਗੀਆਂ, ਪਰ ਸਵੇਰੇ ਅਸੀਂ ਤੈਨੂੰ ਇਨ੍ਹਾਂ ਜਾਨਵਾਰਾਂ ਭੁੱਖੇ ਬਗਿਆੜਾ ਤੋਂ ਨਹੀਂ ਬਚਾ ਸਕਦੀਆਂ, ਆਪਣੀ ਕੋਠੜੀ ਵਿਚ ਲਿਜਾ ਕੇ ਤੇਰਾ ਉਹ ਸਰੀਰ ਨੋਚ ਨੋਚ ਖਾਣਗੇ। ਇਸ ਲਈ ਤੂੰ ਸਿੱਧੀ ਹੋ ਕੇ ਆਪਣੇ ਘਰ ਪਰਤ ਜਾ, ਅਸੀਂ ਸਾਰੀਆਂ ਜਣੀਆਂ ਰੁਪਏ ਇਕੱਠੇ ਕਰ ਕੇ ਤੈਨੂੰ ਕਿਰਾਏ ਲਈ ਦੇਵਾਗੀਆਂ। ਤੂੰ ਜਾ ਕੇ ਮਾਫੀ ਮੰਗ ਲਵੀ ਆਪਣੇ ਘਰਵਾਲੇ ਤੋਂ। ਜੇ ਤੈਨੂੰ ਕੁੱਟੇ ਤਾਂ ਸਹਿਣ ਕਰ ਲਵੀਂ, ਹਾਂ !'

'ਤੂੰ ਕਹਿ ਦੇਵੀਂ ਜੇ ਤੂੰ ਮੈਨੂੰ ਮਾਰਨਾ ਹੀ ਹੈ ਤਾਂ ਆਪਣੀ ਬੰਦੂਕ ਨਾਲ ਮਾਰ ਦੇ, ਪਰ ਮੈਂ ਘਰ ਤੋਂ ਬਾਹਰ ਪੈਰ ਨਹੀਂ ਕੱਢਣਾ, ਆਪਣੇ ਸਹੁਰਿਆ ਦੇ ਪੈਰਾ ਵਿਚ ਜਾ ਡਿੱਗ, ਸਮਝੀ !'



ਲੜਕੀ ਨੇ ਇਕ ਵੱਡੀ ਸਾਰੀ ਹਿਚਕੀ ਲਈ ਅਤੇ ਫੁੱਟ ਫੁੱਟ ਕਰ ਕੇ ਰੋਣ ਲੱਗ ਪਈ।

'ਨਾ ਰੋ ਮੇਰੀ ਬੱਚੀ, ਸੌਂ ਜਾ, ਸਵੇਰ ਤੱਕ ਸੋਚ ਲੈ ਅਤੇ ਫਿਰ ਆਪਣੇ ਘਰ ਪਰਤ ਜਾ।'

'ਪਰ ਇਸ ਨੂੰ ਛੱਡ ਕੇ ਕੌਣ ਜਾਵੇਗਾ? ਇਕੱਲੀ ਜਾਵੇਗੀ ਜਾਂ ਉਹ ਲੋਕ ਲੈ ਜਾਣਗੇ, ਉਹ ਤਾਂ ਰਾਸਤੇ ਵਿਚ ਹੀ ਇਹਨੂੰ ਚਰੂੰਡ ਲੈਣਗੇ।'

'ਹਾਂ, ਇਹ ਗੱਲ ਤਾਂ ਠੀਕ ਹੈ। ਨਾ ਇਸਤਰੀ ਪੁਲਿਸ ਵੀ ਤਾਂ ਹੁੰਦੀ ਹੈ?'

'ਹੁੰਦੀ ਤਾਂ ਹੈ ਪਰ ਉਹ ਕਿਹੜੀ ਦੁੱਧ ਧੋਤੀ ਹੁੰਦੀ ਹੈ, ਮੈਂ ਤਾਂ ਕਹਿੰਦੀ ਹਾਂ ਕਿ ਔਰਤ ਹੀ ਔਰਤ ਨੂੰ ਸਭ ਤੋਂ ਪਹਿਲਾਂ ਚਰੂੰਡਦੀ ਹੈ। ਹੋ ਸਕਦਾ ਹੈ ਉਹ ਹੀ ਇਸ ਨੂੰ ਕਿਸੇ ਟਿਕਾਣੇ ਤੇ ਪਹੁੰਚਾ ਦੇਵੇ। '

'ਸੁਣੋ ਮੇਮ ਸਾਹਿਬ , ਮੈਂ ਬੱਤੀ ਬੁਝਾ ਰਹੀ ਹਾਂ, ਲੱਗਦਾ ਹੈ ਥਾਣੇਦਾਰ ਦਾ ਆਦਮੀ ਆਇਆ ਹੈ, ਹੁਣ ਤੁਸੀਂ ਸੌਂਅ ਜਾਓ ਚੁਪ ਕਰਕੇ।' ਨਿਗਰਾਨ ਨੇ ਹੁਕਮ ਦਿੱਤਾ।

'ਹਾਂ ਹਾਂ ਤੂੰ ਕਹਿ ਦੇਵੀਂ, ਲੜਕੀ ਸੌਂਅ ਗਈ ਹੈ। ਸਵੇਰੇ ਦੇਖ ਲੈਣਾ।' ਇਸਤਰੀਆਂ ਸਹਿਜ ਹੋ ਗਈਆਂ।

ਉਦੋਂ ਹੀ ਦਰਵਾਜੇ ਉੱਤੇ ਠਕ ਠਕ ਹੋਈ... ਪਹਿਲਾ ਹੌਲੀ ਹੌਲੀ ਫਿਰ ਜੋਰ ਜੋਰ ਨਾਲ।

ਨਿਗਰਾਨ ਔਰਤ ਨੇ ਸ਼ੀਸ਼ੇ ਥਾਣੀ ਬਾਹਰ ਵੱਲ ਝਾਕਿਆ।

'ਮੁਖੀਆ ਜੀ !'

'ਜੀ ਸਾਹਿਬ !'

'ਉਸ ਲੜਕੀ ਨੂੰ ਥੱਲੇ ਪੁਲਿਸ ਸੁਪਰਡੈਂਟ ਸੱਦ ਰਹੇ ਹਨ। '

'ਹਜ਼ੂਰ ਸਵੇਰੇ ਲੈ ਜਾਇਓ ਸਾਹਬ, ਇਸ ਸਮੇਂ ਉਹ ਸੌਂਅ ਰਹੀ ਹੈ।'

'ਸੌਂਅ ਗਈ ਹੈ। ਹਰਾਮਜਾਦੀ ਬਾਹਰ ਭੱਜ ਆਈ ਹੈ, ਸਾਉਣ ਦੇ ਲਈ, ਸਾਨੂੰ ਪਰੇਸ਼ਾਨ ਕਰਨ ਦੇ ਲਈ।'

'ਠੀਕ ਹੈ।' ਵਰਦੀਧਾਰੀ ਕਾਂਸਟੇਬਲ ਪਰਤ ਗਿਆ ਸੀ ਅਤੇ ਹੋਲੀ ਹੋਲੀ ਕੁਝ ਪਰਛਾਵੇਂ ਵਰਾਂਡੇ ਵਿਚ ਟਹਿਲਣ ਲੱਗ ਪਏ ਸਨ। ਇਕ ਛੋਟਾ ਜਿਹਾ ਝੁੰਡ।

ਲੜਕੀ ਸੱਚਮੁੱਚ ਸੌਂਅ ਗਈ ਸੀ। ਛੱਤ ਉਤੇ ਪੱਖੇ ਤੇਜੀ ਨਾਲ ਘੂਰਰ ਘੂਰਰ ਕਰਦੇ ਘੁੰਮ ਰਹੇ ਸਨ, ਥੱਲੇ ਪੂਰੇ ਕਮਰੇ ਵਿਚ ਔਰਤਾਂ ਆਪਣੀਆਂ ਚਾਦਰਾਂ-ਦਰੀਆਂ ਲੈ ਕੇ ਉਸ 'ਤੇ ਲੰਮੀਆਂ ਪਈਆਂ ਸਨ। ਬੱਚੇ ਪਹਿਲਾ ਤੋਂ ਹੀ ਸੌਂਅ ਗਏ ਸਨ। ਔਰਤਾਂ ਜਿਨ੍ਹਾਂ ਕੋਲ ਪਹਿਲੇ ਦਰਜੇ ਦੇ ਟਿਕਟ ਸਨ ਉਨ੍ਹਾਂ ਕੋਲ ਥੱਲੇ ਥਾਂ ਨਾ ਹੋਣ ਕਰਨ ਮੇਜਾ ਉੱਤੇ ਹੀ ਸੌਂਅ ਗਈਆਂ ਸਨ। ਕੁਝ ਵੱਡੇ ਵੱਡੇ ਸੋਫਿਆ ਤੇ ਗੁਦਗੁਦੀਆਂ ਕੁਰਸੀਆਂ ਉਤੇ ਹੀ ਬੈਠ ਗਈਆ ਸਨ। ਸਾਰਿਆ ਦੇ ਮਨ ਵਿਚ ਡਰ ਸੀ, ਉਸ ਡਰ ਦੇ ਵਿਚਕਾਰ ਉਹ ਲੜਕੀ ਜੋ ਅੱਖ ਲੱਗਣ ਨਹੀਂ ਦੇ ਰਿਹਾ ਸੀ।

ਬਾਹਰ ਮੀਂਹ ਹੋਰ ਤੇਜ ਹੋ ਗਿਆ ਸੀ। ਸਮੁੱਚੇ ਪਲੇਟਫ਼ਾਰਮ ਤੇ ਗੂੰਜਦੀਆਂ ਹੋਈਆਂ ਗੱਡੀਆਂ, ਹੁਣ ਵੀ ਗੂੰਜ ਰਹੀਆਂ ਸੀ। ਕੰਨਾਂ 'ਚ ਗੂੰਜਦੀਆਂ ਸੀਟੀਆਂ ਅਤੇ ਚਾਹ-ਪੂੜੀਆਂ ਵੇਚਣ ਵਾਲਿਆ ਦੀਆਂ ਆਵਾਜ਼ਾਂ। ਬਾਹਰ ਏਧਰ ਓਧਰ ਫਿਰ ਰਹੇ ਲੋਕ ਅਜੇ ਵੀ ਉਸ ਔਰਤਾਂ ਦੇ ਬਾਰੇ ਵਿਚ ਏਧਰ ਉਧਰ ਕੰਨਸੋਆ ਲੈ ਰਹੇ ਸਨ ਜਿਵੇਂ ਇਸ ਨਾਲ ਹੀ ਉਹ ਆਪਣੇ ਆਪ ਨੂੰ ਤ੍ਰਿਪਤ ਕਰ ਲੈਣਗੇ।

ਤਿੰਨ ਚਾਰ ਦਿਨਾਂ ਤੋਂ ਪਿੰਡਾਂ ਵਿੱਚ ਬਿਜਲੀ ਨਹੀਂ ਆ ਰਹੀ ਸੀ। ਅੱਜ ਧਰਲ ਧਰਲ ਪੈਂਦੇ ਮੀਂਹ ਵਿੱਚ ਕਿਸੇ ਨੇ ਆ ਕੇ ਕਿਹਾ ਸੀ, ਅੱਜ ਬਿਜਲੀ ਆ ਗਈ ਹੈ, ਚੱਕੀ ਚੱਲ ਪਈ ਹੈ, ਕਣਕ ਜੇ ਪਿਸਾਣੀ ਹੈ ਜਲਦੀ ਆ ਜਾਓ, ਨੰਬਰ ਆ ਜਾਵੇਗਾ, ਰਾਤ ਨੂੰ ਦੋ ਢਾਈ ਵਜੇ ਤੱਕ ਕੰਮ ਖਤਮ ਹੋ ਜਾਵੇਗਾ।'

'ਏਹ ਬਹੂ ਤੂੰ ਦਾਣਿਆ ਦਾ ਡਰੰਮ ਚੁੱਕ ਕੇ ਹੁਣੇ ਰੱਖ ਆ, ਅਸੀਂ ਉਠ ਕੇ ਚਲੇ ਜਾਵਾਗੀਆਂ, ਤੇਰੀਆਂ ਜੇਠਾਣੀਆ ਤੇ ਅਸੀਂ।'

'ਇਹ ਮੈਥੋਂ ਨਹੀਂ ਹੋਵੇਗਾ ਅੰਮਾ, ਤੂੰ ਕਰਮ ਨੂੰ ਕਹਿ ਦੇਵੀਂ, ਉਹੀ ਰੱਖ ਆਵੇਗਾ ਦੋਵੇ ਡਰੰਮ, ਸਾਡੇ ਵੱਸ ਦੀ ਗੱਲ ਨਹੀਂ ਹੈ।' ਕਾਹਲੀ ਕਾਹਲੀ ਧਰਮਪਾਲ ਸਿੰਘ ਕਹਿ ਗਿਆ ਸੀ।

ਪਲੰਗ ਉਤੇ ਲੰਮੀ ਪਈ ਉਹ ਸੁਣ ਰਹੀ ਸੀ, ਉਸਦੀਆਂ ਅੱਖਾਂ ਵਿਚ ਤਸਵੀਰ ਪੂਰੀ ਬਣ ਰਹੀ ਸੀ...

ਖੁੱਲ੍ਹੇ ਹੱਡਾ ਵਾਲਾ ਲੰਮਾ ਜਿਹਾ ਉਹ ਜਵਾਨ, ਅੱਖਾਂ ਪਿਘਲੇ ਲੋਹੇ ਵਾਂਗ ਦਗਦੀਆਂ, ਗਲ ਵਿਚ ਜਿਵੇਂ ਹੱਡੀਆਂ ਦੇ ਮਣਕੇ ਦੀ ਮਾਲਾ ਬਣਾ ਕੇ ਪਾਏ ਹੋਵੇ, ਧਾਰੀਦਾਰ ਗੂੜੇ ਰੰਗ ਦੀ ਕਮੀਜ, ਪਜ਼ਾਮਾ ਰੰਗ ਲੱਗਾ ਚਿੱਟਾ ਪਜ਼ਾਮਾ ਸ਼ੇਰ ਵਾਰਗੇ ਦੰਦ, ਬੀੜੀਆਂ ਨਾਲ ਕਾਲੇ ਹੋਏ। ਇਕ ਜ਼ਾਲਿਮ ਕਸਾਈ ਲੱਗ ਰਿਹਾ ਸੀ। ਪਹਿਲੀ ਰਾਤ ਉਸ ਨੂੰ ਉਸ ਦੇ ਭਰਾ ਨੇ ਮਧੋਲਿਆ-ਨੋਚਿਆ ਸੀ, ਅਤੇ ਉਸ ਦਿਨ ਭਾਵ ਕਿ ਦੂਜੇ ਦਿਨ ਉਹ ਸਵੇਰੇ ਖੁਦ ਰਸੋਈ ਵਿਚ ਆ ਤਾਂ ਗਿਆ ਸੀ,

'ਭੈਣਜੀ ਤੂੰ ਜਾਣਦੀ ਏ ਮੈਂ ਕੌਣ ਹਾਂ।'

'ਉਹ ਹੱਸੀ ਸੀ, ਦੰਦਾਂ ਦੀ ਪਰਤ ਚਮਕੀ ਸੀ।

'ਭਾਬੀ ਜੀ ਰੋਟੀ ਦੇਵੇਗੀ?'

'ਮਾਂ ਜੀ ਨੂੰ ਕਹੋ।'

'ਮਾਂ ਜੀ ਦਾ ਹੁਣ ਇਸ ਰਸੋਈ ਘਰ ਵਿਚ ਕੋਈ ਕੰਮ ਨਹੀਂ ਹੈ।' ਉਹ ਚੁੱਲ੍ਹੇ ਦੇ ਕੋਲ ਬੈਠ ਗਿਆ ਸੀ ਤੇ ਲੰਮੀਆਂ ਲੱਕੜੀਆਂ ਨੂੰ ਹੱਥ ਨਾਲ ਇਧਰ ਉਧਰ ਕਰਨ ਲੱਗ ਪਿਆ ਸੀ।

ਭਾਬੀ ਜੀ ਮੇਰੇ ਤੇ ਰਹਿਮ ਕਰੋ, ਮਾਂ ਜੀ ਮੇਰੇ ਉਤੇ ਗੁੱਸੇ ਹਨ, ਮੈਂ ਤਾਂ ਦਾਲ-ਚਾਵਲ ਬੈਠ ਕੇ ਪਕਾ ਰਹੀ ਸੀ।'

'ਦਾਲ ਚਾਵਲ ਆਪੇ ਬਣ ਜਾਣਗੇ, ਤੂੰ ਖੜੀ ਹੋ ਜਰਾ ਕੁ, ਖੜੀ ਹੋ ਕੇ ਤੂੰ ਵਧੇਰੇ ਚੰਗੀ ਲਗਦੀ ਏ ਭਾਬੀ।' ਧਰਮਪਾਲ ਸਿੰਘ ਨੇ ਉਸ ਨੂੰ ਜਬਰਦਸਤੀ ਖੜੀ ਕਰ ਦਿੱਤਾ ਸੀ।

'ਭਾਬੀ ਜੀ ਤੂੰ ਸਾਇਰਾਬਾਨੋ ਨੂੰ ਦੇਖਿਆ ਹੈ?'

'ਕਸਮ ਨਾਲ ਮੈਂ ਕਿਸੇ ਨੂੰ ਨਹੀਂ ਜਾਣਦੀ ਬਾਊ ਜੀ, ਤੈਨੂੰ ਮੇਰੀ ਸੌਂਹ ਮੇਰੇ ਨਾਲ ਛੇੜਖਾਨੀ ਨਾ ਕਰ ।' ਉਦੋਂ ਹੀ ਸੱਸ ਰਸੋਈ ਘਰ ਵਿਚ ਦਾਖਲ ਹੋਈ ਸੀ ਅਤੇ ਧਰਮਪਾਲ ਸਿੰਘ ਉਥੋਂ ਕੰਨ ਵਲੇਟ ਕੇ ਖਿਸਕ ਗਿਆ ਸੀ।

'ਕਿਓ ਏ ਲੜਕੀ ਧਰਮ ਸਿੰਘ ਤੇਰੇ ਕੋਲੋਂ ਕੀ ਮੰਗ ਰਿਹਾ ਸੀ?'

'ਮਾਂ ਜੀ ਰੋਟੀ ਖਾਣ ਨੂੰ ਮੰਗ ਰਿਹਾ ਸੀ।'

'ਤੇ ਦਿੱਤੀ ਕਿਓਂ ਨਹੀਂ ?'

'ਮੈਨੂੰ ਨਹੀਂ ਪਤਾ ਤੁਸੀਂ ਦੇ ਦਿਓ।' ਉਸ ਨੇ ਨਰਮ ਹੋ ਕੇ ਹੋਲੀ ਜਿਹੀ ਕਿਹਾ।

'ਕਿਓ ਇਹ ਕੰਮ ਤੂੰ ਨਹੀਂ ਕਰ ਸਕਦੀ ? ਉਹ ਤਾਂ ਤੇਰੇ ਕੋਲੋਂ ਲਾਡ ਨਾਲ ਰੋਟੀ ਮੰਗ ਰਿਹਾ ਸੀ।

'ਜੀ ਮਾਂਜੀ।'

'ਜੀ ਮਾਂਜੀ ਕੀ ਹੋਇਆ, ਜਾਹ ਦੇ ਜਾ ਕੇ। ਕੋਠੜੀ 'ਚ ਤਿਓਹਾਰ ਤੇ ਖਾਣ ਵਾਲੇ ਪਕਵਾਨ ਪਏ ਹਨ।

'ਜੀ ਮਾਂ ਜੀ ...। ਏ ਕਿੱਥੇ ਪਏ ਹਨ ਪਕਵਾਨ?'

'ਔਹ ਕੋਠੜੀ ਵਿਚ ਹਨ, ਕੀ ਤੂੰ ਨਹੀਂ ਜਾਣਦੀ, ਜਾਹ ਦੇ ਆ।'

ਉਹ ਚੁੱਪ ਚਾਪ ਉਠ ਕੇ ਕੋਠੜੀ ਵਿੱਚ ਪਹੁੰਚ ਗਈ ਸੀ, ਕੋਠੜੀ ਵਿਚ ਕੁਝ ਹਨੇਰਾ ਸੀ। ਫਿਰ ਵੀ ਹਿੰਮਤ ਕਰਕੇ ਅੰਦਰ ਵੜ ਗਈ। ਉਦੋਂ ਹੀ ਕਿਸੇ ਨੇ ਉਸ ਨੂੰ ਪਿੱਛਿਓ ਫੜ ਲਿਆ।

'ਹਾਏ ਮਾਂ ਮਰ ਗਈ !' ਤੇ ਉਹ ਬਾਂਹ ਛੁਡਾ ਕੇ ਭੱਜੀ ਸੀ। ਬਹੁਤ ਦੇਰ ਤੱਕ ਉਹ ਖੜੀ ਹਫ਼ਦੀ ਰਹੀ ਸੀ। ਅਤੇ ਉਹ ਭੱਜ ਗਿਆ ਸੀ। ਉਸ ਦਾ ਦਿਲ ਕਾਫੀ ਦੇਰ ਤੱਕ ਧੜਕਦਾ ਰਿਹਾ ਸੀ। ਧੱਕ... ਧੱਕ...।

'ਹਾਏ ਮਾਂ ! ... ਪਤਾ ਨ੍ਹੀਂ ਮੇਰੇ ਨਾਲ ਕੀ ਬੀਤਣੀ ਹੈ ?'' ਉਹ ਦਿਨ ਸਹਿਜ ਚਾਲੇ ਚੁੱਪ ਚਾਪ ਲੰਘ ਗਿਆ ਸੀ। ਉਹ ਕਿਸੇ ਨੂੰ ਕੁਝ ਵੀ ਦੱਸਣ ਦੀ ਹਿੰਮਤ ਨਾ ਕਰ ਸਕੀ।

... ਉਸ ਰਾਤ ਕੰਗਨ ਅਤੇ ਚੂੜੀਆਂ ਨਾਲ ਛਣਕਦੀ ਬਾਂਹ ਫੜ ਕੇ ਉਸ ਨੇ ਆਪਣੀ ਚਟਾਨ ਵਰਗੀ ਛਾਤੀ ਉਤੇ ਫੇਰੀ ਤਾਂ ਇਕ ਵਾਰ ਮਨ ਕੀਤਾ ਕਿ ਸਾਰਾ ਕੁਝ ਦੱਸ ਦੇਵੇ... ਬਾਬੂ ਜੀ ਦੀਆਂ ਸਾਰੀਆਂ ਕਰਤੂਤਾਂ, ਫਿਰ ਉਹ ਘਬਰਾਹਟ ਵਿਚ ਆ ਗਈ। ਉਸ ਨੂੰ ਲੱਗਾ ਜਿਵੇਂ ਕੁਝ ਵੀ ਕਹਿ ਨਹੀ ਸਕੇਗੀ। ਕੀ ਕਹੇਗਾ ਇਹ ਕੋਲ ਲੰਮਾ ਪਿਆ ਆਦਮੀ। ਕਿ ਆਉਂਦੀ ਹੀ ਉਹ ਉਸ ਦੇ ਭਰਾ ਤੇ ਦੂਸ਼ਣ ਲਗਾਉਣ ਲੱਗ ਪਈ। ਡਰ ਦੇ ਮਾਰੇ ਉਹ ਖ਼ਾਮੋਸ਼ ਹੋ ਗਈ।

'ਇਹ ਤੂੰ ਐਨੀ ਪਤਲੀ ਲੱਗਦੀ ਏ, ਪਰ ਤੇਰੇ ਪੱਟ ਤਾਂ ਮੇਰੇ ਪੱਟਾ ਤੋਂ ਵੀ ਮਜਬੂਤ ਹਨ। ਰਸਭਰੀਆਂ



ਦੇਖੀਆਂ ਹਨ ਤੂੰ?'

'ਨਹੀਂ !' ਹਨੇਰੇ ਵਿਚ ਉਸ ਨੇ ਸਿਰ ਹਿਲਾਇਆ ਸੀ, ਕੰਨਾ ਵਿਚ ਪਾਏ ਕਾਂਟਿਆ ਨੇ ਆਵਾਜ਼ ਕੀਤੀ।

'ਅਤੇ ਚੈਰੀ ?'

'ਉਹ ਵੀ ਨਹੀਂ ਦੇਖੀ।'

'ਏਹ ਤੂੰ ਤਾਂ ਬੜੀ ਭੋਲੀ ਏ, ਆਪਣੇ ਨਾਲ ਲੈ ਜਾਵਾਂਗਾ, ਤਾਂ ਸਾਰਾ ਕੁਝ ਖਿਵਾਉਂਗਾ, ਸਾਰਾ ਕੁਝ।'

ਅੰਦਰ ਹੀ ਅੰਦਰ ਕੋਈ ਮਿੱਠੇ ਸ਼ੈਹਦ ਦੀ ਧਾਰਾ ਵਹਿ ਗਈ ਸੀ। ਬਾਬੂ ਜੀ ਦਾ ਸਵੇਰ ਵਾਲਾ ਗੁੱਸਾ ਮਨ ਵਿਚੋਂ ਲੱਥ ਗਿਆ ਸੀ।

'ਤੂੰ ਮੇਰੇ ਬਿਨਾ ਰਹਿ ਲਵੇਂਗੀ?'

ਇਕ ਚੀਸ਼ ਜਿਹੀ ਫੁੱਟੀ ਸੀ ਹਲਕੀ ਜਿਹੀ।

'ਉਹ ਹੋ ਜਲਦੀ ਪਰਤ ਆਉਂਗਾ, ਆਪਣੇ ਸੂਬੇਦਾਰ ਸਾਹਿਬ ਨੂੰ ਅਰਜ ਕਰਾਗਾ। ਕਿ...।' ਅਤੇ ਉਸ ਪਹਾੜ ਵਰਗੇ ਬੰਦੇ ਨੇ ਉਸਦੇ ਬੁੱਲ੍ਹਾ ਨੂੰ ਸੌਂਅ ਦਿੱਤਾ ਸੀ ਕੁਝ ਦੇਰ ਦੇ ਲਈ।

'ਸੁਣੋ ਇਕ ਬੇਨਤੀ ਹੈ ਮੇਰੀ?'

'ਬੋਲ ਸੁਰੀਲੀ।' ਉਸ ਦੇ ਹੱਥਾਂ ਨੇ ਉਸ ਨੂੰ ਚੰਗੀ ਤਰ੍ਹਾਂ ਮਸਲ ਦਿੱਤਾ ਸੀ।

'ਮੈਂ ਪੜ੍ਹਨਾ ਚਾਹੁੰਦੀ ਹਾਂ।''

''ਪੜ੍ਹਾਗੀ ਕਿਵੇਂ?'

'ਕੀ ਕਰਾ ਤੇਰੇ ਤੋਂ ਬਾਅਦ ਮੇਰਾ ਦਿਲ ਨਹੀਂ ਲੱਗੇਗਾ, ਇਸ ਕਰਕੇ।'

'ਉਹ ਹੋ ਘਰ ਦਾ ਐਨਾ ਕੰਮ ਧੰਦਾ ਹੈ, ਦੋਵੇਂ ਵੱਡੀਆਂ ਭਰਜਾਈਆਂ ਕੰਮ ਕਰਦੀਆਂ ਕਰਦੀਆਂ ਥੱਕ ਜਾਂਦੀਆਂ ਹਨ। '

'ਮੈਂ ਉਹ ਸਾਰਾ ਕੰਮ ਵੀ ਕਰ ਲਵਾਂਗੀ। ਪਰ ਮੈਨੂੰ ਦਸਵੀਂ ਵਿਚ ਦਾਖਲ ਕਰਵਾ ਦਿਓ। ਨੌਵੀਂ ਕਰਕੇ ਤਾਂ ਮੈਂ ਆਈ ਹਾਂ। ਰਮੇਸ਼ ਮਹਾਰਾਜ ਦੀ ਦੁਲਹਨ ਵੀ ਜਾਂਦੀ ਹੈ। ਅੱਜ ਬੀਜੀ ਦੱਸਦੇ ਸੀ, ਸਕੂਲ ਵੀ ਨੇੜੇ ਹੈ। ਮੇਰੇ ਵਲੋਂ ਆਪ ਨੂੰ ਕੋਈ ਸਿਕਾਇਤ ਨਹੀਂ ਮਿਲੇਗੀ। '

'ਅੱਛਾ ਬਾਪੂ ਨੂੰ ਕਹਿ ਦੇਵਾਗਾ। '

ਤਿੰਨ ਵਜੇ ਤੋਂ ਪਹਿਲਾ ਹੀ ਕੁੰਡਾ ਖੁੱਲ੍ਹਿਆ ਸੀ ਤੇ ਕੋਈ ਬਾਹਰ ਨਿਕਲਿਆ ਸੀ। ਪੈਰਾਂ ਦੀ ਪੈੜ ਚਾਲ ਤੋਂ ਹੀ ਉਹ ਪਹਿਚਾਣ ਗਈ ਸੀ। ਕਿ ਸੱਸ ਆਟੇ ਦੇ ਲਈ ਚੱਕੀ ਉੱਤੇ ਚਲੇ ਗਈ ਹੈ।

ਹੁਣ ਉਹ ਵੀ ਜਾ ਸਕਦੀ ਹੈ। ਸ਼ਰਾਬ ਦੀਆਂ ਬੋਤਲਾਂ ਅਜੇ ਵੀ ਇਧਰ ਉਧਰ ਖਿਲਰੀਆਂ ਪਈਆਂ ਹਨ। ਕੁਝ ਟੁੱਟੀਆਂ ਕੁਝ ਸਾਬਤ। ਐਲਮੀਨੀਅਮ ਦੀਆਂ ਪਲੇਟਾਂ ਵਿਚ ਰੱਖਿਆ ਨਮਕੀਨ ਜਿਓਂ ਦਾ ਤਿਓਂ ਪਿਆ ਹੈ। ਉਨ੍ਹਾਂ ਸਭ ਦੇ ਵਿਚ ਉਸ ਦੀਆਂ ਚੂੜੀਆਂ ਦੇ ਲਾਲ ਹਰੇ ਟੁਕੜੇ ਅਤੇ ਅੱਧਜਲੇ ਬੀੜੀਆਂ ਦੇ ਟੁਕੜੇ। ਉਥੇ ਹੀ ਘਰਾੜੇ ਮਾਰਦਾ ਉਸ ਦਾ ਆਪਣਾ ਘਰ ਵਾਲਾ ਇਕ ਵੱਡੇ ਸੂਅਰ ਵਾਂਗ ਦਿਸ ਰਿਹਾ ਸੀ। ਘੁਰਾੜਿਆ ਦੀ ਆਵਾਜ਼ ਤੋਂ ਲੱਗ ਰਿਹਾ ਸੀ ਕਿ ਉਹ ਪੂਰੀ ਤਰ੍ਹਾਂ ਬੇਹੋਸ ਸੀ। ਫਿਰ ਵੀ ਉਹਨੇ ਹੌਲੀ ਜਿਹੇ ਉਹਦੇ ਕੰਨ ਤੇ ਮਾਰਿਆ। ਘੁਰਾੜਿਆ ਨੂੰ ਮਹਿਸੂਸ ਕੀਤਾ ਤੇ ਉਹ ਫਿਰ ਉੱਠ ਖੜੀ ਹੋ ਗਈ। ਅਜੇ ਅੱਠ ਮਹੀਨੇ ਪਹਿਲਾ ਹੀ ਇਸ ਵੱਡੇ ਸਾਰੇ ਸਰੀਰ ਨੇ ਪਤਾ ਨਹੀਂ ਕਿਹੜੀਆਂ ਕਿਹੜੀਆਂ ਗੱਲਾਂ ਕਹੀਆਂ ਸਨ। ਹੁਣ ਉਸ ਦੇ ਸਰੀਰ ਵਿਚ ਕੋਈ ਰਾਗ ਨਹੀਂ ਸੀ ਨਿਕਲਦਾ। ਹਨੇਰੇ ਵਿੱਚ ਦੇਖਿਆ, ਦੰਦ ਕਚੀਚੇ। ਅਤੇ ਫਿਰ ਉਹ ਮੁੜ ਗਈ ਸੀ।

...ਪਿਛਲੀਆਂ ਦੋ ਰਾਤਾਂ ਤੋਂ ਉਹ ਇਸ ਤਰ੍ਹਾਂ ਹੀ ਪਰੇਸ਼ਾਨ ਹੋ ਰਹੀ ਸੀ। ਵੀਹ-ਪੱਚੀ ਆਦਮੀਆਂ ਦੇ ਪੂਰੇ ਪਰਿਵਾਰ ਨੂੰ ਸੰਭਾਲਣ ਤੋਂ ਬਾਅਦ ਉਹ ਉਂਜ ਹੀ ਉਠ ਕੇ ਤੁਰ ਪਈ ਸੀ ਅਤੇ ਭੁੱਖੀ ਪਿਆਸੀ ਧਰਤੀ ਤੇ ਪਈ ਰਹੀ ਸੀ। ਐਨੇ ਸਾਰੇ ਲੋਕਾਂ ਨੇ ਨਹੀਂ ਕਿਹਾ ਸੀ ਕਿ ਉਸ ਨੂੰ ਬਿਨਾ ਖਾਧੇ ਨਹੀਂ ਸੌਣਾ ਚਾਹੀਦਾ। ਕਹਿਣ ਵਾਲਾ ਸੀ ਵੀ ਕੌਣ, ਉਸ ਦਾ ਖੁਦ ਦਾ ਘਰਵਾਲਾ ਹੀ ਜਦੋਂ ਉਹਦੀ ਜਾਨ ਦਾ ਦੁਸ਼ਮਣ ਬਣ ਗਿਆ ਹੋਵੇ। ਤਾਂ ਦੂਜਾ ਕੋਈ ਕੀ ਪੁੱਛੇਗਾ? ਉਸਦੇ ਆਦਮੀ ਅਮਰਪਾਲ ਸਿੰਘ ਨੇ ਤਾਂ ਉਲਟਾ ਉਸ ਨੂੰ ਬਾਂਹ ਤੋਂ ਘੜੀਸ ਕੇ ਉਹਦੇ ਢਿੱਡ 'ਚ ਲੱਤਾਂ ਮਾਰੀਆਂ ਸਨ, ਗਰਜ ਕੇ ਕਿਹਾ ਸੀ,

'ਹਰਾਮਜਾਦੀ, ਤੂੰ ਆਪਣੀਆਂ ਕਰਤੂਤਾਂ ਤੋਂ ਟਲਦੀ ਨਹੀਂ ? ਅੱਜ ਮੈਨੂੰ ਹਫਤਾ ਹੋ ਗਿਆ ਹੈ ਆਏ

ਹੋਏ ਨੂੰ, ਤੇਰੇ ਕਾਰਨ ਹੀ ਜਬਰਦਸਤੀ ਛੁੱਟੀ ਲੈ ਕੇ ਆਉਣਾ ਪਿਆ, ਜਦੋਂ ਤੋਂ ਆਇਆ ਹਾਂ ਪੂਰੇ ਸੱਤ ਦਿਨ ਮੈਂ ਇਹ ਕੁਝ ਸੁਣ ਰਿਹਾ ਹਾਂ, ਜਦੋਂ ਆਈ ਸੀ ਉਦੋਂ ਤੇਰਾ ਮਨ ਧਰਮ ਤੇ ਆ ਗਿਆ ਸੀ ਅਤੇ ਹੁਣ ਤੂੰ ਆਪਣੇ ਜੇਠ ਨਾਲ ਸਾਂਝ ਪਾ ਲਈ ਹੈ। ਬੱਚੇ ਬੱਚੇ ਦੀ ਜ਼ੁਬਾਨ ਤੇ ਤੇਰੀਆਂ ਕਰਤੂਤਾਂ ਦੇ ਗਾਣੇ ਲਿਖੇ ਪਏ ਹਨ। ਤੂੰ ਕਿਹੜੇ ਜਨਮ ਦਾ ਬਦਲਾ ਲਿਆ ਹੈ ਮੇਰੇ ਤੋਂ ਤੈਂ। ਇਸ ਘਰ 'ਚੋਂ ਹੀ ਮੂੰਹ ਕਾਲਾ ਕਰ ਲਿਆ, ਤੇ ਜੇ ਏਥੇ ਪਰਤ ਕੇ ਆਈ ਤਾਂ ਮੈਂ ਤੇਰੀ ਬੋਟੀ ਬੋਟੀ ਕਰਕੇ ਕਾਵਾਂ ਨੂੰ ਪਾ ਦੇਵਾਗੀ, ਸਮਝੀ ! ਆਪਣੇ ਆਪ ਨੂੰ ਪਤਾ ਨਹੀਂ ਕੀ ਸਮਝਦੀ ਏ ਤੂੰ...।' ਧਰਤੀ ਉਤੇ ਪਿਆ ਉਸ ਦਾ ਸ਼ਰੀਰ ਲੱਤ ਨਾਲ ਦੂਰ ਤੱਕ ਧਕੇਲ ਦਿੱਤਾ ਗਿਆ ਸੀ। ਹੁਣ ਉਸ ਸਰੀਰ ਦੇ ਬਾਰੇ ਵਿੱਚ ਕਹਿਣ ਦੇ ਲਈ ਅਮਰਪਾਲ ਸਿੰਘ ਦੇ ਕੋਲ ਕੁਝ ਵੀ ਨਹੀਂ ਸੀ।

'ਮੇਰੀ ਸੁਣ ਤਾਂ ਸਹੀ, ਤੈਨੂੰ ਸਭ ਕੁਝ ਦੱਸ ਦੇਵਾਗੀ। ਤੇਰੇ ਉਸ ਕੁਲੱਗਦੇ ਦੀਆਂ ਚਿੱਠੀਆਂ ਦਿਖਾਵਾ, ਜਿਹੜੀਆਂ ਉਹ ਲਿਖ ਲਿਖ ਕੇ ਮੈਨੂੰ ਦਿੰਦਾ ਰਿਹਾ ਸੀ।'

'ਕੁਝ ਨਹੀਂ ਮੈਂ ਦੇਖਣਾ, ਵੱਡੀ ਭਾਬੀ ਨੇ ਮੈਨੂੰ 'ਕੱਲੀ 'ਕੱਲੀ ਗੱਲ ਲਿਖ ਭੇਜੀ ਸੀ।'

'ਦਿਖਾ ਤਾਂ ਸਹੀ ਕਿ ਲਿਖਿਆ ਹੈ ਵੱਡੀ ਭਾਬੀ ਨੇ , ਮੈਂ ਵੀ ਦੇਖਾ ਕੀ ਕੂੜ ਲਿਖਿਆ ਹੈ, ਇਹ ਸਾਰੀ ਸ਼ਰਾਰਤ ਛੋਟੇ ਬਾਬੂ ਜੀ ਦੀ ਹੈ।'

'ਛੋਟਾ ਬਾਬੂ ਕੌਣ ?'

'ਧਰਮ ਬਾਬੂ ਹੋਰ ਕੌਣ, ਉਹ ਹੀ ਮੇਰੀ ਜਾਨ ਦੇ ਮਗਰ ਹੱਥ ਧੋ ਕੇ ਪਿਆ ਹੈ। '

'ਤੂੰ ਝੂਠਾ ਦੋਸ਼ ਲਗਾ ਰਹੀ ਏਂ, ਮੇਰੇ ਭਰਾ ਉਤੇ ਹਰਾਮਦੀਏ !' ਉਸ ਦਿਨ ਦਾ ਉਸਦਾ ਸੋਚਿਆ ਹੋਇਆ ਅੱਜ ਸੱਚ ਹੋਇਆ ਸੀ। ਉਸ ਰਾਤ ਇਕ ਮੁੱਕਾ ਪਿਆ ਸੀ, ਸਿਰ ਵਿਚ। ਉਸ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ ਸੀ। ਸਾਹ ਜਿਓ ਦਾ ਤਿਓ ਰੁਕ ਗਿਆ ਸੀ। ਮੌਤ ਦਾ ਨਕਸ਼ਾ ਕੁਝ ਇਸ ਤਰ੍ਹਾਂ ਦਾ ਹੁੰਦਾ ਹੋਵੇਗਾ...। ਥੋੜੀ ਦੇਰ ਬਾਅਦ ਸੁਰਤ ਆਈ ਸੀ ਤੇ ਉਹ ਬੁਸ ਬੁਸ ਕਰਕੇ ਰੋਣ ਲੱਗ ਪਈ ਸੀ।

'ਮੈਂ ਮਾਂ ਜੀ ਤੇ ਦਾਦਾ ਜੀ ਨੂੰ ਸਭ ਕੁਝ ਦੱਸਾ ਗੀ।'

'ਉਨ੍ਹਾਂ ਸਾਰਿਆ ਨੇ ਤੇਰੀਆਂ ਇਨ੍ਹਾਂ ਕਰਤੂਤਾਂ ਦੇ ਬਾਰੇ ਵਿਚ ਦੱਸਿਆ ਹੈ। ਮੈਂ ਸ਼ਰਮ ਦਾ ਮਾਰਿਆ ਅੰਦਰ ਹੀ ਅੰਦਰ ਮਰਦਾ ਜਾ ਰਿਹਾ ਹਾਂ। '

'ਜੇ ਇਹ ਗੱਲ ਹੈ ਤਾਂ ਮੈਨੂੰ ਮਾਰ ਦੇ, ਬੰਦੂਕ ਹੈ ਤੇਰੇ ਕੋਲ।'

'ਮੈਂ ਕਿਓ ਪਾਪ ਕਰਾ, ਮਰਨਾ ਹੈ ਤਾਂ ਤੂੰ ਕਿਤੇ ਬਾਹਰ ਜਾ ਕੇ ਮਰ । ਪਿੱਛੂ ਨੂੰ ਮਸਲ ਦੇਣ ਵਿਚ ਨਾਲ ਮੈਨੂੰ ਕਿਹੜਾ ਪੁੰਨ ਮਿਲੇਗਾ।

ਉਸ ਰਾਤ ਵੀ ਕੁਝ ਨਹੀਂ ਸੁਣਿਆ ਸੀ ਉਸ ਲੰਮੇ ਸਾਰੇ ਬੰਦੇ ਨੇ। ਅਤੇ ਅਗਲੀ ਕਿਸੇ ਰਾਤ ਨੂੰ ਵੀ ਨਹੀਂ ਸੁਣਿਆ ਸੀ। ਖੁਦ ਰੋ ਰੋ ਕੇ ਉਸਨੇ ਸੱਸ ਦੇ ਮੋਹਰੇ ਉਸ ਦੇ ਪੁੱਤਰ ਦੀਆਂ ਗੱਲਾਂ ਦਾ ਖਲਾਸਾ ਕੀਤਾ ਸੀ। ਤਾਂ ਉਸ ਨੂੰ ਗੁੱਤਾਂ ਤੋਂ ਫੜ ਕੇ ਸੱਸ ਨੇ ਕਿਹਾ ਸੀ,

'ਮਾਰ ਜਾਣੀਏ ਸ਼ਰਮ ਨਹੀਂ ਆਉਂਦੀ ਤੈਨੂੰ, ਇਹੋ ਜਿਹੇ ਦੋਸ਼ ਲਾਉਂਦਿਆ। ਆਪਣੇ ਮੂੰਹ ਨੂੰ ਬੰਦ ਕਰ ਕੇ ਰੱਖ !' ਹੋਰ ਵੀ ਪਤਾ ਨਹੀਂ ਕਿਹੜੀਆਂ ਕਿਹੜੀਆਂ ਗਾਲ੍ਹਾਂ ਕੱਢੀਆਂ ਸਨ ਸਭ ਨੇ ਇਕੱਠੇ ਹੋ ਕੇ।

ਪਤਾ ਨਹੀਂ ਕਿੰਨੇ ਰਾਤ ਦਿਨ ਇਸ ਤਰ੍ਹਾਂ ਬੀਤੇ ਸਨ। ਫਿਰ ਸ਼ੁਰੂ ਹੋਈ ਸੀ ਉਹ ਭਿਆਨਿਕ ਰਾਤ...।

ਕਿੱਥੇ ਮਰਾਗੀ ਕਿਵੇਂ ਮਰਾਗੀ? ਸਭ ਕੁਝ ਸੋਚ ਸਮਝ ਕੇ ਉਸ ਨੇ ਘਰੋਂ ਭੱਜਣ ਦੀ ਹਿੰਮਤ ਕੀਤੀ ਸੀ। ਦਰਵਾਜੇ ਦਾ ਕੁੰਡਾ ਸੱਸ ਪਹਿਲਾ ਹੀ ਖੋਲ੍ਹ ਗਈ ਸੀ, ਬਸ ਉਸ ਨੇ ਉਂਗਲ ਨਾਲ ਦਰਵਾਜੇ ਨੂੰ ਖੋਹਲਿਆ ਹੀ ਸੀ, ਦੂਜੇ ਹੱਥ 'ਚ ਛੋਟਾ ਜਿਹਾ ਬ੍ਰੀਫਕੇਸ ਸੀ ਉਸ ਦੇ ਆਪਣੇ ਘਰਵਾਲੇ ਦਾ , ਜਿਸ ਵਿਚ ਉਸ ਨੇ ਆਪਣੀਆਂ ਦੋ ਨਾਈਲਾਨ ਦੀਆਂ ਸਾੜੀਆਂ ਪਾ ਲਈਆ ਸਨ, ਮੈਲੀਆਂ-ਕੁਚੈਲੀਆਂ ਬਿਨਾ ਧੋਤੀਆਂ ਹੋਈਆ, ਇਕ ਪਲ ਉਸ ਨੂੰ ਹਾਸਾ ਵੀ ਆਇਆ ਸੀ ਆਪਣੇ ਆਪ ਉੱਤੇ, ਜਦ ਮਰਨ ਹੀ ਜਾ ਰਹੀ ਹਾਂ ਤਾਂ ਇਨ੍ਹਾਂ ਸਾੜੀਆਂ ਦਾ ਕੀ ਹੋਵੇਗਾ। ਚਲੋ ਜਿੱਥੇ ਵੀ ਮਰਾਗੀ ਉਥੇ ਹੀ ਸੁੱਟ ਦੇਵੇਗੀ। ਇਹ ਸੋਚ ਕੇ ਰਹਿਣ ਦਿੱਤਾ ਸੀ ਉਸਨੇ। ਛੱਬੀ ਰੁਪਏ ਵੀ ਚੋਰੀ ਕੀਤੇ ਸੀ ਉਸ ਨੇ ਆਪਣੇ ਘਰਵਾਲੇ ਦੀ ਜੇਬ 'ਚੋਂ ਅਤੇ ਉਦੋਂ ਚੁੱਪ ਚਾਪ ਨਿਕਲ ਪਈ ਸੀ। ਜੇਕਰ ਇਕ ਮਿੰਟ ਵੀ ਰੁਕੇਗੀ ਤਾਂ ਫਿਰ ਰੁਕ ਜਾਵੇਗੀ। ਜਦੋਂ ਉਹ ਮਰਨਾ ਚਾਹੁੰਦੀ ਹੈ ਤਾਂ ਚੰਗੀ ਤਰ੍ਹਾਂ ਮਰਨਾ ਚਾਹੁੰਦੀ ਹੈ। ਅਜਿਹੀ ਹਾਲਤ ਵਿਚ ਕਿਵੇਂ ਜੀਉਂਦੀ ਰਹੇਗੀ। ਜਿੱਥੇ ਹਰ ਛੋਟੇ ਵੱਡੇ ਕੋਲੋ ਤਾਅਨੇ ਮਿਹਣੇ ਸੁਣਨ ਨੂੰ ਮਿਲਦੇ ਹਨ। ਦੂਜਿਆਂ ਦੀ ਪਰਵਾਹ ਉਹ ਨਾ ਵੀ ਕਰਦੀ ਜੇ ਕਰ ਉਸ ਦਾ ਘਰਵਾਲਾ ਉਸ ਨੂੰ ਸਮਝ ਲੈਂਦਾ।



ਵਿਸਵਾਸ ਕਰ ਲੈਂਦਾ... ਪਰ ਉਸ ਨੇ ਉਸ ਦੀ ਪਵਿੱਤਰਤਾ ਉਪਰ ਸੱਕ ਕੀਤਾ। ਅਤੇ ਕੇਵਲ ਸੱਕ ਹੀ ਨਹੀਂ ਕੀਤਾ ਅਤੇ ਘਰੋਂ ਨਿਕਲ ਜਾਣ ਦਾ ਹੁਕਮ ਵੀ ਦੇ ਦਿੱਤਾ...। ਉਸਦੀ ਦਿੱਤੀ ਸਫਾਈ ਕੁਝ ਵੀ ਕੰਮ ਨਹੀਂ ਆਈ ਸੀ। ਜੇਕਰ ਉਹ ਇਸ ਤਰ੍ਹਾਂ ਰਹਿ ਪੈਂਦੀ ਤਾਂ ਹੋ ਸਕਦਾ ਹੈ ਉਸ ਦੇ ਘਰਵਾਲੇ ਦੇ ਜਾਣ ਤੋਂ ਬਾਅਦ ਲੋਕ ਉਸ ਨੂੰ ਆਪ ਹੀ ਜ਼ਹਿਰ ਦੇ ਕੇ ਮਾਰ ਦਿੰਦੇ। ਇਸ ਨਾਲੋਂ ਚੰਗਾ ਹੈ ਕਿ ਉਹ ਖੁਦ ਹੀ ਮਰ ਜਾਵੇ। ਨਹੀਂ ਨਹੀਂ ਘਰ ਦੇ ਲੋਕ ਉਸ ਨੂੰ ਹੋਰ ਕੁਝ ਵੀ ਕਰ ਸਕਦੇ ਹਨ। ਜੋ ਮੌਤ ਨਾਲੋਂ ਭਿਆਨਿਕ ਹੋ ਸਕਦਾ ਹੈ। ਜਿਸ ਦੀ ਕੋਸ਼ਿਸ਼ ਉਹ ਅਜੇ ਤੱਕ ਕਰਦੇ ਆਏ ਸਨ। ਇਕ ਵਾਰ ਕੰਬ ਕੇ ਰਹਿ ਗਈ ਸੀ ਉਹ ਉਪਰ ਤੋਂ ਥੱਲੇ ਤੱਕ।

ਆਪਣੇ ਘਰ ਦੀ ਪਗਡੰਡੀ ਉਪਰ ਉਹ ਜਲਦੀ ਜਲਦੀ ਚੱਲਣ ਲੱਗੀ ਸੀ। ਖੂਹ ਬਸ ਅਗਲੇ ਮੋੜ ਉਤੇ ਹੀ ਸੀ। ਉਸ ਵਿਚ ਛਾਲ ਮਾਰ ਕੇ ਉਹ ਮਰ ਜਾਵੇਗੀ। ਬਸ ਜੀਵਨ ਲੀਲਾ ਖਤਮ ਹੋ ਜਾਵੇਗੀ। ਉਦੋਂ ਕੁਝ ਨਹੀਂ ਬਚੇਗਾ ਗਾਲਾ ਖਾਣ ਲਈ, ਹਨੇਰਾ ਹੋਣ ਲੱਗ ਪਿਆ ਸੀ। ਪਸ਼ੂਆਂ ਨੇ ਆਰਾਟ ਪਾਉਣਾ ਸ਼ੁਰੂ ਕਰ ਦਿੱਤਾ ਸੀ। ਕਿਤੇ ਸੱਸ ਡਰੰਮ ਨੂੰ ਉਥੇ ਹੀ ਛੱਡ ਕੇ ਉਸ ਦੇ ਮਗਰ ਭੱਜ ਨਾ ਆਵੇ। ਹੋ ਸਕਦਾ ਹੈ ਉਸ ਦੇ ਭੱਜਣ ਦੀ ਆਵਾਜ਼ ਨਾਲ ਉਸ ਆਮ ਨਾਲੋਂ ਪਹਿਲਾ ਹੀ ਉੱਠ ਪਈ ਹੋਵੇ। ਸਾਹਮਣੇ ਖੂਹ ਸੀ ਬਹੁਤ ਹੀ ਵੱਡਾ। ਉਸ ਦੀ ਘਿਰਨੀ ਉਤੇ ਲਟਕੀ ਹੋਈ ਲੱਜ ਅਤੇ ਮੌਣ ਤੇ ਰੱਖਿਆ ਹੋਇਆ ਡੋਲ ਸਾਫ ਨਜ਼ਰ ਆ ਰਿਹਾ ਸੀ। ਜਦ ਉਸ ਦੇ ਕੋਲ ਪਹੁੰਚ ਕੇ ਦੇਖਿਆ ਤਾਂ ਪਾਣੀ ਬਹੁਤ ਥੱਲੇ ਚਲੇ ਗਿਆ ਸੀ। ਪਾਣੀ ਥੋੜ੍ਹਾ ਲੱਗ ਰਿਹਾ ਸੀ। ਪਰ ਜਦੋਂ ਛਾਲ ਮਾਰਾਗੀ ਤਾਂ ਉਸ ਦਾ ਪਤਾ ਵੀ ਨਹੀਂ ਲੱਗੇਗਾ, ਅਤੇ ਉਹ ਗਹਿਰੇ ਪਾਣੀ ਵਿਚ ਚੱਲੇ ਜਾਵੇਗੀ। ਪਾਣੀ ਅੱਖਾਂ, ਨੱਕ , ਕੰਨ, ਮੂੰਹ ਸਭ 'ਚ ਭਰ ਜਾਵੇਗਾ। ਡੁੱਬ ਜਾਵੇਗੀ। ਸਵੇਰੇ ਜਾਂ ਪਰਸੋ ਲਾਸ਼ ਫੁੱਲ ਕੇ ਉਪਰ ਆ ਜਾਵੇਗੀ। ਜੇ ਨਹੀਂ ਵੀ ਆਈ ਤਾਂ ਇਹ ਲੋਕ ਜਾਲ ਸੁੱਟਵਾ ਕੇ ਬਾਹਰ ਕੱਢਵਾ ਲੈਣਗੇ। ਤਾਂ ਉਦੋਂ ਸਾਰੇ ਖੁਸ਼ ਹੋਣਗੇ। ਕਿ ਚੰਗਾ ਹੋਇਆ ਮਰ ਗਈ। ਧਰਮਪਾਲ ਹਰਾਮੀ ਦਾ ਬੱਚਾ ਤਾਂ ਜਰੂਰ ਖੁਸ਼ ਹੋ ਜਾਵੇਗਾ। ਕਿ ਉਸ ਦੀ ਯੋਜਨਾ ਸਫਲ ਹੋਈ ਹੈ। ਅਤੇ ਵੱਡਾ ਜੇਠ ਨਹੀਂ ਨਹੀਂ ਉਹ ਨਹੀਂ ਖੁਸ਼ ਹੋਵੇਗਾ। ਉਹ ਤਾਂ ਉਸ ਦੇ ਲਈ ਪਿਆਰ ਰੱਖਦੇ ਸਨ। ਚਿੱਠੀ ਵਿੱਚ ਕਿਸ ਕਿਸ ਤਰ੍ਹਾਂ ਦੀ ਗੱਲਾਂ ਲਿਖੀਆਂ ਸਨ ਉਸ ਨੇ,

'ਪਿਆਰੀ ਵਹੁਟੀ ਸੁਰੀਲੀ' ਚਿੱਠੀ ਦੀ ਪੂਰੀ ਪੂਰੀ ਇਬਾਰਤ ਉਸ ਦੇ ਸਾਹਮਣੇ ਆ ਗਈ ਸੀ-

ਸਾਨੂੰ ਤੇਰੇ ਨਾਲ ਕੀਤਾ ਬੜਾ ਪਿਆਰ ਚੇਤੇ ਆਉਂਦਾ ਹੈ। ਤੂੰ ਪੜ੍ਹਨ ਚਲੇ ਜਾਂਦੀ ਏ। ਤਾਂ ਖੇਤਾਂ ਵਿਚ ਸਾਡਾ ਹੱਲ ਚਲਾਉਣ ਨੂੰ ਮਨ ਹੀ ਨਹੀਂ ਕਰਦਾ। ਪਿਆਰੀ ਸਾਨੂੰ ਬਹੁਤ ਦੁੱਖ ਹੁੰਦਾ ਹੈ। ਜਦੋਂ ਸਾਰੇ ਘਰ ਦਾ ਕੰਮ ਕਰਦਿਆ ਅਸੀਂ ਤੈਨੂੰ ਦੇਖਦੇ ਹਾਂ। ਤੇਰੀ ਜਿਠਾਣੀ ਨੂੰ ਕਿੰਨੀ ਵਾਰ ਸਮਝਾ ਚੁੱਕਾ ਹਾਂ ਕਿ ਉਹ ਅਜੇ ਬੱਚੀ ਏ, ਸਾਰਾ ਕੰਮ ਉਸ ਤੋਂ ਕਰਵਾਉਣਾ ਠੀਕ ਨਹੀਂ, ਪਰ ਉਹ ਕਿਸੇ ਦੀ ਸੁਣੇ ਤਾਂ ਹੀ ਨਾ, ਮੇਰੇ ਮਨ ਵਿਚ ਤੇਰੇ ਲਈ ਸੱਚਾ ਪਿਆਰ ਹੈ। ਇਸ ਚਿੱਠੀ ਦਾ ਜੁਵਾਬ ਜਰੂਰ ਦੇਣਾ।

ਤੇਰਾ ਚਤਰਪਾਲ ਸਿੰਘ'

ਪੜ੍ਹਕੇ ਉਹ ਉਪਰ ਤੋਂ ਥੱਲੇ ਤੱਕ ਥਰ ਥਰਾ ਕੇ ਕੰਬ ਉਠੀ ਸੀ, ਸਾਰੇ ਉਸ ਦੀ ਦੁਰਗਤ ਕਰਨ ਤੇ ਤੁਲੇ ਹੋਏ ਸਨ। ਉਸਦੇ ਸਕੂਲ ਜਾਂਦੇ ਹੋਏ ਜੇਠ ਦਾ ਪਿੱਛੇ ਪਿੱਛੇ ਜਾਣ ਦਾ ਰਾਜ ਉਦੋਂ ਖੁੱਲ੍ਹਾ ਸੀ ਉਹ ਘੁੰਡ ਕੱਢੀ ਲੜਕੀਆਂ ਦੇ ਨਾਲ ਚਲੇ ਜਾਂਦੀ ਸੀ। ਉਸ ਨੂੰ ਕੀ ਪਤਾ ਸੀ, ਉਸ ਦੇ ਮਨ ਵਿੱਚ ਬਹੁਤ ਵੱਡਾ ਪਾਪ ਹੈ। ਅੱਛਾ ਹੋਇਆ ਉਹ ਉਸ ਨਾਲ ਕਦੇ ਨਹੀਂ ਖੁੱਲੀ। ਬੋਲਣ ਦਾ ਸਵਾਲ ਹੀ ਨਹੀਂ ਸੀ। ਇਸ ਘਰ ਵਿਚ ਤਾਂ ਹਰ ਕਿਸੇ ਤੋਂ ਘੁੰਡ ਕਢਣਾ ਹੁੰਦਾ ਸੀ। ਸੱਸ-ਸਹੁਰਾ, ਜੇਠ ਸਭ ਤੋਂ... ਪਰਦਾ ਕਰਦਿਆਂ ਕਰਦਿਆਂ ਹੀ ਸਭ ਨੇ ਮਿਲ ਕੇ ਉਸ ਨੂੰ ਨਗਨ ਕਰ ਦਿੱਤਾ ਸੀ, ਬਹੁਤ ਸਾਰਾ। ਆਪਣੀ ਛੋਟੀ ਜਿਹੀ ਉਮਰ ਵਿਚ ਉਸ ਨੇ ਇਸ ਤਰ੍ਹਾਂ ਦੇ ਸ਼ਬਦ ਨਹੀਂ ਸੁਣੇ ਸੀ। ਚਿੱਠੀ ਛੋਟੀ ਲੜਕੀ ਨੇ ਉਸ ਨੂੰ ਫੜਾਇਆ ਤਾਂ ਉਸ ਬਹੁਤ ਦੇਰ ਤੱਕ ਉਸ ਨੂੰ ਫੜੀ ਬੈਠੀ ਰਹੀ ਸੀ।

''ਚਾਚੀ ਬਾਪੂ ਨੇ ਕਾਗਜ ਮੰਗਿਆ ਹੈ। ਕਾਗਜ ਦਿਓ।' ਚਿੱਠੀ ਦੇ ਲਈ ਉਹ ਕਾਗਜ ਸ਼ਬਦ ਦਾ ਪ੍ਰਯੋਗ ਕਰ ਰਹੀ ਸੀ। ਬੱਚੀ ਨੇ ਬਾਪੂ ਦੇ ਵੱਲੋਂ ਜਿਦ ਕੀਤੀ ਸੀ।

'ਨਹੀਂ।' ਅਤੇ ਉਸ ਚਿੱਠੀ ਨੂੰ ਉਸ ਤਰ੍ਹਾਂ ਫੜੀ ਉਹ ਜਿਠਾਣੀ ਦੇ ਕੋਲ ਚਲੇ ਗਈ ਸੀ। ਜਿਠਾਣੀ ਉਸ ਦੇ ਹੱਥ ਚਿੱਠੀ ਫੜੀ ਦੇਖ ਕੇ ਹੈਰਾਨ ਹੋ ਗਈ।' ਮਨ ਕਰੜਾ ਕਰ ਕੇ ਉਹ ਕਹਿ ਹੀ ਗਈ ਸੀ।

'ਕਿਹੜੀ ਚਿੱਠੀ ?' ਜਿਠਾਣੀ ਨੇ ਚਿੱਠੀ ਫੜ ਲਈ ਸੀ ਤੇ ਪੜ੍ਹ ਲਈ ਸੀ। ਪਤੀ ਦੀ ਲਿਖਾਈ ਨੂੰ

ਪਹਿਚਾਣ ਲਿਆ ਸੀ। ਇਕ ਪਲ ਤਾਂ ਸੰਨਾਟਾ ਛਾ ਗਿਆ ਸੀ। ਫਿਰ ਪਤਾ ਨਹੀਂ ਕੀ ਮਨ ਵਿਚ ਆਇਆ ਸੀ ਕਿ ਉਹ ਚੀਕ ਕੇ ਬੋਲੀ,

'ਬੱਲੇ ਸਤੀ ਸਵਿਤਰੀ ਦੇ , ਆਪਣੇ ਮਰਦ ਨੂੰ ਭਰਮਾ ਨਹੀਂ ਸਕੀ ਤੇ ਮੇਰੇ ਮਰਦ ਨੂੰ ਭਰਮਾ ਰਹੀ ਏ , ਉਸ 'ਤੇ ਡੋਰੇ ਸੁੱਟ ਰਹੀ ਏਂ !'

'ਕੀ ਅ...ਅ...? ਜਿਠਾਣੀ ਜੀ ਅਣਜਾਣ ਨਾ ਬਣ, ਤੂੰ ਉਸ ਬਾਰੇ ਸੋਚਦੀ ਕਿਉ ਨਹੀਂ ?'

'ਤੇਰੇ ਵਰਗੀ ਸਿਆਣਪ ਤਾਂ ਸਾਡੇ ਕੋਲ ਬਹੁਤ ਹੈ ਜਾਹ ਆਪਣੇ ਰਾਹ ਪੈ ਜਾ ਕੇ। ਕੰਨ ਖੋਲ੍ਹ ਕੇ ਸੁਣ ਲੈ ਬਹੂ ਮਾਰ ਮਾਰ ਕੇ ਤੇਰੀ ਅਕਲ ਟਿਕਾਣੇ ਲਾ ਦੇਵਾਗੇ। '

ਜੇਠਾਣੀ ਜੀ , ਮੈਂ ਤਾਂ ਕੁਝ ਨਹੀਂ ਕਹਿੰਦੀ ਹਾਂ !'

ਅੱਜ ਮੇਰੇ ਮਨ 'ਚ ਇਸ ਤਰ੍ਹਾਂ ਦੇ ਦ੍ਰਿਸ਼ ਆ ਰਹੇ ਹਨ। ... ਛੇਵੀਂ ਵਿਚ ਸੀ ਜਦੋਂ ਬਾਪ ਮਰ ਗਿਆ ਸੀ, ਭਰਾ ਨੇ ਹੱਥ ਪੀਲੇ ਕੀਤੇ। ਸਹੁਰੇ ਘਰ ਦੇ ਲੋਕਾਂ ਨੇ ਪੁੱਛਿਆ ਸੀ,

'ਤੇਰੀ ਭੈਣ ਸੁੰਦਰ ਹੋਣੀ ਚਾਹੀਦੀ ਹੈ, ਸਾਡਾ ਅਮਰਪਾਲ ਸਿੰਘ ਬੜਾ ਤਕੜਾ ਜਵਾਨ ਹੈ, ਉਹ ਮਾੜੀ ਮੋਟੀ ਨੂੰ ਪਸੰਦ ਨਹੀਂ ਕਰੇਗਾ। '

'ਚੌਧਰੀ ਸਾਹਿਬ ਤੁਸੀਂ ਇਸ ਗੱਲ ਤੋਂ ਬੇਫਿਕਰ ਰਹੋ। ਤੁਹਾਡੀਆਂ ਦੋਵੇਂ ਨੂੰਹਾਂ ਤੋਂ ਸੁੰਦਰ ਹੋਵੇਗੀ। ਦੋ ਤੋਲੇ ਚੰਗੀ ਹੀ ਹੋਵੇਗੀ। '

ਹਾਏ ਉਹ ਵੀ ਆਪਣੀਆਂ ਜਿਠਾਣੀਆਂ ਦੇ ਵਾਂਗ ਮੱਧਰੀ, ਸਾਂਵਲੀ ਅਤੇ ਭਾਰੀ ਕਿਓਂ ਨਹੀਂ ਹੋਈ ? ਘੱਟ ਤੋਂ ਘੱਟ ਮੇਰੇ ਵਾਂਗ ਜਲੀਲ ਤਾਂ ਨਾ ਹੁੰਦੀ । ਦੋਵੇਂ ਜਿਠਾਣੀਆਂ ਉਸ ਨੂੰ ਵਾਲ਼ ਖੋਲ ਕੇ ਉਨ੍ਹਾਂ ਨੂੰ ਵਾਹੁਦਿਆਂ ਅਤੇ ਤਿਆਰ ਹੁੰਦੀ ਦੇਖ ਹੀ ਨਹੀਂ ਸਕਦੀਆਂ ਸਨ। ਜਦੋਂ ਸਿਰ ਖੋਹਲਿਆਂ ਨਹੀਂ ਤਾਂ ਗਾਲਾਂ ਸ਼ੁਰੂ ਹੋ ਜਾਂਦੀਆਂ ਸਨ।

'ਸਿਰ ਮੂੰਹ ਸਵਾਰ ਕੇ ਕਿਸ ਯਾਰ ਕੋਲ ਚੱਲੀ ਏਂ, ਆਪਣੇ ਖਸਮ ਨੂੰ ਤਾਂ ਸਾਂਭ ਨਹੀਂ ਹੋਇਆ। ' ਇਹ ਗੱਲ ਉਹ ਉਦੋਂ ਤੋਂ ਸੁਣਦੀ ਆ ਰਹੀ ਸੀ ਜਦੋਂ ਤੋਂ ਉਸ ਦਾ ਘਰਵਾਲਾ ਉਸ ਤੇ ਮਰਦਾ ਸੀ। ਉਸ ਦੇ ਘਰਵਾਲੇ ਨੂੰ ਆਪਣੀਆਂ ਗੱਲਾਂ ਵਿਚ ਲੈਣ ਲਈ ਅਤੇ ਉਸ ਨੂੰ ਇਥੋਂ ਤੱਕ ਦੇ ਹਾਲਾਤ ਵਿਚ ਲਿਆਉਣ ਲਈ ਕਿੰਨੀ ਮਿਹਨਤ ਕਰਨੀ ਪਈ ਸੀ। ਕਿੰਨੀਆਂ ਚਾਲਾ ਚੱਲੀਆਂ ਸਨ ਪੂਰੇ ਘਰ ਨੇ। ਇਕ ਪਾਸੇ ਉਸ ਦੀਆਂ ਜਿਠਾਣੀਆਂ ਉਸ ਦੀ ਸੁੰਦਰਤਾ ਦੀਆਂ ਦੁਸ਼ਮਣ ਦੂਜੇ ਪਾਸੇ ਉਸ ਦੇ ਦਿਉਰਾਂ ਜੇਠਾਂ ਦੀਆਂ ਉਸ ਉੱਤੇ ਕਾਮੀ ਨਜ਼ਰਾਂ, ਉਹ ਦੋ ਪੁੜਾ ਵਿਚਾਲੇ ਪਿਸ ਰਹੀ ਸੀ। ਜੇਕਰ ਦੇਵਰ-ਜੇਠਾਂ ਦੀ ਗੱਲ ਮੰਨਦੀ ਜਾਂਦੀ ਤਾਂ ਇਕ ਪਾਸੇ ਤੋਂ ਤਾਂ ਬਚੀ ਰਹਿੰਦੀ। ਹੁਣ ਤਾਂ ਦੋਵਾਂ ਪਾਸਿਓ ਉਹ ਕੁਚਲ ਹੁੰਦੀ ਜਾ ਰਹੀ ਸੀ। ਉਸ ਨੇ ਉਨ੍ਹਾਂ ਲੋਕਾਂ ਨੂੰ ਕਿਓ ਨਹੀਂ ਪਰਖਿਆ।

ਖੂਹ ਉਤੇ ਖੜੀ ਹੋ ਕੇ ਉਹ ਐਨਾ ਸੋਚ ਰਹੀ ਸੀ ਪਗਲੀ, ਛਾਲ ਕਿਓ ਨਹੀਂ ਮਾਰਦੀ? ਕਿੰਨੀ ਦੇਰ ਲਵਾਂਗੀ ? ਨਹੀਂ ਨਹੀਂ ਐਨੇ ਡੂੰਘੇ ਖੂਹ ਵਿਚ ਨਹੀਂ ਛਾਲ ਮਾਰ ਸਕਦੀ ਉਹ। ਨਹੀਂ ਨਹੀਂ ਅਜਿਹੀ ਡਰਾਉਣੀ ਮੌਤ ਨਹੀਂ ਮਰੇਗੀ ਉਹ। ਮਰਨ ਦੇ ਹੋਰ ਵੀ ਤਰੀਕੇ ਹਨ। ਖੂਹ ਤੋਂ ਹੱਟ ਕੇ ਉਹ ਫਿਰ ਪਗਡੰਡੀ ਉਤੇ ਚੱਲਣ ਲੱਗ ਪਈ। ਬੱਦਲਾ ਦੇ ਬਾਵਜੂਦ ਰੌਸ਼ਨੀ ਕਾਫੀ ਹੋ ਗਈ ਸੀ। ਨਹੀਂ ਹੁਣ ਇਸ ਥਾਂ ਤੇ ਖੜੇ ਰਹਿਣਾ ਖਤਰੇ ਤੋਂ ਖਾਲੀ ਨਹੀਂ ਉਹ ਸਟੇਸਨ ਦੇ ਵੱਲ ਚੱਲ ਪਈ ਸੀ। ਰੇਲ ਦੇ ਥੱਲੇ ਆ ਕੇ ਮਰਨਾ ਆਸਾਨ ਰਹੇਗਾ।

ਗੱਡੀ ਦੀ ਉਡੀਕ ਉਸ ਨੂੰ ਬਹੁਤ ਦੇਰ ਨਹੀਂ ਕਰਨਾ ਪਿਆ ਸੀ। ਹਰਲ ਹਰਲ ਕਰਦੀ ਰੇਲ ਗੱਡੀ ਆਈ। ਤਾਂ ਕਲੇਜੇ ਵਿਚੋਂ ਕੋਈ ਚੀਜ ਜਿਵੇਂ ਜੋਰ ਜੋਰ ਨਾਲ ਧੜਕਣ ਲੱਗ ਪਈ। ਉਸ ਅੱਗੇ ਵੱਧਣ ਦੀ ਬਜਾਏ ਕਈ ਕਦਮ ਪਿੱਛੇ ਹੱਟ ਗਈ ਸੀ। ਇੰਜਨ ਦੀਆਂ ਉਹ ਅੱਖਾਂ ਕਿਨੀਆਂ ਭਿਆਨਿਕ ਸਨ। ਜਿਵੇਂ ਕੋਈ ਰਾਖ਼ਸ ਮੂੰਹ ਵਿਚ ਅੱਗ ਭਰੀ ਖੜਾ ਹੋਵੇ। ਇੰਜਨ ਦੇ ਚੱਕੇ ਕਿਨੇ ਮੋਟੇ ਹੁੰਦੇ ਹਨ। ਉਸ ਦੀ ਚਟਨੀ ਬਣ ਜਾਵੇਗੀ ਏਥੇ ਆ ਕੇ। ਜੋ ਕੁਝ ਵੀ ਹੋਵੇ ਗੱਡੀ ਚੱਲੇਗੀ ਤਾਂ ਇੰਜਨ ਦੇ ਅੱਗੇ ਤੁਰੰਤ ਛਾਲ ਮਾਰ ਦੇਵੇਗੀ। ਪਲ ਭਰ ਵੀ ਨਹੀਂ ਰੁਕੇਗੀ। ਜੇ ਰੁਕ ਗਈ ਤਾਂ ਮਰ ਨਹੀਂ ਸਕੇਗੀ। ਅਜੇ ਹੁਣੇ ਜਿਹੇ ਉਹ ਧੋਖਾ ਖਾ ਚੁੱਕੀ ਹੈ। ਨਹੀਂ ਨਹੀਂ ਹੁਣ ਨਹੀਂ ਰੁਕੇਗੀ। ਹਰਗਿਜ ਨਹੀਂ ਰੁਕੇਗੀ। ਪਰ ਗਾਰਡ ਨੇ ਹਰੀ ਝੰਡੀ ਦਿਖਾਈ ਤੇ ਇੰਜਨ ਇਕ ਵਿਕਰਾਲ ਸ਼ੇਰ ਵਾਂਗ ਅੱਗੇ ਚੱਲਣ ਲੱਗਾ, ਤਾਂ ਫਿਰ ਉਹ ਇਕ ਥਾਂ ਜੰਮੀ ਦੀ ਜੰਮੀ ਰਹਿ ਗਈ। ਉਸ ਦੇ ਮੂਹਰੇ ਛਾਲ



ਨਹੀਂ ਮਾਰ ਸਕੀ। ਉਹ ਕਿਨੀ ਡਰਪੋਕ ਸਿੱਧ ਹੋਈ ਸੀ। ਬਹੁਤ ਵੱਡਾ ਜਿਗਰਾ ਲੈ ਕੇ ਚੱਲੀ ਸੀ। ਕਿ ਉਹ ਜਰੂਰ ਹੀ ਆਪਣੀ ਜਾਨ ਦੇ ਦੇਵੇਗੀ। ਪਰ ਲੱਗਦਾ ਹੈ। ਜਾਨ ਦੇਣਾ ਐਨਾ ਆਸਾਨ ਨਹੀਂ ਹੈ। ਤਾਂ ਕੀ ਕਰੇ ਉਹ। ਉਸ ਨੂੰ ਕੀ ਕਰਨਾ ਚਾਹੀਦਾ ਹੈ। ਘਰ ਮੁੜ ਜਾਵੇ? ਹੁਣ ਵੀ ਉਹ ਬਹਾਨਾ ਬਣਾ ਸਕਦੀ ਹੈ। ਕਿ ਅੱਜ ਉਹ ਇਕੱਲੀ ਹੀ ਜੰਗਲ-ਪਾਣੀ ਦੇ ਲਈ ਨਿਕਲ ਆਈ ਸੀ। ਆਪਣੇ ਭਰੋਸੇ ਤੇ ਪਰ ਹਿਰਦਾ ਫਿਰ ਧੜਕਣ ਲੱਗ ਪਿਆ ਸੀ, ਉਹ ਉਸ ਘਰ 'ਚ ਹੁਣ ਵਾਪਸ ਨਹੀਂ ਜਾ ਸਕਦੀ, ਪੇਕੇ ਚਲੇ ਜਾਵੇਗੀ। ਪਰ ਕੌਣ ਬੈਠਾ ਹੈ ਪੇਕੇ ਘਰ ਉਸਦਾ? ਅੰਨੀ ਬੇਸਹਾਰਾ ਮਾਂ ਦੀ ਬੇਟੀ ਹੋਣ ਦੇ ਕਾਰਨ ਉਹ ਕਿਸੇ ਜੋਗੀ ਵੀ ਨਹੀਂ ਸੀ ਰਹਿ ਗਈ। ਵਿਆਹ ਤੋਂ ਬਾਅਦ ਉਸ ਦਾ ਭਰਾ ਇਕ ਵਾਰ ਹੀ ਲੈਣ ਆਇਆ ਸੀ। ਸੱਸ-ਸਹੁਰੇ ਦੇ ਮਨਾ ਕਰ ਦੇਣ ਤੇ ਕਿ ਉਹ ਅਜੇ ਨਹੀਂ ਭੇਜਣਗੇ। ਫਿਰ ਦੁਬਾਰਾ ਕਦੇ ਵੀ ਸੱਦਾ ਨਹੀਂ ਭੇਜਿਆ ਸੀ , ਨਾ ਖੁਦ ਲੈਣ ਆਇਆ ਸੀ ਜਦੋਂ ਉਸ ਨੇ ਨੇ ਉਸ ਨੂੰ ਖੁਦ ਸੱਦਿਆ ਸੀ, ਤਾਂ ਉਹ ਉਸ ਨੂੰ ਗਾਲਾਂ ਦੇ ਕੇ ਚਲਾ ਗਿਆ ਸੀ। ਕਿ ਉਹ ਇਸ ਤਰ੍ਹਾਂ ਦੀ ਹੀ ਹੋਵੇਗੀ ਜਿਸ ਤਰ੍ਹਾਂ ਦੀ ਲੋਕ ਉਸ ਨੂੰ ਕਹਿੰਦੇ ਹਨ। ਨਾਲ ਉਸ ਨੇ ਜੋੜ ਲਿਆ ਸੀ ਕਿ ਹੁਣ ਉਸ ਦੇ ਘਰ ਆਉਣ ਦੀ ਕੋਈ ਲੋੜ ਨਹੀਂ। ਉਹ ਮਾਂ ਨੂੰ ਸਾਂਭ ਰਿਹਾ ਹੈ, ਜਿਵੇਂ ਮਾਂ ਉਸ ਦੀ ਹੋਵੇ।

...ਉਸ ਨੂੰ ਪਤਾ ਹੀ ਨਹੀਂ ਲੱਗਾ, ਉਹ ਕਦੋਂ ਉਸ ਰੇਲ ਗੱਡੀ ਵਿਚ ਬੈਠ ਚੁੱਕੀ ਸੀ, ਜਿਸ ਦੇ ਥੱਲੇ ਉਹ ਮਰਨਾ ਚਾਹੁਦੀ ਸੀ। ਉਸ ਨੂੰ ਹਾਸਾ ਆ ਗਿਆ। ਜਿੰਦਗੀ ਨਾਲ ਉਸ ਨੂੰ ਕਿੰਨਾ ਪਿਆਰ ਸੀ। ਕਿ ਉਹ ਬਰਾਬਰ ਬਚ ਬਚ ਕੇ ਚੱਲ ਰਹੀ ਹੈ। ਪਲੇਟਫਾਰਮ ਦੇ ਸਿਰੇ ਤੇ ਉਸ ਨੇ ਸਟੇਸ਼ਨ ਦਾ ਨਾਂ ਪੜ੍ਹਿਆ...ਪ੍ਰਤਾਪਗੜ੍ਹ... ਆਪਣੇ ਪਿੰਡ ਦੇ ਕਰੀਬ ਦੇ ਸਟੇਸ਼ਨ ਨੂੰ ਵੀ ਉਸ ਨੇ ਕਦੀ ਨਹੀਂ ਦੇਖਿਆ ਸੀ। ਉਹ ਕੋਨੇ 'ਚ ਸੁੰਗੜ ਕੇ ਬੈਠ ਗਈ ਸੀ। ਕਿਸੇ ਅਣਜਾਣ ਔਰਤ ਦੇ ਨਾਲ। ਬ੍ਰੀਫਕੇਸ਼ ਉਸ ਦੀ ਗੋਦ ਵਿਚ ਸੀ। ਜਿਸ ਦਾ ਬੋਝ ਉਸ ਨੇ ਅਜੇ ਤੱਕ ਮਹਿਸੂਸ ਵੀ ਨਹੀਂ ਕੀਤਾ ਸੀ।

ਰੇਲ ਗੱਡੀ ਹਿੱਲੀ ਸੀ ਹੁਣ ਥੋੜ੍ਹਾ ਥੋੜ੍ਹਾ ਰੁਕ ਰੁਕ ਕੇ ਚਲਣ ਗੱਲ ਪਈ ਸੀ। ਕੋਨੇ ਵਿਚ ਬੈਠੀ ਘੁੰਡ ਦੇ ਅੰਦਰ ਹੀ ਅੰਦਰ ਖਬਰੇ ਉਹ ਕੀ ਕੀ ਸੋਚਣ ਲੱਗ ਪਈ ਸੀ। ਅੱਜ ਪਿਤਾ ਜੀ ਹੁੰਦੇ ਤਾਂ ਉਸ ਦੀ ਇਹ ਹਾਲਤ ਨਾ ਹੁੰਦੀ। ਪ੍ਰਾਇਮਰੀ ਸਕੂਲ ਦੇ ਮਾਸਟਰ, ਕਿੰਨੀ 'ਖ਼ਾਹਿਸ' ਸੀ ਉਸ ਦੀ, ਕਿ ਉਸ ਦੇ ਬੱਚੇ ਪੜ੍ਹਨ, ਬਹੁਤ ਪੜ੍ਹਨ, ਕਿੰਨੀ ਮਿਹਨਤ ਕਰਦੇ ਸੀ ਉਹ , ਸਵੇਰ ਸ਼ਾਮ ਦੋਵੇਂ ਵੇਲੇ ਟਿਊਸ਼ਨਾ ਕਰਦੇ ਸੀ ਉਹ ਦਿਨ ਭਰ ਸਕੂਲ ਵਿਚ ਸਿਰ ਖਪਾਈ। ਨਾਲ ਨਾਲ ਖੇਤੀ ਦਾ ਕੰਮ, ਲਵਾਈ, ਗੁਡਾਈ, ਸਿੰਜਾਈ ਫਿਰ ਬੀਜ ਬੀਜਣੇ, ਫਸਲ ਦੀ ਦੇਖ ਭਾਲ, ਮਾਤਾ ਪਿਤਾ ਦੋਵੇਂ ਲੱਗੇ ਰਹਿੰਦੇ ਸਨ। ਉਸ ਦੇ ਅੱਗੇ ਸੁਪਨੇ ਸੀ। ਉਸਦੀ ਧਰਤੀ 'ਚ ਉਸ ਸਾਹਮਣੇ ਵਾਲੀ ਫਸਲ ਦੇ ਵਾਂਗੂ ਉਸ ਦੀ ਔਲਾਦ ਰੂਪੀ ਫਸਲ ਵੀ ਇਕ ਦਿਨ ਮਹਿਕੇਗੀ, ਵੱਡੀ ਹੋਵੇਗੀ, ਵਧੇਗੀ, ਚੰਗਾ ਹੋਇਆ ਉਹ ਮਰ ਗਿਆ, ਆਪਣੀ ਪੜ੍ਹੀ ਲਿਖੀ ਬੇਟੀ ਦਾ ਇਸ ਤਰ੍ਹਾਂ ਦਾ ਪਤਨ ਉਸ ਕਿਵੇਂ ਬਰਦਾਸਤ ਕਰ ਸਕਦਾ ਸੀ।

ਸਾਹਮਣੇ ਬੈਠਾ ਆਦਮੀ ਧੂੰਏ ਦੇ ਛੱਲੇ ਸੁੱਟਣ ਲੱਗ ਪਿਆ ਸੀ, ਦਿਲ ਘਟਣ ਲੱਗਾ। ਅਜਿਹਾ ਹੀ ਦਿਲ ਉਸ ਦਾ ਉਸ ਦਿਨ ਵੀ ਘਟਿਆ ਸੀ ਜਦੋਂ ਧਰਮਪਾਲ ਨੇ ਉਸ ਨੂੰ ਚਾਰੇ ਵਾਲੀ ਕੋਠੜੀ 'ਚ ਘਸੀਟ ਕੇ ਉਸ ਦੇ ਮੂੰਹ ਤੇ ਧੂੰਆਂ ਹੀ ਧੂੰਆਂ ਉਲਦ ਦਿੱਤਾ ਸੀ। ਕਿੰਨੀ ਬੁਰੀ ਤਰ੍ਹਾਂ ਗੁੱਸੇ ਨਾਲ ਧੂੰਆਂ ਸੁੱਟਦਾ ਹੋਇਆ ਉਹ ਉਥੋਂ ਭੱਜਿਆ ਸੀ, 'ਸਾਲੀ ਨੂੰ ਇਸ ਘਰ 'ਚੋਂ ਨਾ ਬਾਹਰ ਕੱਢਿਆ ਤਾਂ ਕਹਿਣਾ। ਵੱਡੀ ਆਈ ਹੈ ਹੂਰਾ-ਪਰੀ। ਆਪਣੇ ਆਪ ਨੂੰ ਜਿਵੇਂ ਪਰੀ ਸਮਝਦੀ ਹੈ। ' ਦਿਉਰ ਧਰਮਪਾਲ ਸਿੰਘ ਕਹਿ ਕੇ ਭੱਜਾ ਸੀ।

ਟ੍ਰੇਨ ਅਚਾਨਿਕ ਰੁਕ ਕੇ ਖੜੀ ਹੋ ਗਈ। ਮੀਂਹ ਦੀ ਵਾਛੜ ਬੜੀ ਤੇਜੀ ਨਾਲ ਪੈਣ ਲੱਗ ਪਈ ਸੀ ਕਿਨਾਰੇ ਤੇ ਬੈਠੀ ਉਹ ਭਿੱਜਣ ਲੱਗੀ ਸੀ। ਸਾਹਮਣੇ ਵਾਲੇ ਆਦਮੀ ਨੇ ਅੱਗੇ ਵੱਧ ਕੇ ਸ਼ੀਸ਼ਾ ਥੱਲੇ ਕਰ ਦਿੱਤਾ ਸੀ। ਉਹ ਤਾਂ ਐਨਾ ਵੀ ਨਹੀਂ ਜਾਣਦੀ ਸੀ। ਪਹਿਲੀ ਵਾਰ ਰੇਲ ਉਤੇ ਬੈਠੀ ਸੀ। ਸਹੁਰੇ-ਪੇਕੇ ਘਰ ਇਕ ਹੀ ਖੇਤਰ ਵਿਚ ਹੋਣ ਕਰਕੇ ਰੇਲ ਦੀ ਲੋੜ ਨਹੀਂ ਪਈ ਸੀ। ਇਸ ਇਲਾਕੇ ਵਿਚ ਬੈਲ ਗੱਡੀਆਂ ਵਿਚ ਬੈਠ ਕੇ ਔਰਤਾਂ ਗਾਉਂਦੀਆਂ ਹੋਈਆਂ ਘਰਾਂ ਵਿਚ ਲਿਆਈਆਂ ਜਾਂਦੀਆਂ ਸਨ। ਪੀਲੀ ਪੱਗ ਤੇ ਗੁਲਾਬੀ ਪਟਕਾ ਬੰਨੀ ਅਮਰਪਾਲ ਨਕਲੀ ਟੀਨ ਉਪਰ ਮੜੀ ਲਕੜੀ ਦੀ ਚਮਕਦੀ ਤਲਵਾਰ ਹੱਥ ਵਿਚ ਲਈ ਪਿੱਛੇ ਪਿੱਛੇ ਚਲ ਰਿਹਾ ਸੀ। ਪਿੱਛੇ ਜਾਂ ਅੱਗੇ। ਕੁਝ ਵੀ ਚੇਤੇ ਨਹੀਂ ਹੈ ਹੁਣ। ਬਸ ਘੁੰਡ ਵਿਚ ਲਹਿਰਾਂਦੀਆਂ ਪੱਤੀਆਂ ਵਿਚ ਘਿਰਿਆ ਉਸ ਦਾ ਸੇਹਰਾ ਦਿਸਿਆ ਸੀ। ਉਸ ਸੇਹਰੇ ਦੇ ਥੱਲੇ ਦਾ ਚਿਹਰਾ ... ਸਰੀਰ ਤੇ ਉਹ.... ਉਪਰ ਤੋਂ

ਥੱਲੇ ਤੱਕ ਦੀ ਉਹਦੇ ਸਰੀਰ ਦੀ ਬਣਤਰ ਬੜੀ ਅਜੀਬ ਲੱਗੀ ਸੀ... ਕਿਸ ਨੂੰ ਪਤਾ ਸੀ?'

'ਭਰਾਵਾ ਰੇਲ ਗੱਡੀ ਅੱਗੇ ਕਿਓ ਨਹੀਂ ਵੱਧ ਰਹੀ, ਕਿਓਂ ?'

'ਅੱਗੋ ਰਸਤਾ ਟੁੱਟਾ ਪਿਆ ਹੈ, ਰਸਤਾ ਠੀਕ ਹੋ ਰਿਹਾ ਹੈ। ਤੈਨੂੰ ਪਤਾ ਹੈ ਭਰਾਵਾ ਪੂਰਾ ਪ੍ਰਤਾਪਗੜ੍ਹ ਪਾਣੀ ਵਿਚ ਡੁੱਬਿਆ ਪਿਆ ਹੈ। ਪਾਣੀ ਘਰਾ ਦੇ ਅੰਦਰ ਤੱਕ ਭਰ ਗਿਆ ਹੈ। ਕਈ ਘਰ ਡਿੱਗ ਪਏ ਹਨ। ' ਦੂਜਾ ਆਦਮੀ ਦੱਸਣ ਲੱਗਾ ਸੀ।

ਕੋਨੇ ਵਿਚ ਬੈਠੀ ਉਹ ਉਂਘਣ ਲੱਗ ਪਈ ਸੀ। ਰਾਤ ਦਾ ਕੁਝ ਵੀ ਪੇਟ ਵਿਚ ਨਹੀਂ ਗਿਆ ਸੀ। ਬਸ ਪਏ ਤਾਂ ਕੇਵਲ ਲੱਤਾਂ ਮੁੱਕੇ ਅਤੇ ਜੱਤੀਆਂ ਤੇ ਉਹ... ! ਉਹ ਚੇਤੇ ਨਹੀਂ ਕਰਨਾ ਚਾਹੁੰਦੀ ਸੀ। ਦੇਹ ਦੀ ਚੂਲ ਚੂਲ ਹਿਲ ਗਈ ਸੀ। ਮਨ ਕੀਤਾ ਸੀ ਕਿ ਬਾਣ ਦੀ ਬਣੀ ਹੋਈ ਇਕ ਮੰਜੀ ਮਿਲ ਜਾਵੇ। ਤਾਂ ਉਸ ਤੇ ਆਰਾਮ ਕਰੇ। ਪੂਰੇ ਆਰਾਮ ਦੀ ਹੱਦ ਤੱਕ। ਪਰ ਰੇਲ ਗੱਡੀ ਵਿੱਚ ਤਾਂ ਤਿਲ ਸੁੱਟਣ ਦੀ ਥਾਂ ਨਹੀਂ ਸੀ। ਭੀੜ ਤੇ ਧੱਕਮ ਧੱਕਾ। ਰੇਲ ਜਿੰਨੀ ਦੇਰ ਖੜੀ ਰਹੀ, ਲੋਕ ਆਉਂਦੇ ਹੀ ਜਾ ਰਹੇ ਸਨ। ਇੰਝ ਲਗਦਾ ਕਿ ਜੇ ਕਰ ਇਕ ਘੰਟਾ ਰੇਲ ਖੜੀ ਰਹੀ ਤਾਂ ਸਾਰਾ ਪ੍ਰਤਾਪਗੜ੍ਹ ਉਸ ਡੱਬੇ ਵਿਚ ਆ ਜਾਵੇਗਾ। ... ਉਸ ਭੀੜ 'ਚ ਸੀਟ ਦੇ ਇਕ ਕੋਨੇ ਨਾਲ ਲੱਗੀ ਪਈ ਸੀ ਉਹ , ਜੇ ਰਤਾ ਵੀ ਹਿੱਲੀ ਤਾਂ ਕੁਚਲ ਹੋ ਜਾਵੇਗੀ। ਮੀਂਹ ਬਹੁਤ ਤੇਜੀ ਨਾਲ ਪੈ ਰਿਹਾ ਸੀ। ਪਸੀਨੇ ਦਾ ਮੁਸ਼ਕ, ਅਜੀਬ ਜਿਹਾ ਲਿਜਲਿਜ ਪਨ ਤੇ ਤੇ ਸਰੀਰ ਦਾ ਸਪਰਸ਼, ਹੇ ਭਗਵਾਨ ਮੈਂ ਕਿੱਥੇ ਆ ਗਈ ਹਾਂ ! ਉਹ ਆਪਣਾ ਨੱਕ ਬੰਦ ਕਰ ਰਹੀ ਸੀ ਲਗਦਾ ਸੀ ਜੇਕਰ ਉਹ ਕੁਝ ਦੇਰ ਉਸ ਹਾਲਤ ਵਿਚ ਰਹੀ ਤਾਂ ਸਾਹ ਘੁੱਟ ਕੇ ਮਾਰ ਵੀ ਸਕਦੀ ਹੈ। ਖੁੱਲ੍ਹੀ ਹਵਾ ਵਿਚ ਕਲਾਬਾਜੀਆਂ ਕਰਨ ਵਾਲੀ ਉਹ ਨਿੱਕੀ ਜਿਹੀ ਚਿੜੀ, ਕੂੜੇ ਦੇ ਕਿਸੇ ਢੇਰ ਵਿਚ ਆ ਵੜੀ ਸੀ।

ਆਖਰ ਰੇਲ ਥੋੜ੍ਹੀ ਜਿਹੀ ਚੱਲੀ ਸੀ। ਹੋਲੀ ਹੋਲੀ ਹਵਾ ਦਾ ਇਕ ਬੁੱਲਾ ਆਇਆ ਸੀ। ਤਾਂ ਉਦੋਂ ਹੀ ਬੱਦਲ ਗੜਕੇ ਸਨ। ਬਿਜਲੀ ਦੀ ਤਾਰ ਦੂਰ ਤੱਕ ਫਿਰ ਗਈ ਸੀ। ਬਿਜਲੀ ਦੀ ਰੋਸ਼ਨੀ ਵਿਚ ਉਸ ਨੇ ਪੜਿਆ ਸੀ ਕਿ 'ਕੰਮ ਜਲਦੀ ਖਤਮ ਕਰੋ, ਦੇਸ਼ ਨੂੰ ਅੱਗੇ ਵਧਾਓ...' ਸਭ ਕੁਝ ਪਿੱਛੇ ਛੁੱਟ ਰਿਹਾ ਸੀ। ਸਟੇਸ਼ਨ ਦੀ ਦਿਵਾਰ ਉਪਰ ਲਿਖੇ ਉਹ ਸ਼ਬਦ ਵੀ। ਗੱਡੀ ਕੁਝ ਦੇਰ ਬਾਅਦ ਮੱਧਮ ਗਤੀ ਨਾਲ ਚੱਲੀ ਸੀ। ਫਿਰ ਰੁਕ ਕੇ ਖੜੀ ਹੋ ਗਈ ਸੀ। ਪਾਣੀ ਦੀ ਬਾਛੜ ਨਾਲ ਬਾਹਰ ਹਨੇਰਾ ਪਸਰ ਗਿਆ ਸੀ। ਗੱਡੀ ਫਿਰ ਖਿਸਕੀ ਸੀ। ਆਪਣੀ ਪੁਰਾਣੀ ਰਫਤਾਰ ਨਾਲ। ਕਿਸੇ ਨੇ ਕਿਹਾ, ' ਇਹ ਸਹੁਰੀ ਦੀ ਪਸੰਜਰ ਗੱਡੀ ਇਲਾਹਾਬਾਦ ਰਾਤ ਨੂੰ ਇਕ ਵਜੇ ਪਹੁੰਚੇਗੀ।'

'ਓਹ ਹੋ ਯਾਰ ਜਦੋਂ ਵੀ ਪਹੁਚਾਵੇ, ਪਹੁੰਚਾਵੇਗੀ ਜਰੂਰ।'

ਖਿੜਕੀ ਦੇ ਸੀਸ਼ੇ ਦੇ ਵਿਚ ਦੀ ਦਰਖਤ ਦੌੜਦੇ ਹੋਏ ਭੂਤ ਵਾਂਗ ਲੱਗ ਰਹੇ ਸਨ। ਜੇਠ ਦਾ ਮਹੀਨਾ ਹੋਣ ਕਰਕੇ ਗਰਮੀ ਹੋਣ ਕੇ ਕਾਰਨ ਮੀਂਹ ਲਗਾਤਾਰ ਪੈਣ ਕਾਰਨ ਅਤੇ ਹੁਣ ਹਵਾ ਦੇ ਬੁੱਲਿਆ ਨਾਲ ਹਵਾ ਵਿਚ ਨਮੀ ਆ ਗਈ ਸੀ। ਤੇ ਲੋਕ ਪਸੀਨੇ ਦੀ ਬਦਬੂ ਦੇ ਨਾਲ ਨਾਲ ਕੁਝ ਠੰਡ ਵੀ ਮਹਿਸੂਸ ਕਰਨ ਲੱਗ ਪਏ ਸਨ। ਲੋਕਾਂ ਦੀਆਂ ਗੱਲਾਂ ਤੋਂ ਹੀ ਉਸ ਨੂੰ ਜਦੋਂ ਵੀ ਪਤਾ ਲੱਗਾ ਕਿ ਗੱਡੀ ਇਲਾਹਾਬਾਦ ਜਾ ਰਹੀ ਹੈ। ਇਲਾਹਾਬਾਦ ਵਿਚ ਗੰਗਾ ਮਈਆ ਹੈ। ਚਲੋ ਚੰਗਾ ਹੈ ਗੰਗਾ ਮਾਂ ਵਿਚ ਹੀ ਡੁੱਬ ਮਰੇਗੀ। ਸਹਿਜ ਹੋ ਕੇ ਉਹ ਥੋੜਾ ਕੋਨੇ ਵੱਲ ਹੋਰ ਸਰਕ ਗਈ। ਲਾਗੇ ਬੈਠੀ ਔਰਤ ਨੀਂਦ ਨਾਲ ਉਂਘਦੀ ਹੋਈ ਉਸ ਉਪਰ ਢੇਰੀ ਹੋਈ ਪਈ ਸੀ।

ਫਿਰ ਪਤਾ ਨਹੀਂ ਕਿਹੜਾ ਸਟੇਸ਼ਨ ਆਇਆ ਅਤੇ ਗੱਡੀ ਦੇ ਡੱਬੇ ਤੋਂ ਬਹੁਤ ਸਾਰੇ ਲੋਕ ਉਤਰ ਗਏ ਸੀ। ਡੱਬਾ ਕਰੀਬ ਖਾਲੀ ਹੋ ਗਿਆ ਸੀ। ਖਾਸ ਕਰਕੇ ਉਸਦੀ ਸੀਟ ਵਾਲੇ ਕੋਨੇ ਨਾਲ ਸਿਰ ਟਿਕਾ ਕੇ ਘੁੰਡ ਦੀ ਪਰਤ ਇਕ ਪਾਸੇ ਕਰਕੇ ਭਾਰੇ ਪੈਰਾ ਨੂੰ ਇਕ ਪਾਸੇ ਪਸਾਰ ਕੇ ਉਹ ਗਹਿਰੀ ਨੀਂਦ 'ਚ ਸੌਂਅ ਗਈ ਸੀ। ਉਸ ਨੂੰ ਚੇਤੇ ਹੀ ਨਹੀਂ ਰਿਹਾ ਸੀ, ਗੋਦ ਵਿਚਲੇ ਅਟੈਚੀ ਨੂੰ ਭਾਵੇਂ ਕੋਈ ਚੁੱਕ ਕੇ ਲੈ ਜਾਵੇ। ਭਾਵੇਂ ਕੋਈ ਉਸ ਦੇ ਘੁੰਢ ਨੂੰ ਚੁੱਕ ਕੇ ਉਹਦਾ ਮੂੰਹ ਚੁੰਮ ਲਵੇ। ਉਨੀਂਆਂ ਸਾਲਾ ਦੀ ਬੇਖਬਰ ਔਰਤ ਨੁਮਾ ਇਕ ਬੱਚੀ, ਇਕ ਨਵੀਂ ਦੁਲਹਨ, ਪਤਾ ਨਹੀ ਕਿੱਥੇ ਲੈ ਕੇ ਜਾ ਰਹੀ ਹੈ ਉਸ ਦੀ ਕਿਸਮਤ... ਇਸ ਵਾਰ ਤਾਂ ਗੰਗਾ ਮਾਂ ਦੇ ਪਾਣੀ ਦੇ ਵਹਾ ਵਿਚ ਡੁੱਬ ਮਰੇਗੀ। ਡੁੱਬ ਕੇ ਆਤਮਹੱਤਿਆ ਕਰਨ ਦਾ ਇਸ ਵਾਰ ਉਸ ਨੇ ਪੂਰਾ ਤੇ ਪੱਕਾ ਫੈਸਲਾ ਕਰ ਲਿਆ ਸੀ। ਅਤੇ ਇਸ ਫੈਸਲੇ ਦੇ ਨਾਲ ਹੀ ਉਹ ਨਿਸਚਿੰਤ ਹੋ ਕੇ ਸੌਂਅ ਗਈ।

'ਇਲਾਹਾਬਾਦ ਆ ਗਿਆ ਹੈ।' ਕਿਸੇ ਬੋਲ ਨੇ ਉਸ ਨੂੰ ਉਠਾ ਦਿੱਤਾ ਸੀ। ਹੜਬੜਾ ਕੇ ਉਹ ਉੱਠ ਪਈ



ਤਾਂ ਮੀਂਹ ਤਕਰੀਬਨ ਘਟ ਗਿਆ ਸੀ। ਉਤਰ ਜਾਵਾ ਜਾਂ ਅੱਗੇ ਨੂੰ ਚਲੀ ਜਾਵਾ? ਫਿਰ ਇਕ ਹੋਰ ਵਿਚਾਰ ਆਇਆ ਸੀ। ਉਦੋਂ ਹੀ ਗੱਡੀ ਦੇ ਬਾਹਰ ਕਿਸੇ ਨੇ ਡੰਡਾ ਮਾਰਿਆ ਸੀ, 'ਗੱਡੀ ਖਾਲੀ ਕਰੋ, ਗੱਡੀ ਠੀਕ ਹੋਣ ਲਈ ਜਾ ਰਹੀ ਹੈ। ਉਹ ਕੁਝ ਨਹੀਂ ਸਮਝ ਸਕੀ। ਮਨ ਵਿਚ ਇਕ ਭਾਰੀ ਡਰ ਲੈ ਕੇ ਉਹ ਥੱਲੇ ਉਤਰ ਗਈ। ਸਟੇਸ਼ਨ ਬੱਤੀਆਂ ਦੀ ਰੋਸ਼ਨੀ ਨਾਲ ਭਰ ਗਿਆ ਸੀ। ਪੂੜੀਆਂ ਚਾਹ ਤੇ ਹੋਰ ਪਤਾ ਨਹੀਂ ਕੀ ਕੀ। ਆਵਾਜ਼ਾ ਨਾਲ ਪੂਰਾ ਸਟੇਸ਼ਨ ਭਰਿਆ ਪਿਆ ਸੀ। ਉਸ ਦੀਆਂ ਅੰਤੜੀਆਂ ਵਿਚ ਖਾਲੀਪਨ ਮਹਿਸੂਸ ਹੋ ਰਿਹਾ ਸੀ। ਸਵੇਰੇ ਤੋਂ ਇਕ ਬੁਰਕੀ ਵੀ ਉਸ ਦੇ ਪੇਟ ਵਿਚ ਨਹੀਂ ਗਈ ਸੀ। ਉਸ ਨੇ ਸਾਹਮਣੇ ਵਾਲੀ ਜ਼ਮੀਨ ਤੇ ਬਸ ਬੈਠਣ ਦੀ ਹੀ ਕੀਤੀ। ਉਦੋਂ ਹੀ ਇਕ ਆਦਮੀ ਨੇ ਉਸ ਨੂੰ ਬੁਲਾਇਆ, 'ਸੁਣ ਲੜਕੀ, ਕਿੱਥੋਂ ਆਈ ਏ ਤੂੰ?' ਘੁੰਡ ਵਿਚ ਲੁਕੇ ਚਿਹਰੇ ਅਤੇ ਨਾਈਲੈਕਸ ਦੀ ਸਾੜ੍ਹੀ ਵਿਚ ਲਿਪਟੇ ਸਰੀਰ ਦੇ ਬਾਵਜੂਦ ਉਹ ਕਿਵੇਂ ਪਹਿਚਾਣੀ ਗਈ ਸੀ, ਕਿ ਉਹ ਲੜਕੀ ਹੈ? ਕੀ, ਕੁਝ ਹੁੰਦਾ ਵੀ ਹੈ ਉਨੀਂਆਂ ਸਾਲਾਂ ਦੀ ਲੜਕੀ ਵਿਚ?, ਕਿ ਸਭ ਕੁਝ ਢੱਕਿਆ ਹੋਣ ਦੇ ਬਾਵਜੂਦ ਸਾਰਾ ਕੁਝ ਉਜਾਗਰ ਹੋ ਜਾਵੇ।

'ਨਾਲ ਹੈ ਕੋਈ ?'

'ਨਹੀਂ ।' ਉਸ ਨੇ ਕੇਵਲ ਸਿਰ ਹਿਲਾਇਆ ਸੀ।

'ਚੱਲ ਮੇਰੇ ਨਾਲ ਚੱਲ।' ਉਹ ਉਸ ਜਾਬਰ, ਭਾਰੇ ਸਰੀਰ ਵਾਲੇ ਭੂਰੀ ਵਰਦੀ ਵਾਲੇ ਦੇ ਮਗਰ ਮਗਰ ਤੁਰ ਪਈ ਸੀ।

'ਏਹ ਸੁਣ , ਤੈਨੂੰ ਆਪਣੇ ਘਰ ਤੋਂ ਬਾਹਰ ਨਹੀਂ ਨਿਕਲਣਾ ਚਾਹੀਦਾ ਸੀ। ' ਵੇਟਿੰਗ ਰੂਮ ਵਿਚ ਨਵੇਂ ਸਿਰੇ ਤੋਂ ਆਵਾਜ਼ਾ ਫਿਰ ਸ਼ੁਰੂ ਹੋ ਗਈਆਂ ਸਨ।

'ਮਾਰਦਾ ਸੀ ਤੇਰਾ ਘਰਵਾਲਾ, ਘਰ ਵਾਲੇ ਤੰਗ ਕਰਦੇ ਸੀ?'

'ਤੂੰ ਆਪਣੇ ਪੇਕੇ ਚਲੇ ਜਾਂਦੀ ?'

'ਉਹ ਹੋ ਪਾਗਲ ਕਿਸੇ ਥਾਂ ਦੀ ਜੇ ਆਦਮੀ ਰੋਟੀ ਦੇਵੇਗਾ ਤਾਂ ਮਾਰੇ-ਕੁੱਟੇਗਾ ਵੀ ।'

'ਜਾਣਦੀ ਏਂ, ਤੂੰ ਕਿੰਨੀ ਦੂਰ ਆ ਗਈ ਏ ?'

'ਜੇ ਕਿਸੇ ਇਕ ਆਦਮੀ ਦੇ ਧੱਕੇ ਚੜ ਗਈ ਤਾਂ ਚੱਲਣ ਜੋਗੀ ਨਹੀਂ ਰਹੇਗੀ ਇਹ ਨਾਜ਼ਕ ਤੋਰ।'

ਸੁਪਨੇ ਵਿਚ ਇਹ ਸਾਰਾ ਸੁਣ ਦੇਖ ਕੇ ਇਕ ਵਾਰ ਤਾਂ ਤ੍ਰਬਕ ਕੇ ਉੱਠ ਪਈ। ਉਸ ਦੇ ਘਰਵਾਲੇ ਨੇ ਹੀ ਇਹ ਸਜ਼ਾ ਨਿਸਚਿਤ ਕੀਤੀ ਸੀ ਉਸ ਲਈ। ਫਿਰ ਘਰ ਛੱਡਣ ਦਾ ਹੁਕਮ ਦਿੱਤਾ ਸੀ। ਬਦ ਸੂਰਤ ਸ਼ਕਲਾ, ਬਦਬੂ ਦਾਰ ਸਮਾਂ, ਕਾਮੀ ਤੇ ਖਾ ਜਾਣ ਵਾਲੀਆਂ ਅੱਖਾਂ, ਕੁਝ ਵੀ ਨਹੀਂ ਭੁੱਲ ਸਕੀ ਸੀ ਉਹ, ... ਨਹੀਂ ਨਹੀਂ ਨਹੀਂ... ਨਹੀਂ ਸਹਿ ਸਕਦੀ ਉਹ ਐਨਾ ਕੁਝ।

'ਸੌਂ ਜਾ ਬੱਚੀ ਸੌਂ ਜਾ, ਤੂੰ ਹੁਣੇ ਹੀ ਤ੍ਰਬਕਣ ਲੱਗੀ ਏ ! ਤੂੰ ਅਜੇ ਨਹੀਂ ਸਮਝ ਸਕਦੀ, ਤੇਰੀ ਕਿੰਨੀ ਮਾੜੀ ਦੁਰਦਸ਼ਾ ਹੋਵੇਗੀ। ਸਵੇਰ ਤੱਕ, ਹੋਰ ਠੰਡੇ ਦਿਮਾ.ਗ ਨਾਲ ਸੋਚ ਲੈ। ਫਿਰ ਦੱਸ ਦੇਣਾ ਤੈਨੂੰ ਕੀ ਮੰਜ਼ੂਰ ਹੈ। ਆਪਣੇ ਆਪ ਨੂੰ ਇਨ੍ਹਾਂ ਵਹਿਸ਼ੀ ਜਾਨਵਾਰਾਂ ਦੇ ਵਸ ਪਾਉਣਾ, ਜਾਂ ਆਪਣੇ ਘਰ ਪਰਤ ਜਾਣਾ। ਅਜੇ ਤਾਂ ਤੂੰ ਸੌਂਅ ਜਾ ਬੱਚੀ !'

ਸਵੇਰ ਤੱਕ ਬਹੁਤ ਸਾਰੀਆਂ ਇਸਤਰੀਆਂ ਜਾ ਚੁੱਕੀਆਂ ਸਨ। ਵੇਟਿੰਗ ਰੂਮ ਕਾਫੀ ਖਾਲੀ ਹੋ ਗਿਆ ਸੀ। ਜਿਹੜੀਆਂ ਇਸਤਰੀਆਂ ਬਾਕੀ ਬਚੀਆਂ ਸਨ। ਉਹ ਉਸ ਦੇ ਚਾਰੇ ਪਾਸੇ ਬੈਠੀਆਂ ਸਨ।

'ਬੇਟੀ ਅਜੇ ਵੀ ਘਰ ਪਰਤ ਜਾ ਤੂੰ, ਅਸੀਂ ਕਿਹੜੀਆਂ ਇਥੇ ਬੈਠੀਆਂ ਰਹਿਣਾ ਹੈ। ਸਾਡੀਆਂ ਗੱਡੀਆਂ ਦਾ ਸਮਾਂ ਵੀ ਹੁੰਦਾ ਜਾ ਰਿਹਾ ਹੈ। ਤੂੰ ਅਜੇ ਬੇਸਮਝ ਏ। ਅਸੀਂ ਜੋ ਕਹਿੰਦੀਆਂ ਹਾਂ ਤੂੰ ਸਾਰਾ ਕੁਝ ਸਹਾਰ ਨਹੀਂ ਸਕਦੀ। ਇਕ ਰਾਤ ਵਿਚ ਮਰ ਜਾਵੇਗੀ, ਪੱਕਾ ਮਰ ਜਾਵੇਗੀ। ਕੁੱਤੇ ਬਿੱਲੇ ਤੇਰੀ ਲਾਸ਼ ਨੂੰ ਖਾਣਗੇ। ਤਾਂ ਪਤਾ ਵੀ ਨਹੀਂ ਲੱਗੇਗਾ। , ਤੇਰੀ ਲਾਸ਼ ਕਿੱਥੇ ਹੈ। ਬੋਲ ਤੈਨੂੰ ਕੀ ਮੰਜ਼ੂਰ ਹੈ ?'

'ਮਾਂ ਮੈਂ ਸੱਚੀ ਮਰ ਜਾਵਾਗੀ ਉਦੋਂ ? ਉਤਰ ਨਾ ਦੇ ਕੇ ਉਸਨੇ ਬੜੀ ਬੇਸਬਰੀ ਨਾਲ ਸਵਾਲ ਕੀਤਾ ਸੀ ਅਤੇ ਜਵਾਬ ਲੈਣ ਲਈ ਉਹ ਬੈਠ ਗਈ ਸੀ, ਡਰ ਨਾਲ ਇੱਕੱਠੀ ਹੋ ਕੇ... ਉਡੀਕ 'ਚ ?

# ਸਤਰੰਜ ਦੇ ਖਿਡਾਰੀ

## ਮੈਤ੍ਰਈ ਪੁਸ਼ਪਾ

ਕਾਮਤਾ, ਠੁਕਰਾਇਨ ਨੂੰ ਲੈਣ ਜਾ ਰਿਹਾ ਹੈ। ਉਸ ਦਾ ਰੋਮ-ਰੋਮ ਸੁੰਗੜ ਰਿਹਾ ਹੈ। ਆਪਣੀ ਚਾਲੀ ਸਾਲਾ ਦੀ ਉਮਰ 'ਚ ਉਹਨੂੰ ਐਨਾ ਡਰ ਕਦੇ ਵੀ ਨਹੀਂ ਸੀ ਲੱਗਾ। ਬੱਸ ਦੀ ਪਹਿਲੀ ਪੌੜੀ ਉਪਰ ਪੈਰ ਰੱਖਦੇ




ਹੀ ਲੱਤ ਪਾਰੇ ਵਾਂਗ ਕੰਬਣ ਲੱਗ ਪਈ ਸੀ ਕਿ ਤੂੰ ਹੀ ਰਹਿ ਗਿਆ ਏ ਠੁਕਰਾਇਨ ਨੂੰ ਲਿਆਉ ਦੇ ਲਈ? ਕਿ ਉਹ ਤੇਰੇ ਜਾਣ ਤੋਂ ਬਿਨਾ ਆਵੇਗੀ ਨਹੀਂ? ਕਿ ਕਿਉਂ ਜਾਣ ਬੁੱਝ ਕੇ ਆਪਣੇ ਪੈਰ ਲੱਕੜ ਦੀ ਮੋਰੀ 'ਚ ਦੇ ਰਹੀ ਏ? ਉਹਨਾਂ ਦੇ ਨਾਲ ਖੜਨ ਵਾਲੇ ਕਿੱਥੇ ਅਲੋਪ ਹੋ ਗਏ ? ਕੀ ਉਹ ਖਾਲੀ ਦਾਰੂ-ਮੁਰਗਾ ਛਕਣ ਦੇ ਲਈ ਹੀ ਸੀ ?

ਇਸ 'ਚ ਕੋਈ ਸ਼ੰਕਾਂ ਵੀ ਨਹੀਂ। ਜੇ ਕਿਸੇ ਨੇ ਘਰ ਪੁੱਛਿਆ ਤਾਂ ਜਵਾਬ ਨਹੀਂ ਮਿਲੇਗਾ ਉਸਨੂੰ। ਪਿੰਡ ਦੇ ਲੋਕ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ। ਕਾਮਤਾ ਨੇ ਗ਼ਲਤ ਗੱਲਾਂ ਦਾ ਖੰਡਨ ਵੀ ਕਰਨਾ ਚਾਹਿਆ



ਪਰ ਉਸ ਦੀ ਜੀਭ ਰੁਕ ਗਈ। ਬੁੱਲ੍ਹ ਕੰਬਣ ਲੱਗ ਪਏ। ਵਿਕਰਮ, ਨੱਥੂ ਅਤੇ ਸੁਜਾਨ ਬੜੇ ਸ਼ੇਰ ਬਣ ਰਹੇ ਸਨ, ਉਹ ਹੁਣ ਕਿੱਥੇ ਹੈ ? ਸ਼ਕਲ ਨਹੀਂ ਦਿਸੀ ਇਕ ਦੀ ਵੀ ! ਸਾਲੇ ਠਾਕੁਰ ਬਣਦੇ ਨੇ। ਗਿੱਦੜ ਦੀ ਔਲਾਦ।

ਸੀਟ ਉੱਤੇ ਅੱਖਾਂ ਬੰਦ ਕਰਕੇ ਬੈਠਾ ਹੈ ਕਾਮਤਾ। ਝੋਲੇ ਦੀ ਤਣੀ ਮੁੱਠੀ 'ਚ ਘੁੱਟ ਕੇ ਰੱਖੀ ਹੋਈ ਹੈ। ਬਹੁਤ ਮਨ ਦ੍ਰਿੜ ਕੀਤਾ ਕਿ ਕੱਲ੍ਹ ਦੇ ਬਾਰੇ 'ਚ ਨਾ ਸੋਚੇ, ਪਰ ਕੋਈ ਕੋਈ ਮੁਸੀਬਤ ਇਸ ਤਰ੍ਹਾਂ ਆਦਮੀ ਦੇ ਮਨ 'ਚ ਜਮ ਜਾਂਦੀ ਹੈ ਕਿ ਛੱਡਿਆ ਵੀ ਨਹੀਂ ਛੱਡ ਹੁੰਦੀ। ਡਰ ਦਾ ਵਹਿਮ ਵੀ ਬਹੁਤ ਮਾੜੀ ਚੀਜ ਹੈ। ਹੁਣ ਤਾਂ ਕੱਲ੍ਹ ਵਾਲੀ ਰਾਤ ਦੀ ਘਟਨਾ ਆਪਣੇ ਮਰਨ ਤੋਂ ਬਾਅਦ ਹੀ ਭੁੱਲਾ ਸਕੇਗਾ ਕਾਮਤਾ।

ਉਂਝ ਤਾਂ ਆਲੇ ਦੁਆਲੇ ਦੇ ਪਿੰਡਾਂ 'ਚ ਅਜਿਹੀਆਂ ਘਟਨਾਵਾਂ ਹੁੰਦੀਆਂ ਹੀ ਰਹਿੰਦੀਆਂ ਹਨ, ਰੋਜ ਹੀ ਕੁਝ ਨਾ ਕੁਝ ਸੁਣ ਲਓ। ਮਾਲਿਕ ਖੁਦ ਅਖ਼ਬਾਰਾਂ ਚੋਂ ਪੜ੍ਹ ਪੜ੍ਹ ਸੁਣਾਉਂਦੇ ਰਹਿੰਦੇ ਸੀ... ਪਰ ਕੰਨਾਂ ਨੂੰ ਸੁਣੀ ਅਤੇ ਅੱਖੀ ਦੇਖੀ ਗੱਲ 'ਚ ਕੀ ਫਰਕ ਹੁੰਦਾ ਹੈ, ਇਹ ਤਾਂ ਕੱਲ ਹੀ ਪਤਾ ਲੱਗਾ। ਉਦੋਂ ਤੋਂ ਅੱਜ ਸ਼ਾਮ ਪੈ ਗਈ, ਉਸਨੇ ਖਾਣਾ, ਸੌਣਾ, ਇਥੋਂ ਤੱਕ ਕਿ ਨਿੱਤ ਦੇ ਕੰਮ ਕਾਰ ਤਿਆਗ ਦਿੱਤੇ ਹਨ। ਦੁਰਗੀ ਕੀ ਕਹਿ ਰਹੀ ਹੈ ? ਕੀ ਉਹ ਹੁਕਮ ਦੇ ਰਹੀ ਹੈ? ਕੀ ਸਮਝਾਉਣ ਦੀ ਕੋਸ਼ਿਸ਼ ਕਰ ਰਹੀ ਹੈ? ਸਾਰਾ ਕੁਝ ਸੁਣਿਆ ਹੈ ਉਸ ਨੇ ਪਰ ਯਾਦਾਂ ਲਤੀਫ਼ਾ ਬਣ ਕੇ ਰਹਿ ਗਈਆ।

ਕਾਮਤਾ ਦੇ ਉਪਰ ਮਾਲਕ ਸਵਾਰ ਹੈ। ''ਕਾਮਤੇ ਪੈਰ ਘੁੱਟ ਦੇ ਉਏ।'' ਮਾਲਕ ਨੇ ਦੁਪਹਿਰ ਦੇ ਸਮੇਂ ਆਵਾਜ਼ ਦੇ ਕੇ ਉਸ ਨੂੰ ਬੁਲਾ ਲਿਆ ਸੀ। ਉਸ ਸਮੇਂ ! ਉਹ ਪਸ਼ੂਆ ਵਾਲੀ ਥਾਂ ਪਸ਼ੂਆ ਲਈ ਤੂੜੀ ਖ਼ਲ ਦਾ ਗੁਤਾਵਾ ਕਰ ਰਿਹਾ ਸੀ।

ਜਲਦੀ ਜਲਦੀ ਹੱਥ ਚਲਾ ਕੇ ਉਸ ਨੇ ਕੰਮ ਖਤਮ ਕੀਤਾ ਅਤੇ ਕੋਲ ਹੀ ਰੱਖੀ ਬਾਲਟੀ ਨੂੰ ਥੋੜ੍ਹਾ ਜਿਹਾ ਟੇਡੀ ਕਰਕੇ ਆਪਣੇ ਹੱਥ ਧੋ ਲਏ। ਆਪਣੀ ਧੋਤੀ ਦੇ ਲੜ ਨਾਲ ਗਿੱਲੇ ਹੱਥਾਂ ਨੂੰ ਸਾਫ਼ ਕਰਦਿਆਂ ਬੈਠਕ 'ਚ ਹਾਜਿਰ ਹੋ ਗਿਆ। ਮਾਲਕ ਪੱਕੇ ਫਰਸ਼ ਉੱਤੇ ਰੱਖੇ ਪਿੱਠਦਾਰ ਮੂੜੇ ਦੀ ਲਾਲ ਗੱਦੀ ਉੱਤੇ ਆਰਾਮ ਦੇ ਨਾਲ ਬੈਠਾ ਸੀ। ਚੌੜੇ ਤੇ ਗੋਰੇ ਮੱਥੇ ਉੱਤੇ ਗੁਲਾਬੀ ਸਾਫ਼ਾ, ਉਸ ਦੇ ਥੱਲੇ ਲੰਮਾ ਤਿਲਕ ਜਿਹੜਾ ਕਿ ਪੂਜਾ ਕਰਨ ਤੋਂ ਬਾਅਦ ਲਾ ਲੈਂਦੇ ਸਨ, ਸਰੀਰ 'ਤੇ ਪਤਲਾ ਕੁੜਤਾ ਤੇ ਮਲਮਲ ਦੀ ਚਿੱਟੀ ਧੋਤੀ। ਇਨ੍ਹਾਂ ਦਿਨ੍ਹਾਂ 'ਚ ਮਾਲਿਕ ਵਧੇਰੇ ਹੀ ਤਿਆਰ ਹੋ ਕੇ ਰਹਿੰਦੇ ਸਨ।

ਜਿਹੋ ਜਿਹਾ ਘਰ ਸਾਨਦਾਰ ਰੰਗ-ਰੋਗਨ ਅਤੇ ਵੱਡਾ ਸਾਰਾ ਦਰਵਾਜ਼ਾ, ਪੱਕਾ ਚਬੂਤਰਾ, ਉਹੋ ਜਿਹੀ ਮੁਰਾਦਾਬਾਦੀ ਦਾ ਫ਼ਰਸ਼ੀ ਕਲੀਨ ਫ਼ਰਸ਼ੇ ਤੇ ਵਿਛਿਆ ਰਹਿੰਦਾ ਸੀ। ਨਾਲ ਹੀ ਲੰਮੀ ਨਾਲੀ ਵਾਲਾ ਸ਼ਾਨਦਾਰ ਹੁੱਕਾ। ਆਲੇ ਦੁਆਲੇ ਦੇ ਘੇਰੇ ਵਿੱਚ ਜਿਨੇ ਵੀ ਆਦਮੀ ਬੈਠੇ ਹੋਣ ਕੋਈ ਵੀ ਆਪਣੇ ਵੱਲ ਖਿੱਚ ਸਕਦਾ ਸੀ। ਇਹ ਹੁੱਕਾ ਮਾਲਕ ਦੇ ਪੁਰਖਿਆ ਦੇ ਜ਼ਮਾਨੇ 'ਚ ਪੀਤਾ ਜਾਂਦਾ ਰਿਹਾ ਸੀ। ਉਹ ਉਸ ਹੀ ਹੁੱਕੇ ਦੀ ਨਾਲੀ ਨੂੰ ਆਪਣੇ ਬੁੱਲ੍ਹੋਂ 'ਚ ਲਈ ਬੈਠਾ ਸੀ। ਐਨ ਖੜੀਆਂ ਹੋਈਆਂ ਕੁੰਢੀਆਂ ਮੁੱਛਾਂ, ਜਿਨ੍ਹਾਂ ਦੀ ਨੋਕ ਅਜਿਹੀ ਕਿ ਜੇ ਅਚਾਨਿਕ ਕਿਤੇ ਕਿਸੇ ਸਰੀਰ 'ਚ ਖੁੱਭ ਜਾਵੇ ਤਾਂ ਚਮੜੀ 'ਚ ਛੇਕ ਕਰ ਜਾਵੇ। ਦੁਰਗੀ ਸ਼ੈਤਾਨ ਹੈ ਕਹਿੰਦੀ ਹੈ... ਬੇਚਾਰੀ ਠੁਕਰਾਈਨ ਸਰਾਣੇ ਥੱਲੇ ਆਪਣੀਆਂ ਗੱਲਾਂ ਧਰ ਕੇ ਸੌਂਦੀ ਹੋਵੇਗੀ !

ਪਿੰਡ 'ਚ ਹਲਚਲ ਸੀ ! ਚੋਣਾਂ ਦੀਆਂ ਤਰੀਕਾਂ ਐਲਾਨੀਆਂ ਗਈਆਂ। ਨਾਮਜਦਗੀ ਦੇ ਪਰਚੇ ਭਰੇ ਜਾਣ ਲੱਗੇ। ਚਾਰੇ ਪਾਸਿਆ ਤੋਂ ਹੱਲਾਂ ਬੋਲਿਆ ਗਿਆ। ਮੋਂਠ ਤਹਿਸੀਲ ਦਾ ਹਰ ਪਿੰਡ ਚੋਣਾਂ ਦੇ ਰੰਗ 'ਚ ਡੁੱਬ ਗਿਆ। ਕਿਸਾਨਾਂ ਤੋਂ ਲੈ ਕੇ ਮਜਦੂਰਾਂ ਤੱਕ ਵੋਟ ਅਤੇ ਉਮੀਦਵਾਰ ਦੀ ਗੱਲ ਛੱਡ ਕੇ ਦੂਜੀ ਗੱਲ 'ਚ ਰੁਚੀ ਨਹੀਂ ਰੱਖਦੇ ਸਨ। ਉਨ੍ਹਾਂ ਗੱਲਾਂ ਚੋਂ ਸੈਕੜੇ ਅਜਿਹੀਆਂ ਗੱਲਾਂ ਨਿਕਲਦੀਆਂ ਜਿਸ 'ਚ ਆਪਸੀ ਗੁੱਸਾ ਤੇ ਇਕ ਦੂਜੇ ਦੇ ਲਈ ਨਫ਼ਰਤ ਉਜਾਗਰ ਹੁੰਦੀ । ਵੱਡੀ ਤੇ ਛੋਟੀ ਜਾਤੀ 'ਤੇ ਤਾਂ ਸਦੀਆਂ ਤੋਂ ਹੀ ਇਕ ਅਣਕਹੀ ਰੀਤ ਚੱਲੀ ਜਾ ਰਹੀ ਹੈ।

ਰਾਖਵਾਂਕਰਣ ਨੂੰ ਲੈ ਕੇ ਵਿਸ਼ੇਸ਼ ਭੱਜ ਦੌੜ ਮਚੀ ਹੋਈ ਹੈ। ਸਾਰੇ ਹੁਸਿਆਰ ਅਤੇ ਚੌਕਸ ਹਨ। ਖੇਤਾਂ 'ਚ ਹੱਲ੍ਹ ਵਾਹੁਣ ਵਾਲੇ ਚਰਵਾਹੇ ਤੱਕ ਸਰਪੰਚ ਪ੍ਰਧਾਨ ਚੁਣਨ ਦੀ ਚਿੰਤਾ ਕਰਨ ਲੱਗੇ ਸਨ। ਚੋਣਾਂ ਦੀ ਹਨੇਰੀ ਨੇ ਹਰ ਆਦਮੀ ਦੀ ਨਜ਼ਰ ਧੁੰਦਲੀ ਕਰ ਦਿੱਤੀ ਹੈ।''

ਉਧਰ ਕਿਤੇ ਮਾਲਕ ਬੋਲ ਰਹੇ ਹੁੰਦੇ ਸਨ ਤੇ ਨਾਲ ਹੀ ਹੁੱਕੇ ਦਾ ਧੂੰਆਂ ਮੂੰਹ ਤੇ ਨੱਕ 'ਚੋਂ ਬਾਹਰ ਕੱਢੀ ਜਾਂਦੇ ਸਨ। ਕਾਮਤਾ ਭੁੰਜੇ ਬੈਠਾ ਸੀ, ਉੱਤੇ ਨੱਥੂ ਸਿੰਘ ਬਿਰਾਜਮਾਨ ਸੀ। ਨੱਥੂ ਸਿੰਘ ਮਾਲਿਕ ਦਾ ਲੰਗੋਟੀਆਂ ਯਾਰ ਹੈ। ਉਨ੍ਹਾਂ ਦੇ ਵਾਂਗ ਹੀ ਕੱਪੜੇ ਪਾਉਂਦਾ ਹੈ। ਕੁਰਤੇ 'ਚ ਸੁਨਹਿਰੀ ਬਟਨ ਵੀ ਉਸੇ ਤਰ੍ਹਾਂ ਦੇ ਲੜੀਦਾਰ।

''ਤੂੰ ਤਾਂ ਪਿਛਲੀਆਂ ਦੋ ਚੋਣਾਂ 'ਚ ਲਗਾਤਾਰ ਜਿੱਤ ਰਿਹਾ ਏਂ।''

“ਇਸ ਲਈ ਐਤਕੀਂ ਚੋਣਾਂ ’ਚ ਖੜੇ ਹੋਣ ਦੇ ਯੋਗ ਵੀ ਨਹੀਂ ਰਹੇ।” ਮਾਲਕ ਨੇ ਆਪਣੀਆਂ ਕਾਲੀਆਂ ਮੁੱਛਾਂ ’ਚ ਹੱਸਦੇ ਹੋਏ ਕਿਹਾ।

“ਜੈ ਬੋਲੇ ਇਸਤਰੀ ਰਾਖਵਾਂਕਰਨ ਦੀ।” ਨੱਥਾ ਸਿੰਘ ਮੁਸਕਰਾਉਂਦੇ ਹੋਏ ਆਪਣੀਆਂ ਮੁੱਛਾਂ ਤੇ ਹੱਥ ਫੇਰਨ ਲੱਗ ਪਏ।

“ਇਸਤਰੀ ਰਾਖਵਾਂਕਰਨ ਦੀ ਜੈ ਬੋਲੋ। ਚਾਹੇ ਨਾ ਬੋਲੋ ਧੰਨਪਾਲ ਐਤਕੀਂ ਚੋਣਾਂ ’ਚ ਸਿੰਗ ਫਸਾ ਰਿਹਾ ਹੈ।” ਮਾਲਿਕ ਗੰਭੀਰਤਾ ਨਾਲ ਬੋਲੇ। ਉਏ ਮੂਰਖਾ ਉਸ ਗਾਊ ਦੇ ਬਛੜੇ ਦੇ ਸਿੰਗ ਮਾਰਨ ਨਾਲ ਕੀ ਹੋਵੇਗਾ ? ਏਥੇ ਤਾਂ ਗਾਂ ਚਾਹੀਦੀ ਏ।” ਨੱਥਾ ਸਿੰਘ ਖੀ-ਖੀ ਕਰਦੇ ਹੱਸਣ ਲੱਗ ਪਿਆ।

ਇਕਦਮ ਹਾਸਾ ਰੋਕ ਕੇ ਨੱਥਾ ਸਿੰਘ ਬੋਲੇ, “ਧਨਪਾਲ ਨੂੰ ਕੀ ਹੋ ਗਿਆ ਜਿਹੜਾ ਸਾਡੇ ਤੋਂ ਵੱਖਰਾ ਹੋ ਕੇ ਚੋਣਾਂ ਵੱਲ ਭੱਜਣ ਲੱਗਾ ਹੈ। ? ਆਪਣੀ ਪਾਰਟੀ ਦੇ ਆਦਮੀ ਗਨਪਤ ਸਿੰਘ ਦੀਆਂ ਗੱਲਾਂ ’ਚ ਨਹੀਂ ਆਉਂਦਾ। ਉਮਰ ’ਚ ਸਾਡੇ ਤੋਂ ਛੋਟਾ ਹੈ ਤਾਂ ਇਹ ਮਤਲਬ ਨਹੀਂ ਕਿ ਉਹ ਦੁੱਧ ਪੀਂਦਾ ਬੱਚਾ ਵੀ ਵੋਟਾਂ ਚੋਣਾਂ ਦੀਆਂ ਗੱਲਾਂ ਸੁਣ ਕੇ ਦੁੱਧ ਪੀਣਾ ਛੱਡ ਦਿੰਦਾ ਹੈ। ” ਮਾਲਕ ਮੂੰਹ ’ਚ ਹੱਸੇ ਪਰ ਨੱਥਾ ਸਿੰਘ ਠਹਾਕੇ ਲਾ ਲਾ ਕੇ ਹੱਸਦੇ ਰਹੇ।

“ਭਾਈ ਸਾਹਿਬ ਗੱਲ ਤਾਂ ਪਤਾ ਲੱਗੇ ਬਈ ਉਹਨੂੰ ਕਿਹੜਾ ਤੀਰ ਲੱਗਾ ਹੈ?”

“ਨੱਥੂ ਜਿਹੜਾ ਗਿਆ, ਉਹ ਗਿਆ। ਛੱਡੋ ਉਸ ਨੂੰ ਰੋਣਾ-ਪਛਤਾਉਣਾ ਉਹਨੂੰ ਵਾਪਸ ਨਹੀਂ ਲਿਆ ਸਕਦਾ। ਹੁਣ ਜੇ ਉਹ ਦੂਜੇ ਧੜੇ ਨਾਲ ਖੜਾ ਹੈ ਤਾਂ ਜੰਗ ਦਾ ਪਰਚਮ ਹੀ ਲਹਿਰਾਵੇਗਾ। ਤੂੰ ਮੁਕਾਬਲੇ ਦੀ ਤਿਆਰੀ ਕਰ , ਮੁਕਾਬਲੇ ਦੀ ਨਹੀਂ ਉਸ ਨੂੰ ਹਰਾਉਣ ਦੀ।”

“ਭਾਵ ਕਿ ਅਜਿਹੀ ਇਸਤਰੀ ਲੱਭੀ ਜਾਵੇ ਜਿਹੜੀ ਜਰੂਰੀ ਜਿੱਤ ਹਾਸਲ ਕਰੇ। ਲੱਭ ਲਵੋਂ । ਅਤੇ ਫਿਰ ਜਿਹੜੀ ਔਰਤ ਤੁਹਾਡੇ ਮੋਢੇ ਤੇ ਖੜੀ ਹੋਵੇਗੀ ਉਸ ਨੂੰ ਹਰਾਉਣ ਵਾਲਾ ਕੋਣ ਹੈ ?”

ਪੀਤਮ ਸਿੰਘ, ਨੱਥਾ ਸਿੰਘ ਦੀ ਗੱਲ ਸੁਣਦੇ ਸਮੇਂ ਫਰਸ ਵਾਲੇ ਹੁੱਕੇ ਦੀ ਨਾਲੀ ਬੁੱਲ੍ਹਾਂ ’ਚ ਦੱਬਦੇ ਹੋਏ ਧੂੰਆਂ ਰੇਲ ਦੇ ਇੰਜਣ ਵਾਂਗ ਕੱਢਦੇ ਹੋਏ ਫਕ ਫਕ ਕਰ ਰਹੇ ਸਨ। ਕਾਮਤਾ ਨੇ ਪਲ ਭਰ ਲਈ ਮਾਲਕ ਦੇ ਮੂੰਹ ਵੱਲ ਦੇਖਿਆ ਅਤੇ ਉਸਦੀਆਂ ਭਾਰੀਆਂ ਭਾਰੀਆਂ ਲੱਤਾਂ ਜੋਰ ਜੋਰ ਨਾਲ ਦਬਾਉਣ ਲੱਗ ਪਿਆ।

“ਯਾਰ ਇਹ ਅੱਯਾਸ਼ੀ ਦਾ ਸਮਾਂ ਨਹੀਂ ਪਰ ਔਰਤ ਤਾਂ ਕਲਾਵੇ ’ਚ ਹੀ ਸੋਹਣੀ ਲੱਗਦੀ ਹੈ। ਸਰਕਾਰ ਭਾਵੇਂ ਮੋਢੇ ਤੇ ਬਿਠਾਏ ਭਾਵੇਂ ਕੁਰਸੀ ਉੱਤੇ। ਆਪਣੀ ਨਜ਼ਰ ਨਾਲ ਲੱਭੋ। ਬੋਲ ਦੋ ਚਾਰ ਔਰਤਾਂ ਦੇ ਨਾਂ। ”

ਨੱਥਾ ਸਿੰਘ ਮੁੜ ਮੁੜ ਕੇ ਧਨਪਾਲ ਨੂੰ ਚੇਤੇ ਕਰ ਰਹੇ ਸਨ, “ਸਾਲਾ ਧੱਕੜ ਤੇ ਬਦਮਾਸ਼ ਤਾਂ ਹੈ ਪਰ ਕਮੀਨਾ ਨਹੀਂ। ਮੁਸੀਬਤ ਦੇ ਸਮੇਂ ਥੋਖਾ ਦੇ ਗਿਆ। ਪਿਛਲੀਆਂ ਚੋਣਾਂ ’ਚ ਕਿਵੇਂ ਸਾਰਾ ਕੰਮ ਆਪਣੇ ਹੱਥ ’ਚ ਲੈ ਲਿਆ ਸੀ। ਅਤੇ ‘ਜਿੱਤ’ ਤੁਹਾਨੂੰ ਫੜਾ ਦਿੱਤੀ। ”

ਪੀਤਮ ਸਿੰਘ ਗੁੱਸੇ ਨਾਲ ਕੰਬ ਉਠੇ, “ਤੂੰ ਵੀ ਨੱਥੂ ... ਰਾਜਨੀਤੀ ’ਚ ਆਦਮੀ ਨੂੰ ਆਪਣੇ ਪਰਛਾਵੇਂ ਉੱਤੇ ਵੀ ਭਰੋਸਾ ਨਹੀਂ ਕਰਨਾ ਚਾਹੀਦਾ। ਹਨੇਰੇ ’ਚ ਸਾਲਾ ਉਹ ਵੀ ਸਾਥ ਛੱਡ ਜਾਂਦਾ ਹੈ। ਧਨਪਾਲ ਤਾਂ ਇਕ ਵੱਖਰਾ ਆਦਮੀ ਹੈ।”

“ਸੁਣਦੇ ਸਾਰ ਹੀ ਨੱਥੂ ਦੇ ਮੂੰਹ ਦਾ ਸਵਾਦ ਕੁਸੈਲਾ ਹੋ ਗਿਆ, ਉਸ ਦੇ ਦੋਵੇਂ ਬੁੱਲ੍ਹ ਕੰਬਣ ਲੱਗ ਪਏ। ਉਹ ਕੁਝ ਦੇਰ ਦੰਦਾਂ ਤੇ ਜੀਭ ਫੇਰ ਫੇਰ ਕੇ ਕੁਝ ਸੋਚਦੇ ਰਹੇ।

“ਅਜਿਹਾ ਕਰੋ, ਮਨਾ ਲੈਂਦੇ ਹਾਂ ਧਨਪਾਲ ਨੂੰ, ਅਜੇ ਵਿਗੜਿਆ ਵੀ ਕੀ ਹੈ ? ਕੰਮ ਵਾਲੇ ਆਦਮੀ ਨਾਲ ਵੈਰ ਪੈਦਾ ਕਰਕੇ ਕੀ ਮਿਲੇਗਾ ?”

ਪ੍ਰੀਤਮ ਸਿੰਘ, ਨੱਥੂ ਸਿੰਘ ਦੀ ਗੱਲ ਨਾਲ ਸਹਿਮਤ ਨਹੀਂ ਸਨ। ਗੱਲ ਨੂੰ ਬਦਲਦੇ ਹੋਏ ਬੋਲੇ, “ਅਡੋਰਾ ਦੀ ਆਦਿ ਧਰਮੀ ਸੀਟ ਹੈ। ਇਸਤਰੀ ਵਿਸਤਰੀ ਦਾ ਚੱਕਰ ਨਹੀਂ। ਗੱਜਰਾਜ ਨੇ ਆਰਾਮ ਨਾਲ ਆਪਣੇ ਦਿਹਾੜੀਦਾਰ ਨੂੰ ਖੜਾ ਕਰਨ ਦੀ ਗੱਲ ਸੋਚ ਲਈ ਹੈ। ਦੋ ਜੋੜੇ ਖਾਦੀ ਦੇ ਕੁੜਤੇ-ਪਜ਼ਾਮਾ ਬਣਵਾ ਦਿੱਤੇ ਹਨ। ਨਾਲ ਕਾਂਗਰਸੀ ਟੋਪੀ। ਸਾਲਾ ਕੋਈ ਐਨਾ ਝੰਜਟ ਹੀ ਨਹੀਂ। ਵੱਧ ਤੋਂ ਵੱਧ ਬੀੜੀ ਦਾ ਬੰਡਲ, ਖੈਨੀ, ਤਮਾਕੂ, ਅਤੇ ਗੁਟਕਾ ਫੜਾ ਦਿਓ।” ਹਾਂ ਕੋਈ ਕਹਿ ਤਾਂ ਰਿਹਾ ਸੀ, ਥੋੜਾ ਚਿਰ ਨੇਤਾ ਬਣਿਆ ਫਿਰ ਰਹਿ ਗਿਆ ਦਿਹਾੜੀ ਦਾਰ ਕਾਮਾ।” ਪਤੀਮ ਸਿੰਘ ਹੱਸੇ, “ਨੇਤਾ ਬਣ ਕੇ ਕੀ ਕਰੇਗਾ ਬਚਾਰਾ ? ਅੱਜ ਕੱਲ੍ਹ ਪਹਾੜ ਉਤੇ ਪੱਥਰ ਤੁੜਵਾ ਰਿਹਾ ਹੈ। ਚੋਣਾ ਤੋਂ ਬਾਅਦ ਖੁਦ ਆਪ ਤੋੜੇਗਾ। ਭਾਵੇਂ ਜਿੱਤੇ ਚਾਹੇ ਹਾਰ ਜਾਵੇ।”



“ਹਾਂ ਜੀ ਸਰਪੰਚੀ ਤਾਂ ਉਹੀ ਕਰੇਗਾ ਜਿਹੜਾ ਪੈਸਾ ਲਾ ਰਿਹਾ ਹੈ। ਉਹ ਤਾਂ ਰਬੜ ਦੀ ਮੋਹਰ ਬਣੇਗਾ।”

“ਉਂਝ ਜਿੱਤੇਗਾ ਤਾਂ ਜਰੂਰ। ਗੱਜਰਾਜ ਦੇ ਹੱਥ ਕੰਡੇ ਤਾਂ ਜਾਣਦੇ ਹੀ ਹੋ। ਦੁਸ਼ਮਣ ਦੀ ਹਰ ਗੱਲ ਕੰਮ ਤੇ ਤਿੱਖੀ ਨਜ਼ਰ ਰੱਖਦਾ ਹੈ। ਮੱਸ਼ਾ ਨੇ ਪਿੰਡ ਦੀ ਕੁਝ ਜ਼ਮੀਨ ਤੇ ਕਬਜਾ ਕਰ ਲਿਆ ਸੀ। ਗੱਜਰਾਜ ਨੇ ਸੁਣਾ ਦਿੱਤਾ। ਵੋਟ ਵਾਧੂ ਦੇ ਆਉਣ ਲੱਗੇ, ਨਹੀਂ ਤਾਂ ਉਹ ਰਿਪੋਰਟ ਕਰ ਦੇਵੇਗਾ ਮੈਨੂੰ ਇੰਚ ਇੰਚ ਧਰਤੀ ਦੇ ਨਾਪ ਦਾ ਪਤਾ ਹੈ। ਹੁਣ ਸੜ੍ਹਕ ਦੇ ਕਿਨਾਰੇ ਦੀ ਜ਼ਮੀਨ ਛੱਡੋ , ਜਾਂ ਵੋਟ ਦਿਓ।”

ਨੱਥਾ ਸਿੰਘ ਨੇ ਅੰਗੜਾਈ ਲਈ ਦੋਵੇਂ ਹੱਥਾਂ ਦੇ ਪੰਜੇ ਇਕ ਦੂਜੇ ’ਚ ਫਸਾ ਕੇ ਆਪਣੀਆਂ ਦਸਾਂ ਉਂਗਲੀਆਂ ਦੇ ਪਟਾਕੇ ਵਜਾ ਦਿੱਤੇ। ਤੇ ਕੁਝ ਚਿਰ ਬਾਅਦ ਬੋਲੇ, .ਫ਼ੈਸਲੇ ਵਾਲੇ ਵੋਟ ਵੀ ਉਹੀ ਹੁੰਦੇ ਹਨ। ਲਓ ਇਹ ਧੱਕਾ ਜੋਰੀ ਠੀਕ ਹੈ ਕਿ ਦੁਸ਼ਮਣ ਨੂੰ ਜਿਤਾਉਣਾ ਪੈ ਜਾਵੇ।”

“ਚੰਗਾ ਬਈ ਨੱਥੂ , ਬਹੁਤ ਹੋ ਗਈਆਂ ਏਧਰ ਉਧਰ ਦੀਆਂ ਗੱਲਾਂ । ਹੁਣ ਆਪਣੀ ਗੱਲ ਸੋਚ। ਦੱਸ ਕਿਸ ਔਰਤ ਨੂੰ ਖੜੀ ਕੀਤਾ ਜਾਵੇ ?” ਮਾਲਕ ਦੇ ਮੱਥੇ ਉੱਪਰ ਚਿੰਤਾ ਦੀਆਂ ਲਕੀਰਾਂ ਉਭਰਨ ਲੱਗ ਪਈਆਂ। ਉਨ੍ਹਾਂ ਨੇ ਅੱਖ ਦੇ ਇਸ਼ਾਰੇ ਨਾਲ ਕਿਹਾ ਕਿ ਕਾਮਤਾ ਤੂੰ ਹੁਣ ਪੈਰ ਘੁੱਟਣੇ ਬੰਦ ਕਰ ਦੇ।

ਕਾਮਤਾ ਇਕ ਪਾਸੇ ਵੱਲ ਨੂੰ ਸਰਕ ਗਿਆ , ਤੇ ਹੁੱਕੇ ਦੀ ਨੈਚੀ ਦੂਜੇ ਪਾਸੇ ਸਰਕਾ ਦਿੱਤੀ । ਨੱਥਾ ਸਿੰਘ ਆਪਣਾ ਮੂੜ੍ਹਾ ਮਾਲਕ ਦੇ ਮੂੜੇ ਦੇ ਨਾਲ ਲਾ ਕੇ ਬੈਠ ਗਿਆ।

ਉਸ ਨੇ ਆਪਣੇ ਮੁਹੱਲੇ ਵਾਲੇ ਪਾਰਟੀ ਵਾਲੇ ਲੋਕਾਂ ਦੀਆਂ ਘਰਵਾਲੀਆਂ ਦੇ ਨਾਂ ਲੈਣੇ ਸ਼ੁਰੂ ਕਰ ਦਿੱਤੇ। “ਪੀਤਮ ਭਾਈ ਸਾਹਿਬ ਬਾਬੂ ਸਿੰਘ ਦੀ ਘਰਵਾਲੀ ਕਿਸ ਤਰ੍ਹਾਂ ਰਹੇਗੀ?”

ਮਾਲਕ ਨੱਥਾ ਸਿੰਘ ਦਾ ਮੂੰਹ ਦੇਖਣ ਲੱਗ ਪਏ। ਇਕ ਪਲ ਰੁਕ ਕੇ ਬੋਲੇ, “ਰਹੇਗੀ ਤਾਂ ਠੀਕ, ਪਰ ਉਹ ਬਿਮਾਰ ਨਹੀਂ ਰਹਿੰਦੀ ? ਸਰਪੰਚੀ ਦੇ ਕੰਮ ਕਾਜ ਲਈ ਤਾਂ ਆਉਣਾ ਜਾਣਾ ਵੀ ਪਵੇਗਾ। ਮਨ ਲਓ ਨਹੀਂ ਜਾਣਾ ਪੈਂਦਾ ਪਰ ਕਦੇ ਕਦੇ ਚੈੱਕ ਵਗੈਰਾ ਲੈਣ ਲਈ ਤਾਂ...।”

“ਤਾਂ ਵਿਕਰਮ ਦੀ ਪਤਨੀ ਨੂੰ ਦੇਖ ਲਓ।”

“ਓਏ ਨਹੀਂ ਭਰਾਵਾ ਉਹ ਤਾਂ ਬੜੀ ਤੇਜ ਔਰਤ ਹੈ। ਘੁੰਡ ’ਚੋਂ ਹੀ ਅ.ਫ਼ਸਰਾਂ ਨੂੰ ਆਪਣੇ ਵੱਲ ਦੇ ਕਰ ਲਵੇਗੀ।”

‘ਚੱਲੋ ਛੱਡੋ ਉਸ ਨੂੰ, ਘਨਸਿਆਮ ਦੀ ਔਰਤ ਸਾਰੇ ਪਾਸਿਆ ਤੋਂ ਠੀਕ ਹੈ । ਗੱਲ ਬਾਤ ਕਰਨ ਦੀ ਤਮੀਜ਼ ਵੀ ਆਉਂਦੀ ਹੈ।”

“ਫਿਰ ਉਹੀ ਗੱਲ।” ਮਾਲਿਕ ਨੇ ਮੱਥੇ ਤੇ ਹੱਥ ਮਾਰ ਕੇ ਕਿਹਾ, “ਗੱਲ ਨੂੰ ਸਮਝਿਆ ਕਰੋ। ਮਾਸਟਰਨੀ ਦਾ ਕੀ ਕਰਾਗੇ ਅਸੀਂ?” ਉਹ ਗਹਿਰੀ ਸੋਚ ਦੀ ਹਾਲਤ ’ਚ ਬੈਠੇ ਸਨ। ਨੱਥਾ ਸਿੰਘ ਛੱਤ ਤੇ ਲੱਗੇ ਕੜਿਆ ਵੱਲ ਟਿਕਟਿਕੀ ਲਾ ਕੇ ਬੈਠਾ ਡੂੰਘੀਆਂ ਵਿਚਾਰਾ ’ਚ ਡੁੱਬਾ ਹੋਇਆ ਸੀ।

ਕਾਮਤਾ ਨੇ ਚੁੱਪ ਤੋੜੀ, “ਚਿਲਮ ਭਰ ਕੇ ਲੈ ਆਵਾ ਭਾਜੀ?”

“ਸੁਜਾਨ ਨੂੰ ਬੁਲਾ ਕੇ ਲਿਆ। ਉਸ ਦੀ ਘਰ ਵਾਲੀ ਨਾਲ ਗੱਲ ਕਰ ਲਓ। ਆਪਣੇ ਆਸੇ ਪਾਸੇ ਤਾਂ ਇਹੇ ਕੁਝ ਦਿਖਾਈ ਦੇ ਰਿਹਾ ਹੈ।” ਨੱਥਾ ਸਿੰਘ ਹੱਥ ਹਿਲਾ ਹਿਲਾ ਕੇ ਸਮਝਾਉਣ ਲੱਗੇ।

ਪੀਤਮ ਸਿੰਘ, ਕਾਮਤਾ ਨੂੰ ਹੱਥ ਦੇ ਇਸ਼ਾਰੇ ਨਾਲ ਚਿਲਮ ਗਰਮ ਕਰਨ ਨੂੰ ਕਹਿੰਦੇ ਹੋਏ ਨੱਥਾ ਸਿੰਘ ਵੱਲ ਮੂੰਹ ਕਰਦੇ ਹੋਏ ਬੋਲੇ,“ਸਾਨੂੰ ਪੂਰਾ ਪਤਾ ਹੈ, ਸਰਪੰਚਣੀ ਕਹਿ ਰਹੀ ਸੀ ਕਿ ਗੂੰਗੀ ਗਾਂ ਹੈ। ਸੁਜਾਨਾ ਰੋਜ ਕੁੱਟਦਾ ਹੈ ਮਜਾਲ ਏ ਕਿ ਚੂੰ ਵੀ ਕਰੇ। ਉਹ ਮੌਕਾ ਮਿਲਣ ਤੇ ਵੀ ਆਵਾਜ਼ ਨਹੀਂ ਕੱਢ ਸਕੇਗੀ। ਯਾਰ ਗਰਦਨ ਕੱਟਦੇ ਸਮੇਂ ਬੱਕਰੀ ਹੱਥੋਂ ਨਿਕਲ ਨਿਕਲ ਰੌਲੀ ਨਾ ਪਾਵੇ ਤਾਂ ਉਸਦਾ ਮਾਸ ਖਾਣ ਨੂੰ ਸਵਾਦ ਨਹੀਂ ਦਿੰਦਾ।”

“ਦੇਖਣ-ਪਰਖਣ ਨੂੰ ਤਾਂ ਚੰਗੀ ਹੈ।”

“ਸੁਆਹ ਚੰਗੀ ਹੈ। ਇਸ ਨਾਲੋਂ ਚੰਗਾ ਹੈ ਸਲਵਾਰ ਕਮੀਜ ਪਹਿਨਾ ਕੇ ਸਾਡੇ ਸੁਜਾਨ ਨੂੰ ਹੀ ਖੜਾ ਕਰ ਦਈਏ। ਕਿਉਕਿ ਚੋਣ ਜਿੱਤਣ ਤੋਂ ਬਾਅਦ ਵੀ ਸਰਪੰਚੀ ਉਹੀ ਕਰੇਗਾ।”

“ਯਾਰ ਸਰਕਾਰ ਵੀ ਸਾਲੀ ਸ਼ਹਿਰ ’ਚ ਬੈਠ ਕੇ ਪਿੰਡਾਂ ਦੇ ਲਈ ਕਾਨੂੰਨ ਪਾਸ ਕਰਦੀ ਰਹਿੰਦੀ ਹੈ। ਖਬਰੇ ਅੱਖਾਂ ਕੰਨ ਬੰਦ ਰਹਿੰਦੇ ਨੇ ਇਨ੍ਹਾਂ ਮੰਤਰੀਆਂ-ਸੰਤਰੀਆਂ ਦੇ ਉਹ ਏਥੇ ਰਹਿਣ ਦੇਖਣ ਤਾਂ ਪਤਾ ਚੱਲੇ ਕਿ ਜਵਾਨ ਮਰਦ ਤਾਂ ਆਪਣੀ ਇੱਜਤ ਬਚਾ ਨਹੀਂ ਸਕਦੇ, ਔਰਤ ਕੇਹੜੇ ਖੇਤ ਦੀ ਮੂਲੀ ਹੈ। ਲਾਗਿਓ ਜੇ ਕੋਈ ਲੈ ਜਾਵੇ

ਤਾਂ ਪਤਾ ਵੀ ਨਹੀਂ ਲੱਗਦਾ। ਅਤੇ ਜਵਾਨ ਔਰਤ ਤਾਂ ਉਂਝ ਹੀ ਬਜ਼ਾਰ ਵਿਚ ਲੁੱਟੀ ਜਾਵੇਗੀ। ਕੀ ਮੈਂ ਝੂਠ ਤਾਂ ਨਹੀਂ ਕਹਿ ਰਿਹਾ ?''

ਨੱਥਾ ਸਿੰਘ ਦੀ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਸੀ ਪੀਤਮ ਸਿੰਘ, ''ਯਾਰ ਦਲਿਤਾਂ-ਚਮਾਰਾਂ ਲਈ ਸੀਟ ਹੁੰਦੀ ਤਾਂ ਅੱਜ ਅਸੀਂ ਵੀ ਘਿਓ ਦੇ ਦੀਵੇ ਜਗਾ ਰਹੇ ਹੁੰਦੇ।''

''ਉਹ ਕਿਵੇਂ ?'' ਨੱਥਾ ਸਿੰਘ ਨੂੰ ਹੈਰਾਨੀ ਹੋਈ। ਇਹ ਬੈਠਾ ਤਾਂ ਹੈ ਸਾਡੇ ਸਾਹਮਣੇ। ਸਾਡਾ ਹਨੂੰਮਾਨ ਇਸ ਨੂੰ ਖੜਾ ਕਰ ਦੇਣਾ ਸੀ। ਸਾਡਾ ਕਾਮਤਾ ਸੱਤਜੁਗੀ ਆਦਮੀ ਹੈ। ਇਸ ਕਲਯੁਗ 'ਚ ਐਵੇਂ ਜੰਮ ਪਿਆ ਭਰਾਵਾਂ ਅਗਿਆਕਾਰੀ ਐਨਾ ਕਿ ਕਿੱਲੇ ਨਾਲ ਬੱਝੇ ਬਲਦ ਤੇ ਇਸ 'ਚ ਭੋਰਾ ਫਰਕ ਨਹੀਂ । ਆਦਰਸ਼ ਜਨਸੇਵਕ ਸਿੱਧ ਹੁੰਦਾ। ਆਦਰਸ਼ ਇਸ ਲਈ ਕਿ ਉਸ ਨੂੰ ਤਾਂ ਬਹੁਤ ਕੰਮ ਹਨ। 'ਤੇਰਾ ਤੁਝਕੋ ਸੌਂਪਤਾ, ਕਿਆ ਲਗੇ ਹੈ ਮੋਰ' ਦੇ ਭਾਵ ਨਾਲ ਸਰਪੰਚੀ ਦੇ ਮਾਇਆਜਾਲ 'ਚ ਨਾ ਫਸਦਾ। ਰੋਟੀ ਅਤੇ ਨੀਂਦ ਤੋਂ ਇਲਾਵਾ ਤੀਸਰੀ ਚਿੰਤਾ ਨਹੀਂ ਹੈ ਉਸ ਨੂੰ। ਉਹ ਸੰਤ ਸੁਭਾਅ ਨਾਲ ਨਵਾਂ-ਪੁਰਾਣਾ ਫਟਿਆ-ਚੀਥੜੇ ਹੋਇਆ ਹਰ ਕੱਪੜ ਲੈ ਲੈਂਦਾ ਹੈ। ਅਜਿਹੇ ਤਿਆਗੀ ਨੂੰ ਹੀ ਚੁਣਨਾ ਚਾਹੀਦਾ ਹੈ ਸਰਪੰਚ, ਜਿਹੜਾ ਜਨਤਾ ਕੋਲੋਂ ਲੈ ਕੇ ਉਨ੍ਹਾਂ ਨੂੰ ਦੇ ਦੇਵੇ।''

ਕਾਮਤਾ ਦੇ ਪੈਰ ਸੀਟ 'ਤੇ ਲਟਕੇ ਲਟਕੇ ਸੁੰਨ ਹੋ ਗਏ ਸਨ। ਮੱਥੇ 'ਚੋਂ ਤਰੰਗਾ ਫੁਟ ਰਹੀਆਂ ਸਨ। ਮਾਲਕ ਸਰਪੰਚੀ ਦੀ ਪਤੰਗ ਨੂੰ ਕੱਟਣ ਨਹੀਂ ਦੇਣਾ ਚਾਹੁੰਦਾ ਸੀ। ਉਸ ਉੱਤੇ ਉਹਨੂੰ ਅੱਟਲ ਵਿਸਵਾਸ ਸੀ, ਤਾਂ ਹੀ ਹਰ ਤਰ੍ਹਾਂ ਨਾਲ...।''

''ਤੇਰੀ ਸਾਧਨਾ... ਤਪੱਸਿਆ ਮੈਂ ਕਈ ਸਾਲਾਂ ਤੋਂ ਦੇਖ ਰਿਹਾ ਹਾਂ ਕਾਮਤੇ। ਉਏ ਕਿਤੇ ਤੂੰ ਅੱਜ ਤੋਂ ਜੁੜਿਆ ਹੋਇਆ ਨਹੀਂ ਇਸ ਘਰ ਨਾਲ ? ਆਪਾ ਤਾਂ ਇੱਕਠੇ ਵੱਡੇ ਹੋਏ ਹਾਂ, ਦੁਨੀਆਂ ਬਦਲ ਗਈ ਜ਼ਮਾਨਾਂ ਕਿੱਥੇ ਤੋਂ ਕਿੱਥੇ ਤੱਕ ਪਹੁੰਚ ਗਿਆ। ਪਰ ਤੂੰ ਗਾਂ ਦੇ ਵਾਂਗੂੰ ਉਥੇ ਹੀ ਬੱਝਾ ਏ, ਜਿੱਥੇ ਤੇਰਾ ਪਿਓ ਬੰਨ ਗਿਆ। ਇਸ ਬੇਈਮਾਨ ਸਮਾਜ 'ਚ ਪਿਓ ਦੀ ਆਗਿਆ ਮੰਨਣ ਵਾਲੇ ਨਾਂ ਤਾਂ ਕਿਤੇ ਰਾਮ ਮਿਲਣਗੇ ਅਤੇ ਹੀ ਸਰਵਣ ਪੁੱਤਰ। ਗੰਗਾ ਦੀ ਸੁੰਹ ਖਾ ਕੇ ਕਹਿੰਦਾ ਹਾਂ। ਸਕਾ ਭਰਾ ਹੁੰਦਾ ਤਾਂ ਉਹ ਵੀ ਤੇਰੇ ਜਿਨਾ ਪਿਆਰ ਨਾ ਦਿੰਦਾ।''

ਕਾਮਤਾ ਦੀਆਂ ਕੋਮਿਲ ਅੱਖਾਂ ਮਾਲਿਕ ਦਾ ਮੂੰਹ ਨਿਹਾਰਦੀਆਂ ਰਹੀਆਂ।

ਉਸ ਨੇ ਪਿਆਰ ਭਰੀ ਆਵਾਜ਼ ਨਾਲ ਕਿਹਾ, ''ਏਥੇ ਆ ਜਾ ਏਥੇ।'' ਉਹ ਧਰਤੀ ਉਪਰ ਬੈਠਾ ਸੀ, ਸਰਕ ਕੇ ਮਾਲਕ ਦੀ ਮੰਜੀ ਦੇ ਸਿਰਹਾਣੇ ਵੱਲ ਪਹੁੰਚ ਗਿਆ।

ਪੀਤਮ ਸਿੰਘ ਨੇ ਸਾਰੀ ਦੁਨੀਆਂ ਭੁੱਲ ਕੇ ਉਸ ਦੇ ਮੂੰਹ ਨਾਲ ਮੂੰਹ ਜੋੜ ਦਿੱਤਾ ਤੇ ਬੋਲਿਆ, ''ਆਪਣੀ ਪਤਨੀ ਨੂੰ ਚੋਣ ਲੜਾ ਲੈ।''

''ਦੁਰਗੀ ਨੂੰ !'' ਕਾਮਤਾ ਕੁਝ ਪਿੱਛੇ ਸਰਕ ਗਿਆ।

''ਹਾਂ ਅਸੀਂ ਉਸ ਨੂੰ ਸਰਪੰਚੀ ਦੀ ਚੋਣ 'ਚ ਖੜੇ ਕਰਾਗੇ।

ਉਹ ਉੱਠਿਆ ਤੇ ਦੌੜ ਪਿਆ ਆਪਣੇ ਘਰ ਵੱਲ। ਇਹ ਗੱਲ ਨਹੀਂ ਕਿ ਇਹ ਸਰਪੰਚੀ ਦਾ ਮਸਲਾ ਹੈ। ਉਸ ਨੇ ਇਸ ਤਰ੍ਹਾਂ ਮਾਲਕ ਦਾ ਹੁਕਮ ਮੰਨਿਆ ਹੈ ਹਮੇਸ਼ਾਂ ਦੇ ਵਾਂਗ।

ਦੁਰਗੀ ਸੀ ਕਿ ਦੁਨੀਆਂ ਭਰਾ ਦੇ ਮਿਹਣੇ ਮਾਰਦੀ ਚਲੀ ਜਾ ਰਹੀ ਸੀ। ''ਤੂੰ ਫੜ ਉਸ ਦੇ ਪੈਰ, ਪੈਰਾਂ ਤੇ ਸਿਰ ਰੱਖ ਕੇ ਬੈਠਾ ਰਹਿ। ਤਾਂ ਵੀ ਤੈਨੂੰ ਉਹ ਆਪਣੇ ਬਰਾਬਰ ਦਾ ਆਸਣ ਦੇਣ ਵਾਲਾ ਨਹੀਂ। ਪੁਚਕਾਰਨਗੇ , ਪਿਆਰ ਕਰਨਗੇ, ਪਰ ਆਪਣੇ ਸਮਾਜ 'ਚ ਸਾਮਿਲ ਨਹੀਂ ਕਰਨਗੇ। ਉਨ੍ਹਾਂ ਦੇ ਇਹੋ ਰਸਮ ਰਿਵਾਜ ਹਨ। ਬੁਲਾਓ ਤਾਂ ਗਾਲਾਂ ਦੇ ਕੇ , ਜੇ ਦੂਰ ਦੁਰਕਾਰੋ ਤਾਂ ਵੀ ਗਾਲੀਆਂ ਦੇ ਕੇ। ਹਤਿਆਰੇ ਇਕ ਦੂਜੇ ਨਾਲ ਲੜਦੇ ਵੀ ਹਨ ਤਾਂ ਸਾਡੀ ਜਾਤੀ ਨੂੰ ਅੱਗੇ ਕਰਦੇ ਹਨ। ਸਾਨੂੰ ਸਾਡੀ ਔਕਾਤ ਦਾ ਪਤਾ ਹੈ। ਸਰਪੰਚੀ ਨਹੀਂ ਉਹ ਸਾਨੂੰ ਥੋਖਾ ਦੇਣਗੇ। ਸਾਡੀ ਬੇਇੱਜਤੀ ਕਰਵਾਉਣਗੇ। ਅਸੀਂ ਉਨ੍ਹਾਂ ਦੇ ਫਾਂਸ਼ੀ ਦੇ ਫੰਦੇ 'ਚ ਗਰਦਨ ਨਹੀਂ ਪਾਉਣੀ।''

''ਦੁਰਗੀ ਨਹੀਂ ਆਈ ਮਾਲਕ।''

''ਕਿਉ ?''

''ਕਹਿੰਦੀ ਹੈ ਅਸੀਂ ਨਹੀਂ ਬਣਨਾ ਸਰਪੰਚ ਸਾਡੇ ਵਸ ਦੀ ਗੱਲ ਨਹੀਂ।'' ਉਹ ਅੱਗੇ ਕੀ ਕੀ ਕਹਿੰਦੀ ਹੈ, ਇਹ ਦੱਸਣਾ ਕਾਮਤਾ ਦੇ ਵਸ ਦੀ ਗੱਲ ਨਹੀਂ।

ਉਹ ਹੈ ਕਿੱਥੇ ਏਸ ਵੇਲੇ ?'' ਮਾਲਕ ਨੇ ਪੁੱਛਿਆ।



''ਸਾਗ ਵੇਚਣ ਗਈ ਹੋਈ ਹੈ।''

ਪੀਤਮ ਸਿੰਘ ਹੱਸ ਪਏ, ''ਉਏ ਕਮਤੇ ਜਿਹੋ ਜਿਹਾ ਤੂੰ ਉਹੋ ਜਿਹੀ ਤੇਰੀ ਘਰਵਾਲੀ। ਠੀਕ ਹੀ ਕਹਿ ਰਹੀ ਹੈ ਬਚਾਰੀ ! ਉਹਨੂੰ ਕੀ ਮਿਲੇਗਾ ਸਰਪੰਚ ਬਣ ਕੇ। ਅਸੀਂ ਵੀ ਕਿੱਥੇ ਕਿੱਥੇ ਅੰਗੂਠਾ ਲਗਵਾਉਣ ਲਈ ਉਹਨੂੰ ਲੱਭਦੇ ਫਿਰਾਗੇ ? ਖ਼ੈਰ ਕਿਸੇ ਹੋਰ ਦੀ ਤਲਾਸ਼ ਕਰਦਾ ਹਾਂ। ਉਸ ਸਾਲੇ ਧਨਪਾਲ ਨੂੰ ਭੰਗੀ ਬਣਾ ਕੇ ਛੱਡਾਗਾ। ਪਤਾ ਨੀ ਕਿਸ ਸਾਲੇ ਨੇ 'ਕੁਰਮੀਆ' 'ਚ ਜੰਮਾ ਦਿੱਤਾ। ਚਮਾਰ ਜਾਤ ਤੋਂ ਵੀ ਭੈੜਾ ਨਿਕਲਿਆ। ਸਾਡੀ ਮੌਤ ਦਾ ਫੰਦਾ ਬਣਾ ਰਿਹਾ ਹੈ।

ਕਾਮਤਾ ਇਕ ਇਕ ਵਾਕ ਸੁਣਦਾ ਰਿਹਾ।

*   *   *

ਪਰਚੇ ਭਰੇ ਜਾਣ ਦੇ ਸਮੇਂ 'ਚ ਹੀ ਮੋਠ ਕਸਬੇ ਦਾ ਰੂਪ ਬਦਲ ਗਿਆ ਸੀ। ਜਿਸ ਦੁਕਾਨ ਤੋਂ ਕਾਮਤਾ ਆਪਣੇ ਮੋਹਨ ਦੇ ਲਈ ਕਿਤਾਬਾਂ ਕਾਪੀਆਂ ਖਰੀਦ ਕੇ ਲੈ ਜਾਂਦਾ ਸੀ। ਉਥੇ ਕਲਮ ਦਵਾਤ, ਕਿਤਾਬਾਂ ਕਾਪੀਆਂ ਦਾ ਨਾ ਨਿਸ਼ਾਨ ਨਹੀਂ ਸੀ।

''ਮੈਨੂੰ ਵੋਟ ਦਿਓ।'' ਦੇ ਸ਼ਬਦਾਂ ਵਾਲੇ ਪਰਚਿਆ ਨਾਲ ਦੁਕਾਨ ਭਰੀ ਪਈ ਸੀ। ਮਾਲਕ ਨੇ ਹੀ ਦੱਸਿਆ ਸੀ ਰਾਮ, ਕ੍ਰਿਸ਼ਨ , ਸਿਵ, ਵਾਲੀਆਂ ਤਸਵੀਰਾਂ ਵਾਲੇ ਕਲੰਡਰ ਬ੍ਰਾਹਮਣ, ਬਾਣੀਏ, ਕੁਰਮੀ, ਕਛਿੱਤਰੀ ਦੇ ਲਈ ਹਨ। ਬੁੱਧ ਭਗਵਾਨ ਅਤੇ ਬਾਬਾ ਸਾਹਿਬ ਅੰਬੇਡਕਰ ਦੀ ਫੋਟੋ ਵਾਲੇ ਛੋਟੀ ਜਾਤ ਭਾਵ ਕਿ ਚਮਾਰਾਂ 'ਚ ਵੰਡੇ ਜਾਣਗੇ। ਅਜਮੇਰ ਸ਼ਰੀਫ ਦੀ ਦਰਗਾਹ ਦੇ ਕਲੰਡਰ ਮੁਸਲਮਾਨਾ ਦੇ ਘਰਾਂ ਵਿਚ ਦਿੱਤੇ ਜਾਣਗੇ।

ਲੋਕ ਇਨ੍ਹਾਂ ਨੂੰ ਹਜਾਰਾਂ ਦੀ ਸੰਖਿਆ ਵਿਚ ਖਰੀਦ ਰਹੇ ਸਨ। ਜਗਦੀਸ਼ ਪ੍ਰੈਸ ਮੋਠ 'ਚ ਵਿਆਹ-ਸਾਦੀ ਦੇ ਕਾਰਡ ਛਾਪਣਾ ਬੰਦ ਸੀ ਇਸ ਸਮੇਂ ਧੜਾਧੜ ਚੋਣ ਪੱਤਰਾਂ ਦੇ ਨਮੂਨੇ ਅਤੇ ਕਲੰਡਰ ਛਪ ਰਹੇ ਸਨ। ਇਸ਼ਤਿਹਾਰ ਵੰਡੇ ਜਾ ਰਹੇ ਸਨ। ਇਸ ਲਈ ਕਲੰਡਰ ਦੇ ਵਾਂਗ ਬਿਛੂਏ ਤੇ ਪਾਇਲਾ ਵੰਡੀਆਂ ਜਾਣਗੀਆਂ। ਚਾਬੀ ਦੇ ਗੁੱਛੇ ਵੀ ਕੰਮ ਆ ਸਕਦੇ ਹਨ। ਇਕ ਇਕ ਸੁਨਿਆਰੇ ਨੂੰ ਸੈਕੜੇ ਜੋੜੀਆ ਬਿੱਛੂਏ, ਪਾਇਲਾ ਨੂੰ ਬਣਾਉਣ ਦਾ ਕੰਮ ਮਿਲਿਆ ਸੀ।

ਬਜ਼ਾਰ ਦੀਆਂ ਦੁਕਾਨਾਂ ਤੇ ਸਸਤੀਆਂ ਧੋਤੀਆਂ ਅਤੇ ਬਲਾਊਜ਼ ਦੇ ਪੀਸਾਂ ਦੀਆਂ ਗੱਠਾਂ ਖੁੱਲ੍ਹਣ ਦੇ ਨਾਲ ਹੀ ਵਿਕ ਜਾਂਦੀਆਂ ਸਨ। ਲੱਛਮੀ ਮਾਂ ਦੀ ਕ੍ਰਿਪਾ ਹੈ ਐਨੇ ਪੈਸੇ ਤਾਂ ਵਿਆਹ ਸਾਦੀ ਦੇ ਮੌਕੇ ਵੀ ਨਹੀਂ ਆਉਂਦੇ।

ਸੜਕ ਦੇ ਕਿਨਾਰੇ ਦੂਰ ਤੱਕ ਟ੍ਰੈਕਟਰ, ਬੈਲ ਗੱਡੀਆਂ ਅਤੇ ਜੀਪਾਂ ਦੀਆਂ ਕਤਾਰਾਂ ਹਨ। ਮੋਠ, ਅੱਪੂ ਸ਼ਾਲਾ ਅਤੇ ਨਗਰ ਪਾਲਿਕਾ ਥਾਣਾ ਦੇ ਠੇਕਿਆ ਦੀ ਚਾਂਦੀ ਸੀ। ਬਾਲਟੀਆਂ, ਵੱਡੇ ਭਾਂਢਿਆ ਦੀ ਭੀੜ ਮਚੀ ਹੋਈ ਹੈ। ਬੋਤਲਾ ਦਾ ਕੰਮ ਚੱਲਣ ਵਾਲਾ ਨਹੀਂ । ਨਾਲ ਮਨੂੰ ਮਿਠਾਈ ਵਾਲਾ ਕਾਹਲੀ ਕਾਹਲੀ ਬੇਸਣ ਛਾਣ ਰਿਹਾ ਹੈ। ਪਰਾਤ ਭਰ ਬੇਸਣ ਅੱਧੇ ਘੰਟੇ 'ਚ ਖਤਮ ਹੋ ਜਾਂਦਾ ਹੈ। ਖੂਹ 'ਚ ਜਾਵੇ ਮੇਲੇ ਤਿਉਹਾਰ। ਮਹਾਂਮਾਈ ਤੂੰ ਰੋਜ਼ ਚੋਣਾ ਕਰਵਾ।

ਬਜ਼ਾਰ 'ਚ ਜਲਵਾ ਹੈ। ਰੁਤਬਾ ਹੈ ! ਦਬਦਬਾ ਹੈ। ਹਰ ਤੀਸਰੇ ਆਦਮੀ ਦੇ ਮੋਢੇ ਉੱਤੇ ਬੰਦੂਕ ਲਟਕ ਰਹੀ ਹੈ। ਕਮਰ 'ਤੇ ਕਾਰਤੂਸ ਦੀ ਪੇਟੀ ਬੰਨੀ ਹੋਈ ਹੈ। ਕਿਸੇ ਕਿਸੇ ਨੇ ਜਨੇਊ ਦੀ ਤਰ੍ਹਾਂ ਗੋਲੀਆਂ ਦੀ ਮਾਲਾ ਪਾ ਰੱਖੀ ਹੈ।

ਹਰ ਪਾਸੇ ਭੱਜ ਨੱਠ, ਪਈ ਹੋਈ ਹੈ। ਆੜਤ ਉੱਤੇ ਬੋਰੇ ਖੋਲੇ ਜਾ ਰਹੇ ਹਨ। ਤੋਲੇ ਜਾ ਰਹੇ ਹਨ। ਹਿਸਾਬ ਲਾ ਕੇ ਝਟ ਦੇਣੀ ਉਂਗਲੀਆਂ ਨੂੰ ਥੁੱਕ ਲਾ ਕੇ ਨੋਟ ਗਿਣੇ ਜਾ ਰਹੇ ਹਨ। ਕਾਮਤਾ ਨੂੰ ਇਕ ਇਕ ਦ੍ਰਿਸ਼ ਚੇਤੇ ਹੈ।

ਦਾਰੂ-ਨਮਕੀਨ, ਬਿਛੂਆਂ, ਝਾਂਜਰਾ, ਕਲੰਡਰ, ਬਿੱਲੇ, ਧੋਤੀ ਬਲਾਊਜ ਦੇ ਨਾਲ ਨਾਲ ਵੋਟਰਾਂ ਦੀ ਵੀ ਖਰੀਦ ਹੋ ਜਾਂਦੀ ਹੈ। ਲਗਦੇ ਹੱਥ। ਆਪਸੀ ਰਿਸ਼ਤੇਦਾਰ ਹੀ ਤੋੜ ਲੈਂਦੇ ਹਨ ਵੋਟਰਾਂ ਨੂੰ। ਕਾਮਤਾ ਦੇ ਕੋਲ ਉਸ ਦੇ ਸਹੁਰਿਆ ਦਾ ਇਕ ਆਦਮੀ ਆਇਆ। ਮੋਢੇ ਤੇ ਬਾਂਹ ਰੱਖ ਕੇ ਇਕਾਂਤ 'ਚ ਲੈ ਗਿਆ। ਬੋਲਿਆ ,''ਸਾਡੇ ਪਿੰਡ ਦੇ ਵੋਟਰ ਬਣ ਜਾਓ। ਕਿਹੜੀ ਤੇਰੇ ਕੋਲ ਖੇਤੀ-ਬਾੜੀ ਹੈ। ਸੋ ਰੁਪਏ ਮਿਲੇਗਾ। ਇਕ ਨਾਂ ਦੇ ਦਸ ਜਣੇ ਹੋ ਸਕਦੇ ਹਨ। ਇਕ ਨਾਂ ਦੇ ਛੇ ਜਣੇ ਹੁੰਦੇ ਹਨ ਅਤੇ ਫਿਰ ਇਕ ਇਕ ਆਦਮੀ ਹੀ ਚਾਰ ਚਾਰ ਵੋਟ ਪਾ ਸਕਦਾ ਹੈ। ਕਦੀ ਧੋਤੀ ਕੁੜਤਾ ਪਾ ਕੇ ਤੇ ਕਦੇ ਪੈਂਟ ਕਮੀਜ ਪਾ ਕੇ। ਔਰਤਾਂ ਨੂੰ ਘੁੰਡ 'ਚ ਕੌਣ ਪਹਿਚਾਣ ਸਕਦਾ ਹੈ।

ਸੋਚ ਲੈ ਪੰਜ ਸੋ ਰੁਪਏ ਦਵਾ ਦੇਵਾਗਾ। ''

''ਨਹੀਂ ਭਰਾਵਾ ਮੈਂ ਤਾਂ ਆਪਣੇ ਬੈਨੀਪੁਰ ਪਿੰਡ ਦਾ ਹੀ ਵੋਟਰ ਰਹਾਗਾ। ਨਾ ਸਹੀ ਖੇਤੀ-ਬਾੜੀ, ਇਕ ਘਰ ਤਾਂ ਹੈ, ਦੁਰਗੀ ਹੈ। ਤੇ ਸਾਡੇ ਮਾਲਕ-ਮਾਲਕਣ ਹੈ।''

ਨ.ਫਰਤ ਦੀ ਨਜ਼ਰ ਨਾਲ ਉਸ ਆਦਮੀ ਨੇ ਉਹਨੂੰ ਘੂਰਿਆ। ਕਾਮਤਾ ਡਰ ਗਿਆ।

''ਮਾਲਕ-ਮਾਲਕਣ ਨੂੰ ਜ਼ਮੀਨ-ਜਾਇਦਾਤ ਮੰਨਦੇ ਰਹੇ ਹੋ। ਤਾਂ ਹੀ ਅੱਜ ਤੱਕ ਤੇਰੀ ਇਹ ਹਾਲਤ ਹੈ। ਤੇਰੇ ਮੇਰੇ ਵਰਗਿਆ ਨੂੰ ਇਹ ਲੋਕ ਜ਼ਮੀਨ ਜਾਇਦਾਤ ਦੇ ਮਾਲਕ ਨਹੀਂ ਬਣਨ ਦੇਣਗੇ। ਅਤੇ ਤੁਸੀਂ ਹੋ ਕਿ ਆਪਣਾ ਵੋਟ ਵੀ ਆਪਣਾ ਨਹੀਂ ਮੰਨਣਾ ਚਾਹੁੰਦੇ।

ਕਾਮਤਾ ਉਸਦੀਆਂ ਗੱਲਾਂ ਵਿੱਚ ਨਹੀਂ ਆਇਆ । ਬੈਨੀਪੁਰ ਅਰਥਾਤ ਕਾਮਤਾ ਦਾਸ ਜਾਟਵ ਦਾ ਪਿੰਡ ਵਿੱਚ ਦੋ ਔਰਤਾਂ ਦੇ ਨਾਂ ਦੇ ਇਸ਼ਤਿਹਾਰ ਉਭਰੇ। ਸੁਸ਼ੀਲਾ ਦੇਵੀ ਪਤਨੀ ਪੀਤਮ ਸਿੰਘ, ਕੋਮਲਾ ਦੇਵੀ ਪਤਨੀ ਧਨਪਾਲ ਕੁਰਮੀ।

ਮਾਲਕਿਨ ਦਾ ਨਾਂ ਸੁਸ਼ੀਲਾ ਹੈ। ਕਾਮਤਾ ਨੂੰ ਉਸ ਦਿਨ ਪਤਾ ਚੱਲਿਆ। ਇਸ ਦੇ ਨਾਲ ਕੋਮਲਾ ਦੇ ਨਾਲ ਧਨਪਾਲ ਨਾ ਲਿਖਿਆ ਹੁੰਦਾ ਤਾਂ ਉਸ ਨੂੰ ਕੋਈ ਨਾ ਜਾਣਦਾ।

... ਪਰ ਇਨ੍ਹਾਂ ਦਿਨਾਂ ਵਿੱਚ ਦੋਹਾਂ ਨਾਂਵਾ ਨੇ ਪਿੰਡ ਨੂੰ ਆਪਣੀ ਲਪੇਟ 'ਚ ਲੈ ਲਿਆ। ਹਰ ਘਰ ਦੇ ਅੱਗੇ-ਪਿੱਛੇ, ਸੱਜੇ ਖੱਬੇ ਸੁਸ਼ੀਲਾ ਅਤੇ ਕੋਮਲ ਆਪਣੇ ਆਪਣੇ ਪਤੀਆਂ ਦੇ ਨਾਲ ਛਪੀਆ ਹੋਈਆ ਸਨ।

ਉਹ ਬਲਦਾ ਨੂੰ ਖੁਰਕ ਕਰ ਰਿਹਾ ਸੀ ਕਿ ਮਾਲਕ ਨੇ ਹੱਥ ਦੇ ਇਸ਼ਾਰੇ ਨਾਲ ਉਸਨੂੰ ਬੈਠਕ 'ਚ ਬੁਲਾਇਆ। ''ਆ ਜਾ ਏਥੇ ਬੈਠ ਕਾਮਤਾ।''

ਉਹ ਉਸ ਦੇ ਪੈਰਾਂ ਦੇ ਕੋਲ ਜਾ ਕੇ ਬੈਠ ਗਿਆ। ਠਾਕੁਰਾਇਣ ਜਿੱਤੇਗੀ ਨਾ? ਤੇਰੇ ਮੁਹੱਲੇ 'ਚ ਕੀ ਕਹਿ ਰਹੇ ਨੇ ਲੋਕ?''

''ਜਿਤੇਗੀ ਮਾਲਕਨ। ਜਰੂਰ ਜਿੱਤੇਗੀ। ਕਿੰਨਾ ਮਿੱਠਾ ਵਰਤਾਓ ਕਰਦੀ ਹੈ ਸਾਰਿਆ ਦੇ ਨਾਲ।'' ਕਾਮਤਾ ਨੇ ਹੱਥ ਜੋੜ ਕੇ ਉਤਰ ਦਿੱਤਾ। ਮਾਲਕ ਆਸ ਨਿਰਾਸ਼ ਜਿਹਾ ਸੀ, ਬੋਲੇ, ''ਮਿੱਠਾ ਖੱਟਾ ਵਰਤਾਓ ਕੋਈ ਅਰਥ ਨਹੀਂ ਰੱਖਦਾ, ਅੱਜ ਕੱਲ੍ਹ ਲੋਕ ਵੱਧ ਤੋਂ ਵੱਧ ਲਾਭ ਦੇਖਦੇ ਹਨ। ''

ਕਾਮਤਾ ਨੂੰ ਕੋਈ ਗੱਲ ਚੇਤੇ ਆ ਗਈ, ਕਹਿਣ ਲੱਗਾ, ''ਸੱਚ ਕਹਿ ਰਹੇ ਹੋ ਤੁਸੀਂ ਧਨਪਾਲ ਦੋ ਟਰੈਕਟਰ ਕਿਰਾਏ ਤੇ ਲੈ ਆਇਆ ਹੈ। ਲੋਕਾਂ ਦੀ ਜ਼ਮੀਨ ਕੇਵਲ ਡੀਜਲ ਲੈ ਕੇ ਵਾਹ ਰਿਹਾ ਹੈ। ਸਾਡੇ ਮੁਹੱਲੇ ਦੇ ਕੋਲ ਬ੍ਰਾਹਮਣ ਟੋਲੇ 'ਚ ਉਸਦੀ ਜੈ ਜੈ ਕਾਰ ਹੈ।''

ਪੀਤਮ ਸਿੰਘ ਦੀਆਂ ਅੱਖਾਂ ਫੈਲ ਗਈਆ, ''ਸਾਡੀ ਬਿੱਲੀ ਸਾਨੂੰ ਮਿਆਉਂ !''

ਅਗਲੇ ਦਿਨ ਨੱਥੂ ਸਿੰਘ ਤਿੰਨ ਟਰੈਕਟਰ ਮੋਠ ਤੋਂ ਭਾੜੇ ਉਪਰ ਲੈ ਆਇਆ। ਕਿਸਾਨਾ ਦੇ ਖੇਤਾਂ ਦੀ ਵਹਾਈ ਹੋਣ ਲੱਗੀ, ਡੀਜਲ ਨਹੀਂ, ਨਾ ਹੀ ਕਿਰਾਇਆ, ਨਾਲ ਹੀ ਖਾਦ ਵੀ ਪਾਈ ਜਾਂਦੀ।

ਉਸ ਮੁਹੱਲੇ ਦੇ ਲੜਕੇ ਟੋਲੀ ਬੰਨ ਕੇ ਬੋਲ ਰਹੇ ਸੀ- ਪੀਤਮ ਸਿੰਘ ਦੀ ਜੈ।''

ਉਧਰ ਧਨਪਾਲ ਨੇ ਟਿਊਬਵੈੱਲ ਖੋਲ੍ਹ ਦਿੱਤੇ। ਸੁੱਕੇ ਖੇਤ ਪਾਣੀ ਨਾਲ ਸਿੰਝੇ ਜਾ ਰਹੇ ਸਨ। ਕਹਿੰਦਾ ਸੀ ਭਾੜਾ ਨਹੀਂ, ਜੈਕਾਰਾ ਨਹੀਂ, ਵੋਟ ਚਾਹੀਦੀ ਹੈ।

ਪੀਤਮ ਸਿੰਘ ਅੱਖਾਂ ਲਾਲ ਕਰਦੇ ਹੋਏ ਬੋਲੇ,''ਨੱਥੂ ...ਓ...ਓਏ !'' ਯਾਰ ਜੇ ਤੇਰੇ ਵਸ ਦੀ ਗੱਲ ਨਹੀਂ ਹੈ ਤਾਂ ਚੋਣ ਖਰਚਾ ਸੁਜਾਨ ਨੂੰ ਦੇ ਦੇ। ਮੇਰਾ ਮੂੰਹ ਦੇਖਦੇ ਹੋ ਬੈਠੇ-ਬੈਠੇ। ਇਹ ਨਹੀਂ ਕਿ ਧਨੀ ਸਿੰਘ ਦਾ ਟਿਊਬਵੈੱਲ ਪਹਿਲਾਂ ਤੋਂ ਹੀ ਖੁਲਵਾ ਦਿੱਤਾ ਹੁੰਦਾ। ਲੈ ਇਹ ਨੋਟ ਸੁੱਟ ਦੇਣੇ ਧਨੀ ਸਿੰਘ ਦੇ ਅੱਗੇ। ਕਹਿਣਾ ਉਸ ਢੇਡ ਧਨਪਾਲ ਦਾ ਖਰਚਾ ਬੰਦ ਕਰ ਦੇਵੇਂ। ਅਸੀਂ ਪੰਜ ਸੋ ਰੁਪਏ ਵੱਧ ਦਿਆਗੇ।'' ਕਹਿ ਕੇ ਪੰਜ ਹਜਾਰ ਦੀ ਗੱਟੀ ਸੁੱਟ ਦਿੱਤੀ ਨੱਥੂ ਸਿੰਘ ਦੇ ਅੱਗੇ।

ਉਹ ਕਾਮਤਾ ਨੂੰ ਕਹਿਣ ਲੱਗੇ, ''ਦੱਸ ਕੀ ਕੀ ਕੀਤਾ ਹੈ ਧਨਪਾਲ ਨੇ ?'' ਮਾਲਕ ਹੁਣ ਤਾਂ ਉਹ ਜੈਕਾਰਾ ਵੀ ਨਹੀਂ ਬੋਲਣ ਦਿੰਦਾ, ਇਹ ਪਤਾ ਨਹੀਂ ਲੱਗ ਰਿਹਾ ਕਿ ਨਵਾਂ ਕੀ ਕੀਤਾ ਹੈ? ਫੂਲੋ ਤੇਲਣ ਕਹਿ ਰਹੀ ਸੀ ਸੁੰਦਰਾ ਤੇਲੀ ਨੂੰ ਡਾਕਟਰ ਕੋਲ ਦਿਖਾਉਣ ਮੋਠ ਲੈ ਕੇ ਗਿਆ ਹੈ। ਸੁੰਦਰਾ ਨਾਲ ਖੁਸਾਲੀ ਵੀ ਗਿਆ ਹੈ। ਉਸ ਦੀ ਅੱਖ ਫਟਕਦੀ ਸੀ। ਪਰ ਮਾਲਕ ਉਸ ਦੀ ਰੀਸ ਕੋਈ ਕਿੱਥੇ ਤੱਕ ਕਰੇਗਾ।''

''ਹਰਾਮਜਾਦਾ !'' ਮਾਲਕ ਨੇ ਦੰਦ ਕਰੀਚੇ, ''ਉਂਝ ਤਾਂ ਕਿਸੇ ਦੇ ਜ਼ਖਮ ਤੇ ਵੀ ਮੂਤਣ ਵਾਲਾ ਨਹੀਂ



ਹੁਣ ਵੱਡਾ ਦਇਆਵਾਨ ਬਣ ਰਿਹਾ ਹੈ।''

''ਸਾਰੇ ਡੌਂਡੀ ਫਿਰਵਾ ਦਿਓ, ਪਨਕਾ ਮੇਹਤਰਾਨੀ ਦੇ ਲੜਕੇ ਨੂੰ ਸੱਦ ਕੇ। ਜੇ ਕੋਈ ਬਿਮਾਰ-ਠਮਾਰ ਹੈ, ਸਾਰੇ ਸਾਡੀ ਹਵੇਲੀ ਆ ਜਾਣ। ਅਸੀਂ ਝਾਂਸੀ ਮੈਡੀਕਲ ਲੈ ਕੇ ਜਾਵਾਗੇ। ਦਵਾ ਦਾਰੂ ਦੇ ਨਾਲ ਖਾਣਾ ਪੀਣਾ ਸਾਰਾ ਖਰਚ ਕਰਾਗੇ।'' ਮਾਲਕ ਨੇ ਗੱਲ੍ਹੇ 'ਚੋਂ ਰੁਪਏ ਦੀ ਪੋਟਲੀ ਕੱਢੀ ਤੇ ਸੁੱਟ ਦਿੱਤੀ ਨੱਥੂ ਸਿੰਘ ਦੇ ਵੱਲ।

ਰੁਪਏ ਦੇਣ ਦੀ ਦੇਰ ਸੀ ਕਿ ਉਧਰੋ ਸਪੀਕਰ ਲੱਗੀ ਜੀਪ ਆਈ, ਜੀਪ ਦੇ ਅੱਗੇ-ਪਿੱਛੇ ਛੋਟੇ ਵੱਡੇ ਬੱਚੇ ਭੱਜਦੇ ਹੋਏ ਆਏ, ''ਆਪਣਾ ਵੋਟ ਛੱਤਰੀ ਨੂੰ ਦਿਓ... ਛੱਤਰੀ... ਛੱਤਰੀ... ਨਾ ਭੁੱਲਣਾ। ਛੱਤਰੀ ਨੂੰ ਚੇਤੇ ਰੱਖਣਾ।

''ਤੇਰੀ ਐਸੀ ਦੀ ਤੈਸੀ।'' ਪੀਤਮ ਸਿੰਘ ਦੀਆਂ ਲੱਤਾਂ ਨੂੰ ਜਿਵੇਂ ਸੈਕੜੇ ਬਿੱਛੂ ਚੁੰਬੜ ਗਏ ਹੋਣ। ਉਹ ਟੱਪਣ ਲੱਗਾ , ਇਸ ਦੌਰਾਨ ਨਕਲੀ ਲੱਤ ਖੁੱਲ੍ਹ ਗਈ,ਪੌੜੀਆਂ ਤੋਂ ਉਤਰਦੇ ਸਮੇਂ ਡਿੱਗਦੇ ਡਿੱਗਦੇ ਬਚੇ।

ਨੱਥੂ ਅਤੇ ਕਾਮਤਾ ਉਨ੍ਹਾਂ ਨੂੰ ਫੜ ਕੇ ਅੰਦਰ ਲੈ ਗਏ। ਮਾਲਕ ਨੇ ਚਾਰ ਪੰਜ ਜੀਪਾ ਏਧਰ-ਉਧਰ ਭਜਾ ਦਿੱਤੀਆਂ। ਜਿਨ੍ਹਾਂ ਦੀਆਂ ਪਤਨੀਆਂ ਪੇਕੇ ਗਈਆਂ ਸਨ। ਉਹ ਬੁਲਾ ਲਈਆ। ਜਿਨ੍ਹਾਂ ਬੇਟੀਆਂ ਦਾ ਇਥੇ ਵੋਟਰ ਲਿਸਟ 'ਚ ਨਾਂ ਸੀ। ਉਨ੍ਹਾਂ ਦੇ ਸੱਸ-ਸਹੁਰੇ ਨੂੰ ਪੰਦਰਾ ਸੋ ਇਕ ਰੁਪਏ ਸਗਨ ਦੇ ਭੇਜ ਕੇ ਉਨ੍ਹਾਂ ਲੜਕੀਆਂ ਨੂੰ ਲੈ ਆਂਦਾ।

ਕੋਈ ਕਹਿਣ ਲੱਗਾ, ''ਧਨਪਾਲ ਤਾਂ ਮਸਤ ਘੁੰਮ ਰਿਹਾ ਹੈ। ਉਸ ਨੂੰ ਕੋਈ ਪਰਵਾਹ ਨਹੀਂ। ਪਿੰਡ ਦੇ ਸਾਰੇ ਉਥੇ ਹੀ ਆ ਜਾਂਦੇ ਹਨ ਉਸ ਦੇ ਡੇਰੇ ।''

''ਕਿਉ?''

''ਪਾਣੀ , ਬੀੜੀ, ਸਿਗਰੇਟ, ਗੁਟਕਾ, ਤਮਾਕੂ ਮੁ.ਫਤ 'ਚ ਮਿਲਦੇ ਹਨ। ਬਾਹਰ ਵਿਹੜੇ 'ਚ ਪਾਨ ਬੀੜੀ ਵੇਚਣ ਵਾਲਾ ਬਿਠਾ ਦਿੱਤਾ। ਲੋਕਾਂ ਦਾ ਕੀ ਏ, ਗੁੜ 'ਤੇ ਬੈਠੀਆਂ ਮੱਖੀਆਂ ਨੇ।''

ਪੀਤਮ ਕੁਝ ਦੇਰ ਲਈ ਖ਼ਾਮੋਸ਼ ਹੋ ਗਿਆ। ਗੁੱਸਾ ਕ੍ਰੋਧ ਨੂੰ ਜਿਵੇਂ ਜ਼ਹਿਰ ਦੇ ਵਾਂਗ ਪੀ ਰਿਹਾ ਸੀ। ਅੱਜ ਨੱਥੂ ਸਿੰਘ ਨਹੀਂ ਆਇਆ ਸੀ। ਪੈਂਟ ਕਮੀਜ਼ ਪਾ ਕੇ ਪੈਰਾਂ 'ਚ ਹਵਾਈ ਚੱਪਲ ਪਾ ਕੇ ਸੁਜਾਨ ਮੂੜੇ ਉੱਤੇ ਬੈਠਾ ਸੀ।

''ਸੁਜਨਾ !''

''ਕੀ ਹੈ ਦਾਦਾ ?''

''ਏਥੇ ਬੈਠਾ ਕਿਸ ਲਈ ਏ ! ਇਹ ਗੱਦੀਦਾਰ ਮੂੜੇ? ਇਹ ਮੇਜ? ਅਤੇ ਕੋਠੇ 'ਚ ਰੱਖਿਆ ਪੁਰਾਣਾ ਮਖਮਲੀ ਗਲੀਚਾ ?'' ਉਸ ਨੇ ਉਂਗਲੀ ਨਾਲ ਇਸ਼ਾਰਾ ਕੀਤਾ।

''ਸਾਰਾ ਸਮਾਨ ਜਨਤਾ ਦਾ ਹੈ। ਅਸੀਂ ਲੋਕਾਂ ਲਈ ਸਮਰਪਤ ਹੀ ਹੋ ਗਏ ਤਾਂ ਆਪਣਾ ਕੀ ਬਚਿਆ ? ਸਿੰਗਾਰ ਦਿਓ ਬੈਠਕ। ਹੁਣ ਕੋਈ ਘਾਟ ਨਹੀਂ ਕਿਸੇ ਚੀਜ ਦੀ? ਅਸੀਂ ਦੇਖਦੇ ਹਾਂ ਕਿਵੇਂ ਕਰਦੇ ਹਨ ਸਾਡੀ ਬਰਾਬਰੀ? ਸਾਲਾ ਧਨਪਾਲ, ਬਾਪ ਦਾਦੇ ਮਜਦੂਰੀ ਕਰਦੇ ਰਹੇ ਹਨ। ਬਣਨ ਲੱਗਾ ਹੈ ਸਰਪੰਚ।''

ਟਰੈਕਟਰ ਦੀਆਂ ਟ੍ਰਾਲੀਆਂ 'ਚ ਹਰ ਹਰ, ਤਿਲ੍ਹ, ਮਟਰ ਅਤੇ ਛੋਲੇ ਵਰਗੀਆਂ ਮਹਿੰਗੀਆਂ ਦਾਲਾ ਭਰ ਕੇ ਪੀਤਮ ਸਿੰਘ ਨੇ ਮੋਠ ਦੇ ਬਾਜਾਰ ਨੂੰ ਰਵਾਨਾ ਕਰ ਦਿੱਤੀ ਆ।

ਇਸ ਦੇ ਬਦਲੇ ਬਹੁਤ ਕੁਝ ਆਇਆ ਦਾਰੂ, ਨਮਕੀਨ, ਮੁਰਗਾ, ਮੱਛੀ।

ਕਾਮਤਾ ਨੇ ਹਵੇਲੀ ਵਾਲੀ ਥਾਂ 'ਚ ਆਪਣੇ ਹੱਥੀ ਭੱਠੀ ਪੁੱਟੀ ਸੀ। ਕੜਾਹੀਆਂ ਮਾਂਜੀਆਂ। ਲੱਕੜੀ ਚੀਰੀ ਅਤੇ ਭੱਠੀ ਚਾਲੂ ਕੀਤੀ। ਇਕ ਭੱਠੀ ਉੱਤੇ ਦਿਨ ਭਰ ਪਕੌੜੇ ਅਤੇ ਨਮਕੀਨ ਬਣਦੇ , ਦੂਜੇ ਪਾਸੇ ਅਬਦੁਲ ਕਸਾਈ ਬੱਕਰਾ ਤੇ ਮੁਰਗਾ ਬਣਾਉਂਦਾ।

ਕਾਮਤਾ ਦਾ ਪੂਰਾ ਦਿਨ ਪਿਆਜ ਕੱਟਦਿਆ ਗੁਜਰਦਾ।

ਦੋਸਤਾਂ ਦੀ ਦਾਰੂ ਪਾਰਟੀ ਦੇ ਨਾਲ ਧਨਪਾਲ ਨੇ ਸਾਵਰਾ ਰੰਡੀ ਨੂੰ ਨੱਚਣ ਦੇ ਲਈ ਸੱਦ ਲਿਆ। ਰਾਤ ਭਰ ਗਾਣਾ ਹੁੰਦਾ। ਮਨਚਲੇ -ਜਵਾਨ ਤਾਂ ਕੀ ਬਿਨਾ ਮੂੰਹ 'ਚ ਦੰਦਾਂ ਵਾਲੇ ਬੁੱਢੇ ਵੀ ਉਥੇ ਚੱਕਰ ਕੱਟਣ ਲੱਗ ਪਏ।

ਪੀਤਮ ਸਿੰਘ ਦਾ ਕਲੇਜਾ ਜਿਵੇਂ ਕੜਾਈ ਦੇ ਗਰਮ ਤੇਲ 'ਚ ਪਾ ਦਿੱਤਾ ਗਿਆ ਹੋਵੇ। ਉਹ ਚਾਲਾ ਸੋਚਦਾ। ਬਦਮਾਸ਼ ਸੱਦ ਲਏ ਜਾਣ? ਜਾਂ ਡਾਕੂ ਕੋਲੋ ਮਰਵਾ ਦੇਵੇ ? ਇਹਦੀ ਘਰ ਵਾਲੀ ਨੂੰ ਚੁੱਕਾ ਦੇਵੇ। ਜਾਂ

ਧਨਪਾਲ ਦਾ ਕਤਲ...।

ਸੋਚਦੇ ਸੋਚਦੇ ਥੱਕ ਗਿਆ ਉਹ। ਸਾਲਾ ਆਪਣੀ ਪਾਰਟੀ ਦਾ ਕੁੱਤਾ... ਗਨਪਤ ਦੀ ਚੁੱਕ 'ਚ ਆ ਕੇ ਕੀ ਮਾਰੇ ਕੀ ਛੱਡੇ ?

ਉਸ ਨੇ ਘਰ 'ਚ ਆ ਕੇ ਅਨਾਜ਼ ਨੂੰ ਪਰਖਿਆ। ਛੋਲੇ, ਮਟਰ, ਤਿਲ ਅਤੇ ਮਸਰ ਤੱਕ ਵਿਕ ਚੁੱਕੇ ਸੀ। ਕੇਵਲ ਕਣਕ ਬਚੀ ਸੀ। ਉਸ ਨੇ ਕਣਕ ਲੱਦਾ ਦਿੱਤੀ।

ਪਿੰਡ ਦਾ ਭੋਜ ਹੋਇਆ। ਮਾਲਕ ਦਾ ਦਰਬਾਰ ਰੌਸ਼ਨੀ ਨਾਲ ਤੇ ਲੋਕਾਂ ਨਾਲ ਭਰਿਆ ਹੋਇਆ ਸੀ। ਪਿੰਡ ਜੈਕਾਰੇ ਨਾਲ ਗੂੰਜ ਉੱਠਿਆ। ਪੀਤਮ ਸਿੰਘ ਅਮਰ ਰਹੇ। ਪੀਤਮ ਸਿੰਘ ਨੂੰ ਵੋਟ ਦਿਓ, ਪੀਤਮ ਸਿੰਘ ਜਿੰਦਾਬਾਦ।

ਬਿਛੂਆ, ਬਲਾਉਜ ਦੇ ਪੀਸ, ਬਿੰਦੀ, ਪਾਊਡਰ, ਲਾਲੀ, ਧਨਪਾਲ ਦੀ ਪਤਨੀ ਕੋਮਲਾ ਦੇਵੀ ਨੇ ਵੰਡਣੇ ਸੀ। ਘਰ ਘਰ ਜਾਣਾ ਸੀ।

ਧਨਪਾਲ ਨੇ ਜਿਵੇਂ ਹੀ ਇਹ ਸਵਾਲ ਆਪਣੀ ਪਤਨੀ ਨੂੰ ਕੀਤਾ, ਉਹ ਗੁੱਸੇ ਹੋ ਗਈ।

ਹੈਂ... ਅ ! ਕੀ ਕਹਿ ਰਹੇ ਹੋ ? ਅਸੀਂ ਘਰ ਘਰ ਜਾਂਦੇ ਫਿਰਾਗੇ ? ਨੈਣ ਦੇ ਹੱਥੀ ਕਿਓ ਨਹੀਂ ਭੇਜ ਦਿੰਦੇ ? ਆਪਣਾ ਜਾਣਾ ਜਰੂਰੀ ਹੈ ?''

''ਬਿਲਕੁਲ ਜਰੂਰੀ ਹੈ ।''

''ਮੈਂ ਨਹੀਂ ਜਾਵਾਗੀ। ਹਜਾਰਾ ਦਾ ਸਮਾਨ ਦੂਜਿਆ ਨੂੰ ਦੇ ਦਈਏ ? ਮੇਰੇ ਲਈ ਤੂੰ ਇਕ ਵਾਲ਼ੀ ਤੱਕ ਨਹੀਂ ਬਣਾਈ। ਉਨ੍ਹਾਂ ਹੂਰ-ਪਰੀਆ ਲਈ ਹਾਰ-ਸਿੰਗਾਰ ਦਿੰਦੇ ਫਿਰ ਰਿਹੇ ਹੋ। ਮੇਰੀ ਭੈਣ ਦਾ ਵਿਆਹ ਆ ਰਿਹਾ ਹੈ। ਇਕ ਗਾਨੀ ਤੱਕ ਨਹੀਂ ਹੈ .ਗਲ 'ਚ ਪਾਊਣ ਲਈ। ਤੂੰ ਹੀ ਦੇ ਆ ਰੋਜ ਰੋਜ ਅੱਖ ਮੱਟਕਾ ਕਰਦੇ ਤਾਂ ਫਿਰ ਰਹੇ ਹੋ।''

ਪਰ ਧਨਪਾਲ ਨੇ ਹਾਰ ਨਹੀਂ ਮੰਨੀ। ਮਿੰਨਤ-ਤਰਲਾ ਕਰਦਾ ਰਿਹਾ। ਸੁਣਦੇ ਹਾਂ ਕਿ ਤਿੰਨ ਦਿਨ ਤੱਕ ਗੋਡੇ ਦੱਬਦਾ ਰਿਹਾ। ਤਾਂ ਕਿਤੇ ਜਾ ਕੇ ਭਵਾਨੀ ਮੰਨੀ।

ਸੋਭਾ ਯਾਤਰਾ ਦੇਖਣ ਵਾਲੀ ਸੀ। ਕੋਮਲਾ ਨੇ ਗੁਲਾਬੀ ਰੰਗ ਦੀ ਪਲਿਸਟਰ ਦੀ ਸਾੜ੍ਹੀ ਲਾਈ ਹੋਈ ਸੀ। ਆਪਣੀ ਨਣਦ ਦਾ ਰਾਣੀ ਹਾਰ ਲੈ ਕੇ, ਗਲੇ ਦਾ ਇਕ ਹੋਰ ਹਾਰ, ਕੰਨਾ 'ਚ ਝੁਮਕੇ ਤੇ ਲੱਕ ਨਾਲ ਬੈਲਟ ਲਾਈ ਹੋਈ ਸੀ। ਛਾਤੀ ਤੱਕ ਘੁੰਡ ਕੱਢਿਆ ਸੀ। ਉਹ ਦੋਵੇਂ ਹੱਥ ਜੋੜ ਕੇ ਔਰਤਾਂ ਦੇ ਟੋਲੇ ਦੇ ਅੱਗੇ ਅੱਗੇ ਚੱਲਣ ਲੱਗ ਪਈ।

ਜਦੋਂ ਕੋਈ ਆਵੇ ਤਾਂ ਗੇਂਦੇ ਦੇ ਫੁੱਲਾਂ ਦੀ ਮਾਲਾ ਪਾ ਜਾਵੇ। ਹਾਰ ਕੇ ਕੋਮਿਲਾ ਨੇ ਘੁੰਡ ਲਾਹੇ ਬਿਨਾ ਹੀ ਉਸ ਨੂੰ ਬਾਹੋਂ ਫੜ ਲਿਆ ਤੇ ਦੋ ਤਿੰਨ ਥੱਪੜ ਮਾਰ ਦਿੱਤੇ। ਮਾਲਾ ਤੋੜ ਕੇ ਸੁੱਟ ਦਿੱਤੀ, ''ਆਪਣੀ ਮਾਂ ਦੇ ਗਲੇ 'ਚ ਪਾ ਦੇ ਵਰ ਮਾਲਾ।''

ਅੱਗ ਲੱਗੇ ਇਨ੍ਹਾਂ ਚੋਣਾਂ ਨੂੰ ਭੈਣ ਦਾ ਵਿਆਹ ਹੈ ਦੋ ਦਿਨ ਬਾਅਦ। ਅਸੀਂ ਤਾਂ ਧੁੱਪਾ 'ਚ ਫਿਰ ਫਿਰ ਕੇ ਕਾਲੇ ਹੋਈ ਜਾ ਰਹੇ ਹਾਂ।''

ਕੋਮਿਲਾ ਛੇ ਸੱਤ ਘਰਾਂ 'ਚ ਜਾਣ ਤੋਂ ਬਾਅਦ ਘਰ ਨੂੰ ਪਰਤ ਆਈ।

* * *

ਪੀਤਮ ਸਿੰਘ ਦੀ ਪਤਨੀ ਨੇ ਕਿਹਾ ਸੀ, ''ਸੁਣੋ ਘਰ ਬਾਹਰ ਲੁੱਟਾ ਕੇ ਜਿੱਤ ਪ੍ਰਾਪਤ ਨਹੀਂ ਹੋ ਸਕਦੀ। ਆਦਮੀ ਬੜਾ ਦੋਗਲਾ ਹੋ ਗਿਆ ਹੈ। ਖਾ ਵੀ ਜਾਵੇਗਾ। ਤੇ ਵੋਟ ਵੀ ਨਹੀਂ ਦੇਵੇਗਾ। ਪਰੇਸ਼ਾਨੀ ਦੱਸਣਗੇ, ਸੁਣਨਗੇ ਲੋਕ। ਜੇ ਉਨ੍ਹਾਂ 'ਚ ਰਲ ਕੇ ਮਿਲ ਬੈਠ ਜਈਏ ਤਾਂ ਉਹ ਨਰਮ ਹੋਣਗੇ। '' ਨੱਥੂ ਰਾਮ ਕਹਿ ਰਿਹਾ ਸੀ।

ਐਤਕੀਂ ਵੋਟ ਬਕਸਾ ਵੀ ਬਦਲ ਨਹੀਂ ਹੋਵੇਗਾ। ਕਰੜਾ ਪਹਿਰਾ ਲੱਗੇਗਾ ਦੱਸਦੇ ਹਨ। ਮੈਂ ਝੂਠ ਕਿਓ ਬੋਲਾ। ਚੰਗਾ ਹੁੰਦਾ ਕਾਮਤਾ ਦੀ ਵਹੁਟੀ ਨੂੰ ਖੜੀ ਕਰ ਦਿੰਦਾ। ਸਰਪੰਚੀ ਘਰ ਦੀ ਘਰ, ਉਹ ਘਰ ਘਰ ਤਾਂ ਜਾਂਦੀ। ਲੋਕਾਂ ਦੇ ਨਾਲ ਮਿਲ ਕੇ ਬੈਠਦੀ ਤਾਂ ਹੈ। ਅਸੀਂ ਤਾਂ ਗੀਤ ਨੰਦ ਵੀ ਜਿਵੇਂ ਗਏ ਜਾਂ ਨਾ ਗਏ ਮੂੰਹ ਲਟਕਾ ਕੇ ਪਰਤ ਆਏ। ਠੁਕਰਾਇਨ ਕਰਕੇ ਹੀ ਅਰਾਮ ਨੀ।''

ਪੀਤਮ ਸਿੰਘ ਹੱਸ ਪਏ, ''ਬੜੇ ਸੰਵੇਦਨਸ਼ੀਲ ਹੋ। ਹੌਸਲਾ ਨਾ ਡਿੱਗਣ ਦਿਓ। ਕੀ-ਕੀ ਸੋਚਣ ਲੱਗੀ



ਏ ! ਤੈਨੂੰ ਅਸੀਂ ਪ੍ਰੰਪਰਾ ਤੋੜਨਾ ਲਈ ਸਰਪੰਚ ਨਹੀਂ ਬਣਾ ਰਹੇ ਅਸੀਂ। ਜੇ ਲੋਕਾਂ ਨਾਲ ਮਿਲਣ ਜੁਲਣ ਕਰਕੇ ਹੀ ਵੋਟ ਮਿਲਦੇ ਤਾਂ ਕਿਸੋਰਾ ਨਾਈ ਕੱਲੂਆ ਭੰਗੀ ਜਿਹੜੇ ਰੋਜ ਰੋਜ ਘਰ ਘਰ ਜਾਂਦਾ ਹੈ, ਜਿੱਤ ਜਾਂਦੇ। ਸਾਨੂੰ ਕੋਣ ਪੁੱਛਦਾ ? ਪਾਗਲੇ ! ਆਦਮੀ ਨਹੀਂ ਆਦਮੀ ਦੀ ਅਮੀਰੀ ਤੇ ਰੋਹਬ ਨੂੰ ਵੋਟ ਮਿਲਦੇ ਹਨ। ਆਪਣੇ ਰੋਹਬ ਤੇ ਦਬਕੇ 'ਚ ਰਤਾ ਵੀ ਘਾਟ ਨਹੀਂ ਆਉਣ ਦਿੱਤੀ ਅਸੀਂ। ਮਿਲਣ-ਜੁਲਣ ਵਾਲੇ ਖੁਦ ਤੇਰੇ ਦਰਵਾਜੇ 'ਤੇ ਆਏ ਕਿ ਨਹੀਂ।'' ਉਹ ਹੱਸਦੇ ਰਹੇ ਸਨ। ਪਤਨੀ ਨੂੰ ਹਸਾਉਣ ਦੀ ਕੋਸ਼ਿਸ਼ ਕਰ ਰਹੇ ਸਨ।

ਪਰ ਠੁਕਰਾਇਨ ਦੇ ਗੱਲ ਮਨ ਨੂੰ ਨਹੀਂ ਲੱਗੀ। ਜਿਹੜਾ ਹੋਣਾ ਚਾਹੀਦਾ ਸੀ ਹੋ ਨਹੀਂ ਸੀ ਰਿਹਾ।

ਦੇਖੋ ਮਨ ਲਿਆ ਕਿ ਲੋਕ ਤੈਨੂੰ ਜਾਣਦੇ ਹਨ। ਤੂੰ ਸਰਪੰਚ ਵੀ ਰਹਿ ਚੱਕਾ ਏ। ਪਰ ਹੁਣ ਤਾਂ ਮੈਂ ਖੜੀ ਹੋਈ ਹਾਂ। ਮੇਰੇ 'ਚ ਕਿਨੀ ਕੁ ਹਲੀਮੀ ਹੈ, ਲੋਕਾਂ ਨੇ ਇਹ ਦੇਖਣਾ ਹੈ। ਪਰ ਅਸੀਂ ਤਾਂ ਘਰ ਦੇ ਅੰਦਰ ਬੈਠੇ ਹਾਂ। ਤੂੰ, ਮੈਂ ਪਤਨੀ ਦੇ ਰਿਸ਼ਤੇ ਦੇ ਬੰਧਨ 'ਚ ਬੱਝੇ ਹਾਂ। ਠੀਕ ਹੈ। ਲੋਕਾਂ ਦੇ ਲਈ ਤਾਂ ਸਾਡੇ ਵੱਖਰੇ ਵੱਖਰੇ ਵਜ਼ੂਦ ਹਨ। ਆਪਾ ਵੱਖਰੇ ਸੁਭਾਅ, ਵੱਖਰੀ ਵਰਤਾਓ ਦੇ ਦੋ ਵੱਖਰੇ ਵੱਖਰੇ ਜੀਵ ਹਾਂ।''ਮਾਲਕ ਵਧੇਰੇ ਬਹਿਸ ਨਹੀਂ ਕਰਨਾ ਚਾਹੁੰਦੇ ਸਨ। ਉਹ ਬੋਲੇ, ''ਜਾਹ ਤੂੰ ਅੰਦਰ ਜਾ ਕੇ ਬੈਠ, ਨੱਥੂ ਸਿੰਘ ਆ ਗਿਆ ਹੈ। ਚਬੂਤਰੇ 'ਤੇ ਮਰਦ ਇੱਕਠੇ ਹੋਣ ਵਾਲੇ ਹਨ।''

''ਅਸੀਂ ਤਾਂ ਅੰਦਰ ਬੈਠੇ ਹਾਂ, ਕਿਸੇ ਨੇ ਦੇਖਿਆ ਹੈ ਮੇਰਾ ਚਿਹਰਾ ?''

''ਪਹਿਲਾ ਮੂੰਹ ਹੀ ਦਿਖਾ ਦੇ , ਚੰਗਾ ਚੋਣਾਂ 'ਚ ਖੜੀ ਕੀਤੀ ਏ। ਘਰ ਤੋਂ ਬਾਹਰ ਭੱਜਣ ਦੀ ਪੈ ਗਈ। ਤੇਰੇ ਤੂੜੀ ਨਾਲ ਭਰੇ ਦਿਮਾਗ ਨੂੰ ਕਿਵੇਂ ਸਮਝਾਵਾ ਕਿ ਲੋਕ ਜ਼ੇਲ੍ਹ 'ਚ ਬੰਦ ਰਹਿਣ ਤੇ ਵੀ ਜਿੱਤ ਜਾਂਦੇ ਹਨ। ਤੂੰ ਲਤਾ ਨੂੰ ਬਿੱਛੂਏ ਵੰਡਦੀ ਦੇਖ ਕੇ ਡਰ ਗਈ। ਚੱਲ ਠੀਕ ਹੈ ਅਸੀਂ ਝਾਂਜਰ ਤੇ ਧੋਤੀਆਂ ਵੰਡ ਦਿਆਗੇ। ਹੁਣ ਤਾਂ ਖੁਸ਼ ਏ।'' ਪੀਤਮ ਸਿੰਘ ਦੀਆਂ ਉਂਗਲੀਆਂ ਹਵਾਂ 'ਚ ਲਹਿਰਾਈਆ ਜਿਵੇਂ ਠੁਕਰਾਇਨ ਦੀਆਂ ਗੱਲ੍ਹਾਂ ਨੂੰ ਛੋਹ ਕੇ ਲਾਡ ਕਰਨਾ ਚਾਹੁੰਦਾ ਹੋਵੇ।

ਬੈਠਕ 'ਚ ਗੈਸ ਵਾਲੀ ਬੱਤੀ ਜਗ ਰਹੀ ਸੀ। ਦੀਵਾਰਾ ਉੱਤੇ ਲੋਕਾਂ ਦੇ ਪਰਛਾਵਿਆਂ ਦੇ ਨਿਸ਼ਾਨ ਸੀ। ਛੱਤ ਦੇ ਕੜੇ ਕਾਲੇ ਅਜਗਰ ਵਾਂਗ ਤਣੇ ਹੋਏ ਸੀ। ਧਰਤੀ ਉਪਰ ਵਿਛੀਆਂ ਦਰੀਆਂ ਉਪਰ ਰੰਗੀਨ ਗਲੀਚਾ ਚਮਕ ਰਿਹਾ ਸੀ। ਲੋਕ ਗੋਲ ਘੇਰਾ ਬਣਾ ਕੇ ਬੈਠੇ ਸੀ ਘੇਰੇ ਦੇ ਵਿਚਕਾਰ ਨਮਕੀਨ ਦੀਆਂ ਪਲੇਟਾਂ ਕਟੋਰਿਆ 'ਚੋਂ ਭਰੀਆਂ ਗਈਆਂ ਨਾਰੰਗੀ ਰੰਗ ਦੀਆਂ ਬੋਤਲਾ, ਕੱਚ, ਸਟੀਲ, ਪਿੱਤਲ ਦੇ ਰਲੇ-ਮਿਲੇ ਗਲਾਸ , ਇਕ ਇਕ ਆਦਮੀ ਦੇ ਅੱਗੇ ਰੱਖੇ ਹੋਏ ਸਨ। ਪੀਤਮ ਸਿੰਘ ਦੇ ਵੱਲ ਸਭ ਦੇ ਚਿਹਰੇ ਸਨ। ਮਾਲਕ ਹਰ ਇਕ ਦੀ ਬਾਤ ਸੁਣ ਰਿਹਾ ਸੀ।

ਨੱਥੂ ਸਿੰਘ ਦੀਆਂ ਅੱਖਾਂ 'ਚ ਗਹਿਰਾ ਸਰੂਰ ਸੀ। ਜ਼ੁਬਾਨ ਥਥਲਾ ਰਹੀ ਸੀ, ''ਸਾਲਾ ਸਾ... ਲਾ... ਧਨ... ਪਾਲ ! ਨਵਾਂ ਮੁੱਲਾ, ਅੱਲਾ ਅੱਲਾ ! ਉਹਦਾ ਵਸ ਨਹੀਂ ਚੱਲਿਆ ਨਹੀਂ ਤਾਂ ਪਿੰਡ 'ਚ ਸਿਨੇਮਾ ਹੀ ਖੋਲ੍ਹ ਦਿੰਦਾ।'' ਉਹਦੇ ਕੋਲੋ ਪਕੌੜਾ ਚੁੱਕਿਆ ਨਹੀਂ ਜਾ ਰਿਹਾ ਸੀ।

ਵਿਕਰਮ ਨੇ ਬੋਤਲ ਚੁੱਕੀ ਤੇ ਵਾਰੀ ਵਾਰੀ ਖਾਲੀ ਹੋ ਗਏ ਗਲਾਸਾ 'ਚ ਪਾਉਣ ਲੱਗਾ। ਧਾਰ ਗਲਾਸ ਤੋਂ ਏਧਰ ਉਧਰ ਹੋ ਰਹੀ ਸੀ। ਬਾਅਦ 'ਚ ਢੱਕਣ ਕੱਸਣ ਲੱਗ ਪਿਆ ''ਹੁਣ ਬਿੱਛੂਆ ਚੋਲੀ ਦੇ ਉਪਰ ਲੜੀਆਂ ਜਾਂਦੀਆਂ ਨੇ ਚੋਣਾਂ ! ਹਾਂ... ਹਾਂ... ਭੈਣ ਚੋਂ ਚੋਣਾਂ ਨਾ ਹੋਈਆਂ ਜਨਾਨੀਆਂ ਹੋ ਗਈਆਂ।'' ਉਸ ਕੋਲੋ ਢੱਕਣ ਕੱਸ ਨਹੀਂ ਹੋਇਆ। ਚੂੜੀ ਉਲਟੀ ਦਿਸ਼ਾ 'ਚ ਘੁੰਮਣ ਲੱਗ ਪਈ ਹੈ। ਉਹ ਲਗਾਤਾਰ ਕੱਸਣ ਦੀ ਕੋਸ਼ਿਸ਼ ਕਰ ਰਿਹਾ ਹੈ।

ਸੁਜਾਨ ਨੇ ਨਮਕੀਨ ਦੀ ਪਲੇਟ 'ਤੇ ਝਪਟਾ ਮਾਰਿਆ ਤੇ ਮੁੱਠੀ ਭਰ ਲਈ, ਮੂੰਹ ਪੂਰਾ ਅੱਡ ਕੇ ਸਾਰੀ ਹਜ਼ਮ ਕਰਨਾ ਚਾਹੀਦਾ ਸੀ ਪਰ ਸਾਰੀ ਦੀ ਸਾਰੀ ਥੱਲੇ ਡਿੱਗ ਗਈ। ਫਿਰ ਵੀ ਕੁਝ ਮੂੰਹ 'ਚ ਚਲੇ ਗਈ ਤੇ ਉਹਨੂੰ ਚੱਬਣ ਲੱਗ ਪਿਆ।

''ਪੀਤਮ ਭਾਈ ਉਹ ਸਾਲਾ ਹੈ ਹੀ ਗਿੱਦੜ ਦੀ ਔਲਾਦ। ਤੁਹਾਡੇ ਨਾਲ ਰਹਿ ਕੇ ਸ਼ੇਰ ਬਣ ਗਿਆ ਸੀ। ਕਹਿੰਦੇ ਹਨ ਨਾ ਕਿ ਕਾਗ ਪੜਾਏ ਪੀ ਜ਼ਰਾ , ਪੜ੍ਹ ਗਿਆ ਚਾਰੋ ਵੇਦ, ਜਬ ਸੁਧਿ ਆਈ ਕੁਟਮ ਕੀ ਰਹੇ ਢੇਡ ਕੇ ਢੇਡ।''

ਛੀ ਛੀ ! ਪੀਤਮ ਭਾਈ ਨੂੰ ਤਾਂ ਬਣ ਗਏ ਮੁੱਖ ਮੰਤਰੀ ਦੇ ਸੱਜੇ ਹੱਥ ਸੂਰਜਪਾਲ ਸਿੰਘ ਦਾ ਸਿੱਕਿਆ 'ਚ ਤੋਲਣਾ ਚੇਤੇ ਕਰ ਲੈ, ਪੂਰੇ 85 ਕਿਲੋ ਦੇ ਸਿੱਕੇ ਚੜੇ ਸੀ ਤੱਕੜੀ 'ਚ ।''

ਨੱਥਾ ਸਿੰਘ ਸੁਜਾਨ ਦੇ ਮੂੰਹੋਂ ਸਿੱਕੇ ਤੋਲਣ ਦੀ ਗੱਲ ਸੁਣ ਕੇ ਜੋਸ਼ 'ਚ ਆ ਗਿਆ, ''ਤੂੰ ਇੰਝ ਕਰ ਪੀਤਮ ਭਈ ਚੋਣਾਂ ਵਾਲੇ ਦਿਨ ਸੂਰਜਪਾਲ ਸਿੰਘ ਨੂੰ ਸੱਦ ਲੈ। ਜਾਂ ਤਾਂ ਸਾਲੇ ਬੂਥ ਨੂੰ ਲੁੱਟ ਕੇ ਹੀ ਲੈ ਜਾਵੇਗਾ ਜਾਂ ਫਿਰ ਪੂਰੇ ਦੇ ਪੂਰੇ ਵੋਟ ਤੁਹਾਡੇ ਖਾਤੇ 'ਚ ਉਸਦੀ ਪਾਰਟੀ ਨੂੰ ਪੂਰੇ ਪੰਜਾਹ ਹਜਾਰ ਰੁਪਏ ਪਹੁੰਚਾਏ ਸਨ ਪਿਛਲੇ ਚਾਰ ਮਹੀਨੇ 'ਚ। ਐਨੀ ਕੁ ਸਹਾਇਤਾ ਤਾਂ ਕਰ ਹੀ ਦੇਵੇਗਾ। ਕੋਈ ਬੇਹੋਸ਼ੀ 'ਚ ਹੀ ਬੋਲੀ ਜਿੱਤਣ ਚਾਹੁੰਦਾ ਹੈ। ਪੀਤਮ ਸਿੰਘ। ਪਿੰਡ ਦੇ ਰੁਪਏ ਨਾਲ ਨੇਤਾਵਾਂ ਦੀ ਸਹਾਇਤਾ ਲੈ ਰਿਹਾ ਹੈ ਕੀ ਕਰੇ ਵਿਚਾਰਾ ਠੁਕਰਾਇਨ ਤੱਕ ਭੇਜਣੀ ਪਈ ਹੈ ਸੂਰਜਪਾਲ ਸਿੰਘ ਦੀ ਸੇਵਾ 'ਚ ...।

ਪੀਤਮ ਸਿੰਘ ਨੇ ਆਪਣੀਆਂ ਆਕੜੀਆਂ ਹੋਈਆਂ ਮੁੱਛਾਂ ਵਾਲਾ ਮੂੰਹ ਉਪਰ ਚੁੱਕ ਕੇ ਦੇਖਿਆ ਅੱਖਾਂ ਖੋਹਲਣ ਦੀ ਕੋਸ਼ਿਸ਼ ਕੀਤੀ ਤੇ ਥਥਲਾਉਂਦੇ ਹੋਏ ਬੋਲੇ, ''ਕੀ ਕਿਹਾ ? ... ਕੀ ਕਿਹਾ ?? ਮਾ... ਦ...ਰ... ਚੋਦ... ਧਨਪਾਲ... ਹਰਾਮਦੀ ਔਲਾਦ !''

ਕਾਮਤਾ ਕੰਬ ਗਿਆ।

ਉਹ ਜਲਦੀ ਜਲਦੀ ਪਿੱਤਲ ਤੇ ਕੱਚ ਦੇ ਗਿਲਾਸ , ਪਿਆਜ ਅਤੇ ਪਕੌੜੇ ਦੀਆਂ ਗੰਦੀਆਂ ਪਲੇਟਾਂ ਖਾਲੀ ਬੋਤਲਾ ਚੁੱਕਣ ਲੱਗ ਪਿਆ। ਨਸ਼ਾ ਮਾਲਕ ਦੇ ਸਿਰ ਉਪਰ ਚੜਿਆ ਭੂਤ ਹੈ, ਪਤਾ ਨੀ ਕੀ ਕਰ ਦੇਵੇ ? ਉਹ ਦਰਵਾਜੇ ਦੇ ਆਸਰੇ ਨਾਲ ਲੁਕ ਗਿਆ।

ਪੀਤਮ ਸਿੰਘ ਨੇ ਬਾਹਰ ਪਈਆਂ ਜੁੱਤੀਆਂ ਚੋਂ ਇਕ ਜੁੱਤੀ ਚੁੱਕ ਲਈ। ਚਬੂਤਰੇ ਦੀ ਪੌੜੀ ਉਤਰ ਕੇ ਬਹੁਤੀ ਦੂਰ ਨਹੀਂ ਜਾ ਸਕਿਆ ਕਿ ਧਨਪਾਲ ਟਾਰਚ ਲੈ ਕੇ ਆਉਂਦਾ ਦਿਖਾਈ ਦਿੱਤਾ, ''ਪੀਤਮ ਭਾਜੀ !''

ਇਹ ਤਾਂ ਕੋਈ ਨਹੀਂ ਦੱਸ ਸਕਦਾ ਕਿ ਉਹ ਕਿਉ ਆਇਆ ਸੀ ? ਆਪਣੀ ਗੱਲ ਕਹਿਣ? ਸਮਝੌਤਾ ਕਰਨ? ਜਾਂ ਸਿਕਾਇਤ ਕਰਨ ?

''ਉਏ ਸਾਲੇ ਚਮਾਰ ਦੀ ਉਲਾਦ ! ਕੀ ਕਹਿ ਰਿਹਾ ਸੀ ਤੂੰ ? ਮੇਰੀ ਸਰਪੰਚੀ ਨੂੰ ਲਲਕਾਰਦਾ ਏਂ ! ਦਸ ਸਾਲ ਤੋਂ ਸਰਪੰਚੀ ਕੀ ਤੇਰੀ ਮਾਂ ਦਾ ਖਸਮ ਕਰ ਰਿਹਾ ਹੈ? ਹਰਾਮੀ ! ਮਾਰ ਮਾਰ ਕੇ ਮੰਜੇ ਤੇ ਪਾ ਦੂੰਗਾ। ਰੰਡੀ ਨਚਾ ਕੇ ਵੋਟਾ ਲੈ ਲਵੇਗਾ ? ਥੂਹ ! ਤੀਵੀ ਦੇ ਪੇਟੀ ਕੋਟ ਉੱਤੇ ਆਪਣਾ ਨਾ ਲਿਖਾ ਕੇ ਮੇਰੇ ਨਾਲ ਮੁਕਾਬਲਾ ਕਰਨ ਤੁਰਿਆ ਏ?''

ਧਨਪਾਲ ਘੱਟ ਉਮਰ ਦਾ ਪਤਲੇ ਸ਼ਰੀਰ ਵਾਲਾ ਲੜਕਾ ਸੀ। ਗਰਮ ਲਹੂ ਸੀ ਉਬਾਲ ਆ ਗਿਆ।

''ਕੀ ਕਿਹਾ ! ਹੋਸ਼ ਸੰਭਾਲ ਕੇ ਗੱਲ ਕਰੀ। ਇਹ ਫ਼ਰਸ ਤੇ ਜੋ ਤੇਰੇ ਹੁੱਕਾ ਪਿਆ ਹੈ ਨਾ ਪਿੰਡ ਦੇ ਲੋਕੀ ਪੀਣਗੇ। ਚਮਾਰਾਂ ਤੋਂ ਤੇਰੀ ਚਮੜੀ ਨਹੀਂ ਮੁੱਛਾ ਪਟਾਵਾਂਗਾ । ਹਾਂ।''

''ਹੈਂ ਤੇਰੀ... ਹਰਾਮੀ ਭੰਗੀ ਦੀ ਔਲਾਦ।'' ਕਹਿ ਕੇ ਪੀਤਮ ਸਿੰਘ ਨੇ ਧਨਪਾਲ ਦੀ ਗਰਦਨ ਘੁੱਟ ਲਈ।

ਧਨਪਾਲ ਉਸਦੇ ਵਾਲ਼ ਫੜ ਕੇ ਪੁੱਟਣ ਲੱਗ ਪਿਆ। ਦੋਹਾਂ 'ਚ ਖਿੱਚ-ਧੂਹ , ਘਸੁੰਨ ਮੁੱਕਾ ਹੋ ਰਿਹਾ ਸੀ। ਲੱਤਾਂ ਮੁੱਕਿਆ ਦੀ ਠਾਹ ਠਾਹ ਦੇ ਨਾਲ ਨਾਲ ਕਮੀਜਾ ਵੀ ਚਿਰਰ-ਚਿਰਰ ਕਰਕੇ ਫਟ ਰਹੀਆਂ ਸਨ। ਮੱਧਮ ਰੌਸ਼ਨੀ 'ਚ ਦੋ ਚਿਹਰੇ ਇਕ ਦੂਜੇ ਨਾਲ ਲੜਦੇ , ਕਿਤੇ ਦੀ ਕਿਤੇ ਜਾ ਰਹੇ ਸਨ।

ਕਾਮਤਾ ਦੇ ਮਨ 'ਚ ਤੁਫਾਨ ਉਠਣ ਲੱਗਾ।

ਠਾਹ ! ਨੱਕ ਤੇ ਪਿਆ ਸੀ ਮੁੱਕਾ। ਉਸ ਦੀਆਂ ਲੱਤਾਂ ਕੰਬਣ ਲੱਗ ਪਈਆ।

ਧਨਪਾਲ ਉਥੇ ਹੀ ਬੈਠ ਗਿਆ। ਉਸ ਸਮੇਂ ਪੀਤਮ ਸਿੰਘ ਨੇ ਗਲੀ 'ਚੋਂ ਇੱਟ ਚੁੱਕ ਲਈ ਅਤੇ ਠਾਹ ਕਰਕੇ ਮਾਰੀ ਉਹਦੇ ਸਿਰ ਵਿੱਚ ਤੇ ਉਹ ਚੌਫ਼ਾਲ ਡਿੱਗ ਪਿਆ।

ਧਨਪਾਲ ਦੇ ਘਰ 'ਚ ਵਾਜੇ ਤੇ ਢੋਲਕ ਦੀ ਥਾਪ ਨਾਲ ਜਨਾਨੀ ਗਾ ਰਹੀ ਸੀ-

ਦਿਲਵਰ ਦਿਲ ਮੇਂ ਵਸ ਗਿਆ।

ਦਿਲ ਦਿਲ ਪਰ ਬਲਿਹਾਰ।

ਕਦਮ ਇਸ਼ਕ 'ਚ ਫਸ ਗਿਆ, ਜੀਨਾ ਹੈ ਦੁਸਵਾਰ। ਥਈਆਂ ਥਾਹ... ਥਈਆਂ ਥਾਹ।

ਇਹ ਸ਼ੋਰ ਕਾਮਤਾ ਕਈ ਵਾਰ ਸੁਣ ਚੁੱਕਾ ਸੀ। ਪਹਿਚਾਨਣ 'ਚ ਦੇਰੀ ਨਾ ਲੱਗੀ। ਉਸ ਸਮੇਂ ਦੇਖਿਆ ਕਿ ਪੀਤਮ ਦੇ ਹੱਥ 'ਚ ਮੋਟਾ ਡੰਡਾ ਹੈ। ਠਾਹ ਠਾਹ ਧਨਪਾਲ ਨੂੰ ਜਾਨਵਰਾਂ ਵਾਂਗ ਕੁੱਟਣ ਲੱਗ ਪਿਆ। ਕਾਮਤਾ ਜਰਾ ਕੁ ਅੱਗੇ ਵਧ ਗਿਆ।



ਧਨਪਾਲ ਡਿੱਗ ਪਿਆ। ਉਸ ਦਾ ਸਿਰ ਫਟ ਗਿਆ ਸੀ। ਪਰ ਡਿੱਗਦੇ ਡਿੱਗਦੇ ਕੋਈ ਤਿੱਖੀ ਚੀਜ ਪੀਤਮ ਸਿੰਘ ਦੇ ਪੇਟ 'ਚ ਲੱਗੀ ਉਹ ਲੰਮੀ ਚੀਕ ਨਾਲ ਧਰਤੀ ਤੇ ਲਿਟਣ ਲੱਗ ਪਿਆ। ਮਾਲਕ ਦਾ ਪੇਟ ਵੱਢਿਆ ਗਿਆ ਸੀ।

ਵਾਜਾ ਲਗਾਤਾਰ ਵਜ ਰਿਹਾ ਸੀ। ਮਾਲਕ ਦੇ ਯਾਰ ਦੋਸਤ ਦਾਰੂ ਦੇ ਨਸ਼ੇ 'ਚ ਟੁੰਨ ਸੀ, ਉਨ੍ਹਾਂ ਨੂੰ ਗੱਦਾਰ ਜਾਂ ਮਕਾਰ ਕਹਿਣਾ ਠੀਕ ਨਹੀਂ ਹੋਵੇਗਾ। ਕਿਉਂਕਿ ਉਨ੍ਹਾਂ ਦੀ ਯੋਜਨਾ ਪੀਤਮ ਸਿੰਘ ਨੂੰ ਜਾਨੋ ਮਰਵਾਉਣ ਦੀ ਨਹੀਂ ਸੀ। ਬਚਾਉਣ ਦੀ ਕੋਸ਼ਿਸ਼ ਕਿਵੇਂ ਕਰਦੇ, ਦਿਮਾਗ਼ ਤੇ ਹੱਥ ਪੈਰ ਮੁਰਦੇ ਵਾਂਗ ਬੇਜਾਨ ਸੀ। ਅਜਿਹਾ ਵੀ ਨਹੀਂ ਕਿ ਉਹ ਧਨਪਾਲ ਦੀ ਜਾਨ ਦੇ ਦੁਸ਼ਮਣ ਸਨ। ਪਰ ਉੱਠਣ ਤਾਂ ਕਿਵੇਂ। ਸ਼ਰਾਬ ਨੇ ਉਨ੍ਹਾਂ ਨੂੰ ਲੁੜਕਾ ਦਿੱਤਾ ਸੀ।

ਕਾਮਤਾ ਨੇ ਪਹਿਲੀ ਵਾਰ ਨਮਕ ਹਰਾਮ ਕੀਤਾ। ਉਸ ਨੇ ਪੀਤਮ ਸਿੰਘ ਨਾਂ ਦੇ ਆਪਣੇ ਮਾਲਿਕ ਨੂੰ ਨਹੀਂ ਬਚਾਇਆ। ਜ਼ਿੰਦਗੀ 'ਚ ਪਹਿਲੀ ਵਾਰ ਦੁਰਗੀ ਦੀ ਕਹੀ ਹੋਈ ਗੱਲ ਮਨ ਤੇ ਜ਼ਹਿਰ ਵਾਂਗ ਕੰਮ ਕਰ ਰਹੀ ਸੀ। ਭੁੱਲ ਗਿਆ ਕਾਮਤਾ ਕਿ ਉਹ ਪੀਤਮ ਸਿੰਘ ਦਾ ਜੱਦੀ ਬੰਧੂਆ ਮਜਦੂਰ ਹੈ। ਉਸ ਨੂੰ ਪਹਿਲੀ ਵਾਰ ਐਨਾ ਗੁੱਸਾ ਆਇਆ ਸੀ ਕਿ...।

ਦੋਵੇਂ ਆਪਸ 'ਚ ਲੜ ਮਰ ਰਹੇ ਸਨ, ਪਰ ਜ਼ੁਬਾਨ ਦੇ ਨਾਲ ਗਾਲ਼ਾ ਛੋਟੀ ਜਾਤੀ ਦੇ ਨਾਲ-ਨਾਲ ਔਰਤਾਂ ਨੂੰ ਜੋੜ ਕੇ ਹੀ ਕੱਢ ਰਹੇ ਸਨ। ਢੇਡ, ਚਮਾਰ, ਭੰਗੀ, ਹਰਾਮਦੀ ਅਤੇ ਆਪਣੀ ਮਾਂ ਭੈਣਾ ਦੇ ਨਾ ਜੋੜ ਕੇ ਗਾਲਾ ਦੇ ਰਹੇ ਸਨ।

''ਮਾਰੋ ਸਾਲਿਓ ! ਤੁਸੀਂ ਇਸ ਤਰ੍ਹਾਂ ਹੀ ਮਰੋਗੇ, ਸਾਡਾ ਨਾਂ ਲੈ ਲੈ ਕੇ।'' ਕਾਮਤਾ ਦੰਦ ਪੀਸਦਾ ਹੋਇਆ ਬੁੜ ਬੁੜਾਇਆ ਸੀ।

ਪਤਨੀਆਂ ਦੇ ਬਿਨਾ ਦੋਹਾਂ ਦੇ ਘਰ ਸੁੰਨੇ ਸਨ। ਠੁਕਰਾਇਨ ਆਪਣੀ ਨਣਦ ਦੇ ਘਰ ਗਈ ਹੋਈ ਸੀ ਤਾਂ ਧਨਪਾਲ ਦੀ ਪਤਨੀ ਆਪਣੇ ਪੇਕੇ, ਭੈਣ ਦੇ ਵਿਆਹ ਤੇ ਚਲੇ ਗਈ ਸੀ। ਦੋ ਦਿਨ ਪਹਿਲਾ ਹੀ।

ਸਵੇਰਾ ਹੁੰਦੇ ਹੀ ਪਿੰਡ 'ਚ ਹੱਲਾ ਹੋ ਗਿਆ। ਜਿਹੜਾ ਵੀ ਸੁਣਦਾ ਉਹ ਹੀ ਦੌੜਨ ਲੱਗਦਾ ਵਾਰਦਾਤ ਦੀ ਥਾਂ। ਹਾਹਾ ਕਾਰ ਮਚੀ ਹੋਈ ਸੀ।

ਪੀਤਮ ਸਿੰਘ ਦੇ ਦਰਵਾਜੇ ਦੇ ਅੱਗੇ ਚੌਂਕ 'ਚ ਦੋਵੇਂ ਲਾਸ਼ਾਂ ਇਕ ਦੂਜੇ ਦੇ ਉਪਰ ਡਿੱਗੀਆਂ ਹੋਈਆਂ ਸਨ, ਧਰਤੀ ਉਪਰ ਡੁੱਲੇ ਲਹੂ 'ਚ ਲੱਥਪਥ ਸੀ।

ਸਾਹਮਣੇ ਮਕਾਨ ਦੀ ਦੀਵਾਰ ਉੱਤੇ ਲਿਖੇ ਦੋ ਇਸ਼ਤਿਹਾਰ ਬਰਾਬਰ ਚਮਕ ਰਹੇ ਸਨ।

ਸੁਸ਼ੀਲਾ ਦੇਵੀ ਪਤਨੀ ਪੀਤਮ ਸਿੰਘ ਨੂੰ ਆਪਣਾ ਕੀਮਤੀ ਵੋਟ ਦਿਓ।

ਕੋਮਿਲਾ ਦੇਵੀ ਪਤਨੀ ਧਨਪਾਲ ਨੂੰ ਆਪਣਾ ਵੋਟ ਦੇ ਕੇ ਜੇਤੂ ਬਣਾਓ।

## ਕਹਾਣੀ

# ਫ਼ਾਰਮੂਲਾ

ਨੀਲਾਕਸ਼ੀ ਸਿੰਘ

"ਭਾਈ ਸਾਹਿਬ ਤੁਹਾਡੀ ਨੱਕ ਬਾਹਰ ਨੂੰ ਨਿਕਲੀ ਹੋਈ ਲੱਗਦੀ ਹੈ। ਤਾਂ ਹੀ ਤੁਹਾਡੇ ਕੋਲ ਯੋਜਨਾਵਾਂ



ਵੱਡੀਆਂ ਵੱਡੀਆਂ ਹਨ।"... ਉਸਨੇ ਮੇਰੇ ਚਿਹਰੇ ਨੂੰ ਪਰਖਦੇ ਹੋਇਆ ਕਿਹਾ। "ਤੇ ਤੁਹਾਡੀਆਂ ਅੱਖਾਂ ਪਿਚਕੀਆਂ ਜਿਹੀਆਂ ਹਨ... ਭਾਵ ਕਿ ਕੋਈ ਚੀਜ ਹੈ ਜਿਹੜੀ ਤੁਹਾਨੂੰ ਪਿੱਛੇ ਨੂੰ ਖਿਚਦੀ ਹੈ...।" ਉਸ ਦੇ ਮੱਥੇ ਤੇ ਤਿਊੜੀਆਂ ਪੈ ਗਈਆਂ ਤੇ ਮੈਂ ਠਹਾਕਾ ਮਾਰਕੇ ਹੱਸ ਪਿਆ। ਹਿੰਮਾਯੂ ਦਾ ਬਣਾਇਆ ਇਕ ਦਿਨ ਦਾ ਬਾਦਸ਼ਾਹ ਤੁਸੀਂ ਮੈਨੂੰ ਹੀ ਸਮਝੋ। ਕਿਉਂਕਿ ਉਸ ਤਰ੍ਹਾਂ ਦੀ ਆਕੜ ਨਾਲ ਮੇਰੀਆਂ ਉਂਗਲੀਆਂ ਨੇ ਜੇਬ 'ਚ ਇਕ ਵੱਡਾ ਗੋਲ ਸਿੱਕਾ ਲੱਭਿਆ ਅਤੇ ਉਂਗਲਾ ਨਾਲ ਮਹਿਸੂਸ ਕੀਤਾ ਕਿ ਉਹ ਇਕ ਰੁਪਏ ਦਾ ਹੈ।

"ਇਹ ਰੱਖੋ ਭਾਈ... ਐਸ਼ ਕਰੋ।"

ਮੈਂ ਅੱਗੇ ਵੱਧ ਗਿਆ। ਮੇਰੇ ਕੋਲ ਹੁਣ ਖਰਚਣ ਲਈ ਤਿੰਨ ਤਰ੍ਹਾਂ ਦੇ ਸਿੱਕੇ ਹੋਰ ਸਨ। ਫਿਰ ਉਸੇ ਤਰ੍ਹਾਂ ਲੱਭ ਕੇ ਮੈਂ ਇਕ ਰੁਪਏ ਦਾ ਇਕ ਸਿੱਕਾ ਹੋਰ ਲੱਭਿਆ। ਉਸ ਨਾਲ ਆਪਣੇ ਬਚਪਨ ਦਾ ਇਕ ਸਵਾਦ ਖਰੀਦਣ ਦੀ ਇੱਛਾ ਉਜਾਗਰ ਹੋਈ। ਕਾਲਾ, ਖੱਟਾ... ਚੂਰਮੇ ਦੀ ਸ਼ਕਲ ਵਾਲਾ ਚੂਰਨ। ਮੈਂ ਇਧਰ ਉਧਰ ਭਟਕਦਾ ਰਿਹਾ। ਫਜ਼ੂਲ। ਮੈਂ ਸਹਿਜ ਹੋ ਕੇ ਆਪਣੀ ਜੇਬੀ 'ਚੋਂ ਹੱਥ ਕੱਢਿਆ। ਨਾਲ ਹੀ ਪੰਜ ਰੁਪਏ ਦਾ ਇਕ ਗੋਲ ਸਿੱਕਾ ਵੀ ਨਿਕਲ ਆਇਆ। ਮੈਂ ਉਸ ਨੂੰ ਉਪਰ ਵੱਲ ਸੁੱਟ ਦਿੱਤਾ। ਉਹ ਦੂਰ ਉਪਰ ਨੂੰ ਚਲਾ ਗਿਆ। ਉਦੋਂ ਤੱਕ ਉਸ ਉਪਰ ਨੂੰ ਗਏ ਸਿੱਕੇ ਨੂੰ ਕਾਲੇ ਰੰਗ ਦੀਆਂ ਸੁੱਕੀਆਂ ਹੋਈਆਂ ਉਂਗਲੀਆਂ ਵਾਲੇ ਇਕ ਫੀਲਡਰ ਨੇ ਮੁੱਠੀ 'ਚ ਦਬੋਚ ਲਿਆ। ਉਹ ਅੱਠ-ਨੌਂ ਸਾਲਾ ਦਾ ਹੋਵੇਗਾ। ਪਤਲਾ, ਮਾੜਕੂ, ਗੰਦਾ ਜਿਹਾ। ਸਿੱਕਾ ਝੱਟ ਦੇਣੀ ਉਸ ਦੀ ਹਥੇਲੀ ਉੱਤੇ ਚੁੰਬੜ ਗਿਆ। ਅਸੀਂ ਦੋਹਾਂ ਨੇ ਪਹਿਲਾ ਉਸ ਸਿੱਕੇ ਨੂੰ ਦੇਖਿਆ ਫਿਰ ਇਕ ਦੂਜੇ ਨੂੰ। ਮੈਂ ਉਸ ਵੱਲ ਇਕ ਪੈਰ ਵਧਾਇਆ ਹੀ ਸੀ ਕਿ ਉਸਦੇ ਚਿਹਰੇ ਉੱਤੇ ਪਲ ਭਰ ਪਹਿਲਾ ਵਾਲਾ ਕਰਤੱਵੀ ਦੀ ਥਾਂ ਸ਼ੰਕਾ ਵਰਗੀ ਪਰਤ ਚਿਹਰੇ ਤੇ ਪਸਰ ਗਈ ਸੀ ਅਤੇ ਉਹਨੇ ਸਿੱਕਾ ਮੂੰਹ 'ਚ ਰੱਖ ਕੇ ਅੰਦਰ ਲੰਘਾ ਲਿਆ। ਇਸ ਡਰ ਨਾਲ ਕਿ ਮੈਂ ਉਹ ਸਿੱਕਾ ਖੋਹ ਨਾ ਲਵਾ। ਉਹ ਉਸ ਨੂੰ ਸੁਰੱਖਿਅਤ ਥਾਂ ਪਹੁੰਚਾ ਦੇਣਾ ਚਾਹੁੰਦਾ ਸੀ। ਆਪਣੀਆਂ ਅੰਤੜੀਆਂ ਵਿਚ ਹੀ ਸਹੀ। ਮੈਂ ਹੈਰਾਨ ਰਹਿ ਗਿਆ। ਉਹ ਵੀ। ਫਿਰ ਮੈਂ ਝੱਟ ਦੇਣੀ ਉਹਦੇ ਵੱਲ ਵਧਿਆ ਤੇ ਇਕ ਹੱਥ ਨਾਲ ਉਹਦੀ ਧੌਣ ਫੜ ਲਈ ਅਤੇ ਦੂਜੇ ਹੱਥ ਨਾਲ ਉਹਦੀ ਪਿੱਠ ਫੜ ਕੇ



ਉਸ ਨੂੰ ਮੂਧਾ ਕਰ ਦਿੱਤਾ। ਤੇ ਸਿਰ ਨੂੰ ਠੋਕਿਆ। ਉਹ ਮੂੰਹ ਖੋਲ ਕੇ ਖੰਘਣ ਲੱਗਾ। ਸਿੱਕਾ ਵੀ ਅੰਦਰ ਜਾਣ ਲੱਗਾ ਹੈਰਾਨ ਹੋਇਆ ਹੋਵੇਗਾ। ਜਦੋਂ ਉਹ ਠੰਨ ਦੀ ਆਵਾਜ਼ ਨਾਲ ਧਰਤੀ ਤੇ ਡਿੱਗਿਆ ਸੀ ਤਾਂ ਉਸ ਦੇ ਚਿਹਰੇ ਤੇ ਵੀ ਉਹੀ ਹਾਵ ਭਾਵ ਸੀ। ਮੈਂ ਬੱਚੇ ਨੂੰ ਸਿੱਧਾ ਕੀਤਾ। ਪਰ ਉਸ ਮੁੰਡੇ ਨੇ ਲਗਾਤਾਰ ਦੀ ਖੰਘ ਅਤੇ ਲਾਲ ਅੱਖ -ਮੂੰਹ 'ਚ ਘੁੰਮਾ ਕੇ ਧਰਤੀ 'ਤੇ ਖੜੇ ਹੁੰਦਿਆ ਹੀ ਪਹਿਲਾ ਕੰਮ ਜਿਹੜਾ ਕੀਤਾ, ਉਹ ਸੀ ਡਿੱਗੇ ਹੋਏ ਸਿੱਕੇ ਨੂੰ ਜਲਦੀ ਨਾਲ ਚੁੱਕ ਕੇ ਮੁੱਠੀ 'ਚ ਬੰਦ ਕਰ ਲੈਂਣਾ। ਮੈਂ ਸਿਰ ਫੜ ਕੇ ਉਥੇ ਹੀ ਬੈਠ ਗਿਆ। ਦੁੱਖੀ ! ਮਜੇ ਦੀ ਗੱਲ ਹੈ ਕਿ ਉਹ ਵੀ ਉਥੇ ਹੀ ਬੈਠ ਗਿਆ, ਮੇਰੀ ਬਗਲ 'ਚ ਮੈਂ ਜਰਾ ਸਹਿਜ ਹੋ ਕੇ ਉਸ ਨੂੰ ਦੇਖਿਆ। ਉਹ ਸਾਹਮਣੇ ਵਾਲੇ ਮੈਦਾਨ ਦੀਆਂ ਸਰਗਰਮੀਆਂ ਵੱਲ ਦੇਖ ਰਿਹਾ ਸੀ। ਇਨ੍ਹਾਂ ਪਲਾ ਦੌਰਾਨ ਹੋਏ ਹਾਦਸੇ ਤੋਂ ਆਪਣੇ ਆਪ ਨੂੰ ਇਕ ਦਮ ਨਿਰਲੇਪ ਰੱਖਦੇ ਹੋਏ। ਜਿਵੇਂ ਕੁਝ ਹੋਇਆ ਹੀ ਨਾ ਹੋਵੇ ? ਨਹੀਂ ਤਾਂ ਧਨਦੇਵ ! ਮੈਂ ਜੇਬ 'ਚੋਂ ਬਚੇ ਖੁਚੇ ਦੋਵੇਂ ਸਿੱਕੇ ਕੱਢੇ। ਉਸ ਦਾ ਹੱਥ ਫੜਿਆ। ਸਿੱਕੇ ਉਸ ਉਪਰ ਰੱਖੇ ਅਤੇ ਉਸ ਦੇ ਸਿਰ ਤੇ ਪੋਲਾ ਜਿਹਾ ਪਿਆਰ ਨਾਲ ਮਾਰ ਕੇ ਤੁਰ ਪਿਆ। ਜਿਵੇਂ ਕੋਈ ਬਾਦਸਾਹੀ ਲੁਟਾ ਕੇ ਇਕ ਕੰਗਾਲ ਪਰਤਿਆ ਹੋਵੇ।

ਇਸ ਦਾ ਇਹ ਅਰਥ ਨਾ ਕੱਢਿਓ ਕਿ ਮੈਂ ਇਕ ਜਿੰਦਾ ਦਿਲ, ਸੰਤੁਲਿਤ ਅਤੇ ਮਸਤ ਕਿਸਮ ਦਾ ਇਨਸਾਨ ਹਾਂ। ਇਹ ਪਲ ਭਰ ਦੀ ਖੁੱਲਦਿਲੀ ਅਤੇ ਫ਼ਕੀਰੀ ਦਾ ਆਲਮ ਨੌਂ ਸਾਲ ਬਾਅਦ ਆਪਣੇ ਸ਼ਹਿਰ ਪਰਤ ਕੇ ਤੇ ਇਥੋਂ ਦੀਆਂ ਸਥਿਤੀਆਂ ਦੇਖ ਕੇ ਆ ਗਈ ਹੈ। ਇਹ ਵੀ ਸਾਫ ਤੇ ਸਪਸ਼ਟ ਕਰ ਦੇਵਾ ਕਿ ਮੈਨੂੰ ਆਪਣੇ ਸ਼ਹਿਰ ਨਾਲ ਪਿਆਰ ਸੀ। ਅਜਿਹਾ ਕੁਝ ਵੀ ਨਹੀਂ ਸੀ। ਜ਼ਿੰਦਗੀ ਲੰਘਾਉਣ ਲਈ ਮਹਿਜ ਕੰਮ ਚਲਾਊ ਥਾਂ ਸੀ ਇਹ। ਕਹਾਣੀ ਇਥੇ ਇਹ ਸੀ ਕਿ ਮੈਂ ਦਾਅ ਤੇ ਨੌਂ ਸਾਲ ਲਾ ਕੇ ਹਾਰ ਕੇ ਪਰਤਿਆ ਸੀ। ਫਿਰ ਵੀ ਖੁਲਦਿਲੀ ਦੇ ਚੱਕਰ 'ਚ ਲੋਕਾਂ ਨੇ ਮੈਨੂੰ ਮਾਫ ਕਰ ਦਿੱਤਾ ਸੀ। ਕਿਸੇ ਨੇ ਦੁਰਕਾਰਿਆ ਨਹੀਂ, ਬਲਕਿ ਚੋਰੀ ਛਿਪੇ ਪਿੱਠ ਹੀ ਥਾਪੜੀ ਸੀ ਮੇਰੀ।

ਨੌਂ ਸਾਲ ਪਹਿਲਾ ਮੈਂ ਇਸ ਸ਼ਹਿਰ ਨੂੰ ਛੱਡਿਆ ਸੀ। ਬਹੁਤ ਸਾਰੀਆਂ ਵੱਡੀਆਂ ਆਸ਼ਾ-ਉਮੀਦਾ ਨੂੰ ਮਨ 'ਚ ਰੱਖ ਕੇ। ਮੈਂ ਹਿਸਾਬ 'ਚ ਕਮਜੋਰ ਸੀ, ਅੰਗਰੇਜੀ 'ਚ ਭੁਲੱਕੜ ਸੀ, ਦੇਸ਼-ਵਿਦੇਸ਼ ਦੀਆਂ ਤਾਜਾ ਖਬਰਾਂ 'ਚ ਮੇਰੀ ਰੁਚੀ ਨਹੀਂ ਸੀ ਫਿਰ ਵੀ ਮੇਰੇ ਪਿਤਾ ਮੈਨੂੰ ਸਫਲ ਇਨਸਾਨ ਬਣਾਉਣਾ ਚਾਹੁੰਦੇ ਸਨ। ਹੋਰ ਤਾਂ ਹੋਰ ਮੇਰੇ ਤੇ ਤਰਸ ਕਰਨ ਵਾਲੀ ਘੱਟ ਦਿਮਾ.ਗ ਵਾਲੀ ਅਤੇ ਆਸਾਨੀ ਨਾਲ ਮੇਰੀਆਂ ਗੱਲਾਂ 'ਚ ਆਉਣ ਵਾਲੀ ਮੇਰੀ ਮਾਂ ਦੀ ਹਥੇਲੀ 'ਤੇ ਵੀ ਇਕ ਲਕੀਰ ਸੀ, ਜਿਹੜੀ ਉਸਦੇ ਇਕੱਲੇ ਪੁੱਤਰ ਦੇ ਵੱਡਾ ਆਦਮੀ ਬਣਨ ਦੀ ਗੱਲ ਬੜੇ ਦਾਅਵੇ ਨਾਲ ਕਹਿੰਦੀ ਸੀ। ਨਹਿਲੇ ਦਹਿਲੇ ਤੇ ਇਕੱਠ ਇਹ ਕਿ ਖੁਦ ਮੈਂ ਵੀ ਬਚਪਨ 'ਚ ਕੁਝ ਕਰ ਕੇ ਦਿਖਾਉਣਾ ਹੈ। ਵਾਲੇ ਭਰਮ ਜਾਲ 'ਚ ਪਲਦਾ ਵੱਡਾ ਹੋਇਆ ਸੀ।

ਨਤੀਜਾ ਇਹ ਹੋਇਆ ਕਿ ਪਿਤਾ ਜੀ ਦੀ ਸਰਕਾਰੀ ਬੈਂਕ ਵਾਲੀ ਐਫ. ਡੀ. ਜਮਾ ਰੁਪਏ ਸਮੇਂ ਤੋਂ ਪਹਿਲਾਂ ਹੀ ਲੈ ਕੇ ਉਸ ਨਾਲ ਦਿੱਲ ਦੇ ਇਕ ਸਧਾਰਨ ਕਾਲਜ 'ਚ ਮੇਰਾ ਦਾਖਲਾ ਅਤੇ ਉਥੇ ਰਹਿਣਾ, ਖਾਣਾ ਸਾਉਣ ਦਾ ਤਰੁੰਤ ਜੁਗਾੜ ਸੰਭਵ ਹੋਇਆ। ਤਾਂ ਮੈਂ ਸਮਾਨ ਅਤੇ ਨਸੀਹਤਾ ਦੇ ਕ੍ਰਮਵਾਰ ਇਕ ਤੇ ਦੋ ਦੇ ਅਨੁਪਾਤ 'ਚ ਲੈ ਕੇ ਪਰਦੇਸ ਚਲੇ ਗਿਆ। ਮਹੀਨੇ ਦੋ ਮਹੀਨੇ 'ਚ ਹੀ ਕਸਬੇ ਦੇ ਖਾਧੇ ਪੀਤੇ ਆਟੇ-ਦਾਲ ਦਾ ਭਾਅ ਮੇਰੇ ਸ਼ਹਿਰ ਦੇ ਸਨਮੁੱਖ ਹੋ ਗਏ। ਮੇਰੇ ਭਾਅ ਦੀ ਬਣ ਗਈ। ਮੇਰੀ ਸਮਾਂ ਕੱਢ ਕੇ ਟਿਊਸ਼ਨਾ ਛੋਟੇ ਮੋਟੇ ਅਨੁਵਾਦ ਦੀ ਲੜੀ ਸ਼ੁਰੂ ਹੋ ਗਈ। ਤੇ ਇਹ ਸਾਰਾ ਕੁਝ ਤਿੰਨ ਸਾਲਾ ਬਾਅਦ ਜਾ ਕੇ ਰੁਕਿਆ । ਬੀ. ਏ. ਫਾਈਨਲ ਸਾਲ ਦੇ ਨਤੀਜੇ ਉਪਰੰਤ ਮਸਾ ਮਰ ਟੁੱਟ ਕੇ ਪੰਜਾਹ ਪ੍ਰਤੀਸਤ ਤੋਂ ਜਰਾ ਵੱਧ ਨੰਬਰ ! ਨਾ ਅੱਗੇ ਦਾਖਲੇ ਦੇ ਯੋਗ ਅਤੇ ਨਾ ਕਿਸੇ ਪ੍ਰੀਖਿਆ 'ਚ ਤਤਕਾਲ ਮੋਰਚਾ ਜਿੱਤਣ ਦਾ ਉਤਸਾਹ। ਮਣਿਆਦੀ ਜ਼ਮਾ ਯੋਜਨਾ ਦੇ ਪੈਸੇ ਮੇਰੇ ਸੁਪਨੇ 'ਚ ਆ ਆ ਕੇ ਮੇਰੀ ਨੀਂਦ ਉਡਾਉਣ ਲੱਗ ਪਏ। ਅਤੇ ਬਹੁਤ ਸਾਰੀਆਂ ਆਸਾਂ ਦੀ ਪੰਡ ਮੈਨੂੰ ਅੱਖਾਂ ਬੰਦ ਕਰ ਲੈਣ ਉੱਤੇ ਮਜਬੂਰ ਕਰ ਦਿੰਦਾ। ਉਦੋਂ ਠੀਕ ਮੈਂ ਉਨ੍ਹਾਂ ਹਾਲਾਤਾਂ ਚੋਂ ਲੰਘ ਚੁੱਕੇ ਆਪਣੇ ਆਲੇ ਦੁਆਲੇ ਫਿਰਦੇ ਮੁੰਡਿਆ ਦੇ ਕੰਮ ਕਾਰ ਕਰਨ ਦੀ ਨਕਲ ਕੀਤੀ । ਇਸ ਦੀ ਪਹਿਲੀ ਪੌੜੀ ਸੀ ਆਪਣੇ ਲਈ ਇਕ, ਪਰ ਕਾਫੀ ਦੂਰ ਪ੍ਰਤੀਤ ਹੋਣ ਵਾਲਾ ਸਦੀਵੀਂ ਟੀਚਾ ਨਿਸਚਿਤ ਕਰਨਾ। ਇਹ ਪੱਕੀ ਗੱਲ ਹੈ ਕਿ ਉਹ ਮਹਾਨ ਟੀਚੇ ਦੀ ਉਮੀਦ ਕੇਵਲ ਲੋਕ ਸੰਘ ਆਯੋਗ ਦੀ ਪ੍ਰੀਖਿਆ ਦੀ ਹੀ ਸੀ। ਕਿਉਕਿ ਮੇਰੀਆਂ ਨਾੜਾ 'ਚ ਮੇਰੇ ਹੀ ਪਿਤਾ ਦਾ ਲਹੂ ਦੌੜਦਾ ਸੀ, ਜਿਹੜੇ ਸੇਅਰ ਮਾਰਕੀਟ 'ਚ ਡਿੱਗਦੀਆਂ-ਲੱਥਦੀਆਂ ਕੀਮਤਾਂ ਦਾ ਗੰਭੀਰ ਤੁਲਨਾਤਮਕ ਅਧਿਐਨ ਕਰ ਚੁੱਕਣ ਦੇ ਬਾਵਜੂਦ ਉਥੇ ਪੈਸੇ ਲਗਾਉਣ ਦਾ ਰਿਸਕ ਨਹੀਂ ਉਠਾ

*ਨੀਲਾਕਸ਼ੀ ਸਿੰਘ-ਜਨਮ 17 ਮਾਰਚ, 1978, ਬੀ. ਏ. ਅਰਥ ਸਾਸਤਰ 'ਚ। ਹਿੰਦੀ ਮੈਗਜ਼ੀਨ ਹੰਸ, ਇੰਡੀਆ ਟੁਡੇ , ਵਾਗਾਰਥ ਵਰਗਿਆ 'ਚ ਕਹਾਣੀਆਂ ਪ੍ਰਕਾਸ਼ਤ। ਕਹਾਣੀਆਂ ਦੀ ਇਕ ਕਿਤਾਬ 'ਪਰਿੰਦੇ ਕਾ ਇੰਤਜ਼ਾਰ ਸਾ ਕੁਛ...।'' ਜਲਦੀ ਪ੍ਰਕਾਸ਼ਤ। ਸਾਹਿਤ ਅਕਾਦਮੀ ਦਾ ਯੁਵਾ ਪੁਰਸਕਾਰ, ਕਥਾ ਸਨਮਾਨ, ਰਮਾਕਾਂਤ ਸਮਰਿਤੀ ਕਹਾਣੀ ਪੁਰਸਕਾਰ, ਬਿਹਾਰ ਸਰਕਾਰ ਦਾ ਪੁਰਸਕਾਰ। ਕਿੱਤਾ-ਬੈਂਕ ਆਫ ਇੰਡੀਆ 'ਚ ਅਧਿਕਾਰੀ।*

*ਸੰਪਰਕ*

*नीलाक्षी सिंह, 82, ऊपरी मंजिल, बी-ब्लॉक अपर सोनारी, ज्मशेदपुर,*

ਸਕਣ ਦੇ ਕਾਰਨ , ਇਹ ਜਾਨਣ ਦੇ ਬਾਵਜੂਦ ਵੀ ਕਿ ਸੌਦਾ ਕੁਲ ਮਿਲਾ ਕੇ ਘਾਟੇ ਦਾ ਹੈ, ਪੈਸੇਆ ਨੂੰ ਫਿਕਸਡ ਡਿਪੋਜਿਟ 'ਚ ਹੀ ਪਾ ਦਿੰਦੇ ਸਨ। ਇਸ ਕਰਕੇ ਮੈਂ ਵੀ ਪ੍ਰਾਈਵੇਟ ਕੰਪਨੀ ਜਾਂ ਅਜਿਹੇ ਕਿਸੇ ਬਦਲ ਦੇ ਲਈ ਦਰਵਾਜਾ ਬੰਦ ਕਰ ਰੱਖਿਆ ਸੀ। ਦੂਜੇ ਪਾਸੇ ਇਹ ਆਉਂਦਾ ਸੀ ਇਸ ਕਿਸਮ ਦੀਆਂ ਅਖ਼ਬਾਰਾਂ ਚੋਂ ਚੁਣ ਚੁਣ ਕੇ ਉਨ੍ਹਾਂ ਸਫਲ ਵਿਦਿਆਰਥੀਆਂ ਦੇ ਸਫਰ ਨੂੰ ਪੇਸ਼ ਕਰਦੀਆਂ ਮੁਲਾਕਾਤਾਂ ਨੂੰ ਇਕੱਠੀਆਂ ਕਰਨ, ਜਿਨ੍ਹਾਂ ਨੇ ਕਾਲਜ ਪੱਧਰ ਤੇ ਘੱਟ ਨੰਬਰ ਪ੍ਰਾਪਤ ਕਰਨ ਦੇ ਬਾਵਜੂਦ ਇਸ ਮੋਰਚੇ 'ਤੇ ਸਫਲਤਾ ਦੇ ਝੰਡੇ ਗੱਡ ਦਿੱਤੇ ਸੀ। ਉਨ੍ਹਾਂ ਦੀਆਂ ਮੁਲਾਕਾਤਾਂ ਨੂੰ ਅੰਦਰ ਜਜਬ ਕਰ ਲੈਣਾ ਸੀ ਅਤੇ ਆਖਰੀ ਟੀਚੇ ਵੱਲ ਨੱਕ ਦੀ ਸੇਧ ਤੁਰੇ ਜਾਣਾ ਸੀ।

ਕਿਤਾਬਾਂ ਕਿਤਾਬਾਂ ਕਿਤਾਬਾਂ ਅਤੇ ਮੈਂ ! ਇਹ ਦ੍ਰਿਸ਼ ਸੀ। ਪੜ੍ਹਾਈ ਦੇ ਪਿਛਲੇ ਤਿੰਨ ਸਾਲਾਂ 'ਚ ਮੈਂ ਇਕ ਵਾਰੀ ਵੀ ਪਿੰਡ ਨਹੀਂ ਪਰਤਿਆ ਸੀ। ਤਾਂ ਹੁਣ ਭਲਾ ਕਿਵੇਂ ਜਾਂਦਾ। ਮੈਂ ਆਪਣੇ ਇਰਦ ਗਿਰਦ ਇਕ ਦੀਵਾਰ ਬਣਾ ਲਈ ਸੀ ਅਤੇ ਮਸਤੀ ਨਾਲ ਉਥੇ ਹੀ ਸਹਿਮ ਕੇ ਬੈਠ ਗਿਆ ਸੀ। ਉਪਰ ਵਿਛੋੜੇ ਦੀ ਮਾਰੀ ਮੇਰੀ ਮਾਤ ਭੂਮੀ 'ਚ ਫੁੱਟਦੇ ਲਾਵੇ ਦੇ ਵਾਂਗ ਇਹ ਖਬਰ ਫੈਲ ਗਈ ਕਿ ਪ੍ਰਕਾਸ਼ ਬਾਬੂ (ਮੇਰੇ ਪਿਤਾ ਜੀ !) ਦਾ ਮੁੰਡਾ ਕਿਤਾਬੀ ਕੀੜਾ ਬਣ ਗਿਆ ਹੈ ਤੇ ਬਲਦ ਵਾਂਗ ਕਿਤਾਬਾਂ ਦੀ ਪ੍ਰਕਰਮਾ ਕਰ ਰਿਹਾ ਹੈ। ਹਲਾ ਕਿ ਅੰਦਰਲੀ ਗੱਲ ਇਹ ਸੀ ਕਿ ਇਸ ਅਫਵਾਹ ਕਿਸਮ ਦੀ ਚੀਜ ਫੈਲਾਉਣ 'ਚ ਸਭ ਤੋਂ ਵੱਡਾ ਹੱਥ ਖੁਦ ਪ੍ਰਕਾਸ਼ ਬਾਬੂ ਦਾ ਹੀ ਸੀ।

'ਪੁੱਤਰ ਹੱਥੋਂ ਨਿਕਲ ਗਿਆ, ਪਰਤ ਕੇ ਇਕ ਵਾਰ ਵੀ ਘਰ ਨੂੰ ਨਹੀਂ ਪਰਤਿਆ, ਹੁਣ ਉਥੇ ਕੀ ਕਰਦਾ ਹੈ ਕੌਣ ਜਾਣ ਸਕਦਾ ਹੈ। ਤੇ ਦੇਖੋ ਵੱਡੇ ਸੁਪਨੇ ਭੇਜੋ ਵਿਲਾਇਤ ! ' ਬਿਨ੍ਹਾਂ ਇਕ ਦੂਜੇ ਤੋਂ ਪ੍ਰਾਪਤ ਹੋਏ ਵਾਕਾਂ ਤੋਂ ਬਚਣ ਲਈ ਉਨ੍ਹਾਂ ਨੇ ਆਪਣੇ ਵੱਲੋਂ ਇਸ ਤਰ੍ਹਾਂ ਦਾ ਹਮਲਾ ਕਰ ਦੇਣ ਦਾ ਰਸਤਾ ਖੋਹ ਲਿਆ ਸੀ। ਪ੍ਰਕਾਸ਼ ਬਾਬੂ ਤੋਂ ਇਲਾਵਾ ਉਨ੍ਹਾਂ ਸਾਰੇ ਭਰਾਵਾਂ, ਵੱਡੇ ਲੋਕਾਂ ਦਾ ਵੀ ਵਿਸ਼ੇਸ਼ ਧੰਨਵਾਦ ਮੰਨਣਾ ਚਾਹੀਦਾ ਹੈ ਜਿਹੜੇ ਕਦੇ ਇਲਾਜ਼ , ਕਦੀ ਰੋਜਗਾਰ ਕਦੇ ਕੇਸ ਦੀ ਪੈਰਵੀ , ਤੇ ਕਦੇ ਸੈਰ ਦੇ ਲਈ ਦੇਸ਼ ਦੀ ਰਾਜਧਾਨੀ ਜਾਂਦੇ ਸਨ। ਮੇਰੀ ਮਾੜੀ ਕਿਸਮਤ ਇਹ ਕਿ ਮੇਰੇ ਸ਼ਹਿਰ ਤੋਂ ਜਿਹੜਾ ਵੀ ਆਇਆ ਉਸਨੇ ਮੈਨੂੰ ਕਿਤਾਬਾਂ 'ਚ ਘਿਰਿਆ ਹੀ ਦੇਖਿਆ। ਭਾਵ ਕਿ ਮੇਰੇ ਚਾਰੇ ਪਾਸੇ ਇਹ ਮਿੱਥ ਬਣਨ ਲੱਗ ਪਈ। ਪ੍ਰਕਾਸ਼ ਬਾਬੂ ਨੇ ਲੋਕਾਂ ਦਾ ਆਦਰਸ਼ ਮਨ ਲਿਆ ਅਤੇ ਲੋਕਾਂ ਨੇ ਉਸਦੇ ਚਿਹਰੇ ਉੱਤੇ ਇਹ ਗੱਲ ਲਗਾ ਦਿੱਤੀ...। ਇਕ ਅਜਿਹਾ ਵਿਅਕਤੀ ਜਿਸ ਨੇ ਆਪਣੇ ਜੀਵਨ ਦੀ ਮੋਟੀ ਕਮਾਈ ਖਰਚ ਕਰ ਦਿੱਤੀ ਪਰ ਬੇਟੇ ਦਾ ਭਵਿੱਖ ਬਚਾ ਲਿਆ... ਆਹ !

ਇਧਰ ਮੈਂ ਮਸਤੀ 'ਚ ਘੋਟਾ ਲਾਉਂਦੇ ਹੋਏ ਇਕ ਬੈਠਕ 'ਚ ਘੰਟੇ ਬਤੀਤ ਕਰ ਦਿੰਦਾ। ਪਰ ਮੇਰੇ ਮਨ ਦੇ ਅੰਦਰ ਵਾਲੀ ਸਟੇਜ ਤੇ ਕੋਈ ਹੋਰ ਦ੍ਰਿਸ਼ ਚਲ ਰਿਹਾ ਹੁੰਦਾ ਜਿਸਦਾ ਘੋਟੇ ਨਾਲ ਚੇਤੇ ਕੀਤੀ ਜਾਂਦੀ ਚੀਜ ਨਾਲ ਕੋਈ ਵਾਹ-ਵਾਸਤਾ ਨਾ ਹੁੰਦਾ। ਅਤੀਤ ਦੀ ਕੋਈ ਘਟਨਾ , ਕਿਤਾਬਾਂ ਚੋਂ ਪੜ੍ਹਿਆ ਕੋਈ ਨਾਟਕੀ ਸੰਵਾਦ ਨਾ ਹੁੰਦਾ। ... ਪਤਾ ਨੀ ਕੀ ਕੀ ਰੂਪ ਸਨ ਗੱਲਾਂ ਦੇ। ਕਦੇ ਮੇਰੇ ਵਿਚਾਰ ਹੀ ਦਿਮਾਗ਼ 'ਚ ਆਉਣ ਲੱਗ ਜਾਂਦੇ। ਇਨਸਾਨ, ਉਸਦਾ ਮਨ ਲਿਖਣਾ ਚਾਹੁੰਦਾ। ਇਕ ਮੂਰਤੀ ਦੀ ਸ਼ਕਲ ਦੇਣੀ ਚਾਹੁੰਦਾ। ਜਿਹੜਾ ਕੁਝ ਮੇਰੇ ਅੰਦਰ



ਹੈ ਉਸ ਨੂੰ। ਪਰ ਇਹ ਸੋਚ ਰਸਤਾ ਕਟ ਦਿੰਦੀ ਕਿ ਜਦ ਕੁਝ ਬਣ ਜਾਵਾਗਾ। ਤਾਂ ਉਦੋਂ ਖੁੱਲ੍ਹਾ ਸਮਾਂ ਹੀ ਸਮਾਂ ਹੋਵੇਗਾ ਮੇਰੇ ਕੋਲ। ਉਦੋਂ ਅਰਾਮ ਨਾਲ ਲਿਖਾਗਾ। ਬਸ ਜੋ ਬਾਹਰ ਨਿਕਲਣ ਲਈ ਵਿਆਕੁਲ ਹੁੰਦਾ ਉਸ ਨੂੰ ਮੈਂ ਅੰਦਰ ਹੀ ਅੰਦਰ ਰੋਕ ਲੈਂਦਾ। ਕਦੇ ਪੜ੍ਹਦੇ ਪੜ੍ਹਦੇ ਲੱਗਦਾ ਕਿ ਮੈਂ ਇਨ੍ਹਾਂ ਸਾਰੀਆਂ ਕਿਤਾਬਾਂ ਨੂੰ ਸੁੱਟ ਕੇ ਇਤਿਹਾਸ ਰਾਜਨੀਤੀ ਸਾਹਿਤ ਦੀ ਸਾਰੀਆਂ ਪ੍ਰਸਿੱਧ ਪੁਸਤਕਾਂ ਪੜ੍ਹ ਲਵਾਂ ਅਤੇ ਉਨ੍ਹਾਂ ਨੂੰ ਪਰਖਣ ਦੀ ਇਕ ਨਵੀਂ ਨਜ਼ਰ ਦੁਨੀਆਂ ਨੂੰ ਦੇਵਾਂ। ਪਰ ਅਗਲੇ ਹੀ ਪਲ ਉਹ ਸਾਰੇ ਹੀ ਖਿਆਲ ਭਵਿੱਖ ਦੇ ਉਨ੍ਹਾਂ ਰਾਖਵੇ ਖੁੱਲ੍ਹੇ ਸਮੇਂ ਲਈ ਸਾਂਭ ਕੇ ਰੱਖ ਦਿੱਤੇ ਜਾਂਦੇ।

ਬਾਹਰਹਾਲ ਗ੍ਰੇਜੂਏਸ਼ਨ ਤੋਂ ਬਾਅਦ ਦੇ ਦੋ ਇਕ ਸਾਲ ਉਸ ਪ੍ਰੀਖਿਆ ਦੇ ਕਾਬਲ ਖੁਦ ਨੂੰ ਤਿਆਰ ਕਰਨ 'ਚ ਨਿਕਲ ਗਏ ਪ੍ਰਕਾਸ਼ ਬਾਬੂ ਨੇ ਮੇਰੀ ਉਮਰ ਦੇ ਦੋ ਸਾਲ ਚੋਰੀ ਜਿਓਂ ਕਰ ਲਏ ਸੀ। ਚਲਾਕੀ ਨਾਲ। ਬਾਹਰਹਾਲ ਮੇਰੀ ਜਦੋਂ ਵਾਰੀ ਆਈ ਮੈਂ ਵਿਸ਼ਵਾਸ ਦੇ ਨਾਲ ਫਾਰਮ ਭਰ ਦਿੱਤਾ। ਘਰ ਤੋਂ ਜੋ ਭਾਰੀਆਂ-ਭਾਰੀਆਂ ਨਸੀਹਤਾਂ ਆਉਂਦੀਆਂ ਲਿਫ਼ਾਫ਼ੇ 'ਚ ਉਸ 'ਚ ਇਹ ਵੀ ਹੁੰਦਾ ਕਿ ਪੈਸਿਆ ਦੀ ਫਿਕਰ ਨਹੀਂ ਕਰਨਾ। ਉਨ੍ਹਾਂ ਸਾਲਾਂ 'ਚ ਮੇਰੀਆਂ ਲੋੜਾਂ ਸੱਚ ਮੁੱਚ ਹੀ ਘਰ ਦੇ ਪੈਸਿਆ ਉਪਰ ਹੀ ਅਧਾਰਤ ਰਹੀਆ। ਪਰ ਹੌਲੀ ਹੌਲੀ ਮੈਨੂੰ ਪਤਾ ਲੱਗਾ ਕਿ ਟਿਊਸ਼ਨ ਦਾ ਧੰਦਾ ਫਿਰ ਤੋਂ ਆਰੰਭ ਕਰਨ 'ਚ ਹੀ ਭਲਾਈ ਸੀ। ਇਕ ਦਮ ਬਸ ਪੜ੍ਹਦੇ ਜਾਣ ਨਾਲ ਗਿਆਨ ਦਾ ਜਿਹੜਾ ਭੰਡਾਰ , ਮੈਂ ਆਪਣੇ ਆਲੇ ਦੁਆਲੇ ਤਿਆਰ ਕਰ ਲਿਆ ਸੀ, ਉਸ ਵਿਚ ਕੁਝ ਗਿਆਨ ਦਾ ਬਾਹਰ ਨਿਕਲਣਾ ਅਤੇ ਬਾਹਰ ਤੋਂ ਕੁਝ ਸੱਜਰੀ ਜਾਣਕਾਰੀ ਜਾਂ ਅਨੁਭਵ ਦਾ ਆਉਣਾ ਬੇਹੱਦ ਜਰੂਰੀ ਸੀ। ਲਿਹਾਜਾ ਸ਼ਾਮ ਦੀ ਬੈਠਕ 'ਚ ਮੈਂ ਤਿੰਨ ਵਿਦਿਆਰਥੀਆਂ ਨੂੰ ਟਿਊਸ਼ਨ ਪੜ੍ਹਾਉਣ ਲੱਗਾ। ਪਰ ਪਤਾ ਨਹੀਂ ਕਿਓ ਲੋਕ ਇਸ ਨੂੰ ਕਿਸਮਤ ਦਾ ਚੱਕਰ , ਭਾਗਾ ਦੀ ਗੱਲ ਵਰਗਾ ਕੁਝ ਕਹਿੰਦੇ ਹਨ। ਮੇਰੇ ਆਲੇ-ਦੁਆਲੇ ਦੇ ਤਕਰੀਬਨ ਸਾਰੇ ਲੜਕੇ, ਉਂਝ ਹੀ ਮਸਤੀ 'ਚ ਘੋਟਾ ਲਾਉਣ ਵਾਲੇ ਸਾਰੇ ਇਕ ਇਕ ਕਰਕੇ ਸਫਲ ਹੋ ਨਿਕਲ ਗਏ। ਇਕ ਮੈਂ ਹੀ ਰਹਿ ਗਿਆ। ਇਕ ਸਾਲ ਦੋ ਸਾਲ , ਤਿੰਨ ਸਾਲ ਸਾਰਾ ਸਾਲ। ਪਰ ਕਿਸਮਤ ਦੀ ਇਕ ਮਿਹਰਬਾਨੀ ਹੋਰ ਦੇਖੋ ਮੇਰੇ ਘਰ ਵਾਲਿਆ ਦੀ ਦੇਖਾ ਦੇਖੀ ਸ਼ਹਿਰ ਵਾਲਿਆ ਨੇ ਇਸ ਗੱਲ ਨੂੰ ਵੀ ਮੇਰੇ ਨਾਲ ਐਨੀ ਬਰੀਕੀ ਨਾਲ ਜੋੜ ਦਿੱਤਾ ਕਿ ਮੇਰੇ ਨਾਲ ਜੁੜੀਆਂ ਮਿੱਥਾਂ ਹੋਰ ਵਧੇਰੇ ਪੱਕੀਆਂ ਹੋ ਗਈਆ। ਸ਼ਹਿਰ 'ਚ ਇਹ ਪ੍ਰਚਲਿਤ ਹੋ ਚੁੱਕਾ ਸੀ ਕਿ ਦੋ ਵਾਰ ਮੈਂ ਤਿੰਨ ਸਟੈਪਾ ਵਾਲੀ ਪ੍ਰੀਖਿਆ ਦੀਆਂ ਆਰੰਭਕ ਦੋ ਸਟੇਜਾਂ ਪਾਰ ਕਰ ਗਿਆ ਸੀ ਅਤੇ ਬਦਕਿਸਮਤੀ ਇੰਟਰਵਿਊ ਦੌਰਾਨ ਮੈਨੂੰ ਕੱਢ ਦਿੱਤਾ ਗਿਆ ਸੀ। ਹਲਾਂਕਿ ਈਰਖਾ+ ਦੋਸ਼ ਅਤੇ ਆਪਸੀ ਦੌੜ 'ਚ ਇਸ ਘੋਰ ਕਲਯੁੱਗ 'ਚ ਐਨਾ ਹਮਦਰਦੀ ਭਰਿਆ ਪ੍ਰਚਾਰ ਇਕ ਦੁਰਲੱਭ ਮੌਕਾ ਮੇਲ ਹੀ ਸੀ ਪਰ ਕਿਸਮਤ ਵੀ ਇਕ ਚੀਜ ਹੁੰਦੀ ਹੈ। ਜੇਕਰ ਇਹ ਪ੍ਰਸਿੱਧੀ ਮੈਨੂੰ ਮਿਲਣੀ ਸੀ ਤਾਂ ਠੀਕ ਹੈ।

ਬਾਹਰਹਾਲ ਲੋਕ ਸੁਣਦੇ ਤਾਂ ਅੰਦਰੋਂ ਇਕ ਆਵਾਜ਼ ਉਨ੍ਹਾਂ ਦੇ ਅੰਦਰੋਂ ਫਿਸਲਾ ਜਾਂਦੀ । ਮੈਂ ਅਫਸੋਸਿਆ, ਰਹਿਮ , ਅਤੇ ਪਹਿਲਾਂ ਤੋਂ ਨਵ ਵਿਆਹੇ ਜੋੜੇ ਨੂੰ ਮਿਲਣ ਵਾਲੇ ਸ਼ਾਨਦਾਰ ਸਨਮਾਨ ਦਾ ਹਿੱਸੇਦਾਰ ਹੋ ਗਿਆ, ਬਜ਼ੁਰਗਾਂ ਦੀ ਨਜ਼ਰ 'ਚ ਨੌਜਵਾਨਾ ਦੇ ਲਈ ਮੈਂ ਅਦਰਸ਼ ਬਣ ਗਿਆ।

ਮੈਨੂੰ ਇਨ੍ਹਾਂ ਗੱਲਾਂ ਦੀ ਸ਼ੱਕ ਸੀ ਅਹਿਸਾਸ ਹੁਣ ਹੋਇਆ। ਨੌ ਸਾਲਾਂ ਬਾਅਦ। ਵਾਪਸ ਏਥੇ ਪਰਤਣ ਤੋਂ ਬਾਅਦ। ਕਦੇ ਲੱਗਦਾ ਮੇਰੇ ਅੰਦਰ ਦੀ ਅਪਰਾਧ ਪ੍ਰਵਿਤਰੀ, ਸ਼ਰਮ, ਗਿਲਾਨੀ ... ਸਭ ਦੂਰ ਹੋ ਗਏ ਹਨ, ਇਨ੍ਹਾਂ ਲੋਕਾਂ ਦਾ ਆਪਣੇ ਪ੍ਰਤੀ ਰਵੱਈਆ ਦੇਖ ਕੇ। ਕਦੇ ਲੱਗਦਾ ਕਿ ਉਹ ਸਭ ਕੁਝ ਕਈ ਗੁਣਾ ਵੱਧ ਗਿਆ ਹੈ ਇਹ ਜਾਣ ਕੇ ਕਿ ਇਹ ਲੋਕ ਕਿੰਨੇ ਵੱਡੇ ਝੂਠ ਨੂੰ ਸੱਚ ਮੰਨ ਬੈਠੇ ਹਨ। ਹੁਣ ਜਦ ਕਿ ਆਪਣੀਆਂ ਕੋਸ਼ਿਸ਼ਾ ਦੇ ਸਾਰੇ ਚਾਰੇ ਯਤਨ ਗਵਾ ਕੇ ਮੈਂ ਮੁੜ ਐਮ. ਏ., ਪੀ. ਐਚ. ਡੀ. ਆਦਿ ਦੇ ਅਮੁੱਕ ਰਾਹ ਉਪਰ ਤੁਰ ਪਿਆ ਸੀ, ਉਦੋਂ ਹੀ ਮੇਰੇ ਧਰਤੀ ਤੇ ਪੈਰ ਲੱਗੇ ਸਨ।

ਉਦੋਂ ਤੇ ਹੁਣ ਵਿਚ ਅੰਤਰ ਸਾਫ਼ ਸਪਸਟ ਹੈ। ਮੈਂ ਬਹੁਤ ਜਿਆਦਾ ਗੰਭੀਰ ਹੋ ਚੁੱਕਾ ਸੀ ਉਦੋਂ ਦੇ ਮੁੰਡ ਪੁਣੇ ਦੇ ਦਿਨ ਮੱਧਮ ਪੈਣ ਲੱਗ ਪਏ ਸਨ। ਅੱਖਾਂ ਨੂੰ ਲੱਗੀ ਐਨਕ ਇਸ ਗੱਲ ਨੂੰ ਪੱਕਾ ਕਰਦੀ ਸੀ। ਉਸ ਅਧਾਰ ਤੇ ਲੋਕ ਤੇ ਕਈ ਵਸਤੂਆਂ ਵੀ ਬਦਲ ਗਈਆਂ ਸਨ। ਮੇਰੇ ਹਮਉਮਰ ਲੜਕੇ, ਮੇਰੇ ਸਾਥੀ ਗਲੀਆਂ ਛਾਂਣਦੇ ਜਵਾਨ ਹੋਏ ਮੁੰਡੇ ਮੈਨੂੰ ਬਜ਼ੁਰਗਾਂ ਵਾਲਾ ਦਰਜਾ ਦੇਣ ਲੱਗ ਪਏ ਸਨ। ਉਹ ਅਵਾਰਾਗਰਦੀ ਕਰਦੇ ਫਿਰ ਰਹੇ ਸਨ ਅਤੇ ਬਜ਼ੁਰਗ ਉਨ੍ਹਾਂ ਦੀਆਂ ਹਰਕਤਾਂ ਨੂੰ ਅਣਡਿੱਠਾ ਇਹ ਕਹਿ ਕੇ ਕਰ ਰਹੇ ਸਨ ਕਿ ਇਹ ਅਜੇ ਬੱਚੇ ਹਨ। ਉਥੇ ਮੈਂ ਇਸ ਉਮਰ 'ਚ ਸੰਤਾਂ ਦਾ ਦਰਜਾ ਪਾ ਚੁੱਕਾ ਸੀ। ਮਾਂ ਨੂੰ ਦੇਖਦਾ ਤਾਂ ਉਹ ਹਰ ਕੰਮ

ਕਰਦੇ ਸਮੇਂ ਇਹ ਖਿਆਲ ਰੱਖਦੀ ਕਿ ਘੱਟ ਤੋਂ ਘੱਟ ਘਰ 'ਚ ਸ਼ੋਰ ਹੋਵੇ। ਭਾਂਢੇ ਧੋਂਦੇ ਸਮੇਂ ਤੇ ਉਨ੍ਹਾਂ ਨੂੰ ਕੱਢਦੇ ਸਮੇਂ ਵੀ ਉਹਦੇ ਸਾਵਧਾਨੀ ਦਾ ਭੂਤ ਸਵਾਰ ਰਹਿੰਦਾ। ਉਸ ਦੇ ਅਵਚੇਤਨ ਵਿੱਚ ਇਹ ਗੱਲ ਸਮਾ ਗਈ ਸੀ ਕਿ ਪਰਿਵਾਰਕ ਝਮੇਲਿਆ ਦਾ ਮੇਰੀ ਪੜ੍ਹਾਈ ਉਤੇ ਬੁਰਾ ਅਸਰ ਪੈ ਸਕਦਾ ਹੈ। ਮੇਰਾ ਧਿਆਨ ਉਖੜ ਸਕਦਾ ਹੈ। ਮਜੇ ਦੀ ਗੱਲ ਇਹ ਹੈ ਕਿ ਮੈਂ ਮਾਂ ਤੇ ਘਰ ਤੋਂ ਦੂਰ ਰਹਿ ਕੇ ਐਨੇ ਸਾਲ ਪੜ੍ਹਾਈ ਕੀਤੀ ਸੀ। ਪਰ ਮਾਂ ਦੇ ਮਨ ਨੇ ਮੇਰੀ ਹੋਂਦ ਹਮੇਸਾਂ ਕਾਇਮ ਰੱਖੀ 'ਚ ਘਰ 'ਚ ਲੰਮੇ, ਹੱਢਾ ਪੈਰਾ ਤੋਂ ਖੁੱਲ੍ਹੇ ਮੇਰੇ ਪਿਤਾ ਬਾਜ਼ ਦੀ ਨਜ਼ਰ ਵਾਂਗ ਅਖ਼ਬਾਰ ਤੇ ਨਜ਼ਰ ਗੱਡੀ ਰੱਖਦੇ ਅਤੇ ਉਸ 'ਚੋਂ ਕੁਝ ਗੱਲਾਂ ਚੁਣ-ਚੁਣ ਕੇ ਆਪਣੀ ਡਾਇਰੀ ਉੱਤੇ ਉਤਾਰਦੇ ਜਾਂਦੇ। ਮੇਰਾ ਅੰਦਾਜਾ ਸੀ ਕਿ ਉਹ ਸ਼ਿਆਰਾ ਵਰਗਾ ਕੁਝ ਹੁੰਦਾ ਹੋਵੇਗਾ। ਅਤੇ ਉਸ ਨਾਲ ਜੁੜਿਆ ਇਕ ਹੋਰ ਵੀ ਅੰਦਾਜਾ ਸੀ ਵੀ ਕਿ ਮੇਰੀ ਪੜ੍ਹਾਈ 'ਚ ਖਰਚ ਹੋਏ ਪੈਸੇ ਦੇ ਖੱਪੇ ਸ਼ਿਆਰਾ ਦੇ ਲਾਭ ਤੋਂ ਹੀ ਕਰ ਲੈਣ ਦੀ ਸੋਚ ਅਜਿਹਾ ਕਰਵਾਂਦੀ ਹੋਵੇਗੀ। ਦੂਜਾ ਅੰਦਾਜਾ ਮੈਨੂੰ ਧੁਰ ਅੰਦਰੋਂ ਕਾਂਬਾ ਛੇੜ ਦਿੰਦਾ ਨੌਂ ਸਾਲ ਬਾਅਦ ਦੀ ਵਾਪਸੀ ਅਤੇ ਮੈਨੂੰ ਨੌਂ ਦਿਨ ਵੀ ਉਥੇ ਬਿਤਾਉਣੇ ਕਠਿਨ ਹੋ ਰਹੇ ਸਨ ਘਰ ਦੇ ਅੰਦਰ ਦਹਿਸਤ ਹੁੰਦੀ ਸੀ ਅਤੇ ਬਾਹਰ ਓਪਰਾਪਨ। ਘਰ ਦੀ ਪਿਛਾੜੀ ਹੀ ਸਾਡੇ ਖੇਤ ਸੀ। ਚਾਰ ਕਿੱਲਿਆ ਦੇ ਕਰੀਬ ਜ਼ਮੀਨ ਦੀ ਉਪਜ ਸੰਭਾਲਣਾ ਔਖਾ ਕੰਮ ਸੀ ਸਾਇਦ ਇਸੇ ਲਈ ਪਿਤਾ ਜੀ ਨੇ ਉਸ ਨੂੰ ਠੇਕੇ ਉੱਤੇ ਦੇ ਦਿੱਤੇ ਸਨ। ਪਰ ਲਾਭ ਭੋਰਾ ਵੀ ਨਹੀਂ ਸੀ। ਬਸ ਆਪਣੀ ਜਰੂਰਤ ਜੋਗਾ ਆਨਾਜ ਨਿਕਲ ਆਉਂਦਾ ਸੀ। ਇਸ ਵਾਰ ਘਰ ਪਰਤਣ ਉੱਤੇ ਉਸ ਹਿੱਸੇ ਨੂੰ ਦੇਖ ਕੇ ਮੈਨੂੰ ਬਹੁਤ ਦੁੱਖ ਹੋਇਆ। ਇਕ ਪੀੜ ਮਨ 'ਚ ਉੱਠੀ ਸੀ ਕਿ ਜੇ ਨਵੀਂ ਤਕਨੀਕ ਨਾਲ, ਸਿਆਣਪ ਨਾਲ ਅਤੇ ਹੋਰ ਮਿਹਨਤ ਨਾਲ ਉਥੇ ਖੇਤੀ ਕੀਤੀ ਜਾਵੇ ਤਾਂ ਮੇਰਾ ਖਰਚ ਉਸ 'ਚੋਂ ਅਸਾਨੀ ਨਾਲ ਨਿਕਲ ਸਕਦਾ ਹੈ। ਇਸ ਕਲਪਨਾ ਨਾਲ ਮੇਰਾ ਮਨ ਖੁਸ਼ ਵੀ ਹੋ ਜਾਂਦਾ। ਮੈਂ ਉਥੇ ਫੁੱਲਾਂ ਦੀ ਖੇਤੀ ਕਰ ਸਕਦਾ ਸੀ। ਪਰ ਐਨਾ ਪੜ੍ਹ ਲਿਖ ਕੇ ਦਿੱਲੀ ਤੋਂ ਪਰਤ ਕੇ ਮੈਂ ਖੇਤੀ ਹੀ ਕਰਨੀ ਸੀ ਤਾਂ ਲੋਕ ਕੀ ਕਹਿਣਗੇ ? ਸਵਾਲ ਹੀ ਨਹੀਂ ਉੱਠਦਾ ਸੀ। ਅਤੇ ਪਿਤਾ ਜੀ ਨੂੰ ਇਸ ਉਮਰ 'ਚ ਖੇਤੀ ਕਰਨ ਲਈ ਕਹਿਣਾ ਠੀਕ ਵੀ ਨਹੀਂ ਲੱਗਦਾ। ਕੋਈ ਹੱਲ ਨਹੀਂ ਲੱਭ ਰਿਹਾ ਸੀ। ਅਖੀਰ ਮੈਂ ਵੀ ਉਥੇ ਉਹੀ ਮੂਲੀ, ਟਮਾਟਰ ਖਾ ਖਾ ਕੇ ਸੰਤੁਸਟ ਹੋਣ ਦੀ ਕੋਸ਼ਿਸ਼ ਕਰਨ ਲੱਗਾ।

ਅਜਿਹੀ ਸਥਿਤੀ 'ਚ ਫਸ ਗਿਆ ਸੀ ਕਿ ਮੇਰਾ ਆਲੇ-ਦੁਆਲੇ ਦਾ ਮਾਹੌਲ ਨਾ ਮੈਨੂੰ ਹਜ਼ਮ ਕਰ ਰਿਹਾ ਸੀ ਨਾ ਹੀ ਬਾਹਰ ਕੱਢ ਰਿਹਾ ਸੀ। ਜਦੋਂ ਮੈਂ ਮਿਸ ਡੀਸੂਜਾ ਨੂੰ ਦੁਬਾਰਾ ਮਿਲਿਆ ਜਾਂ ਕਹਿ ਲਓ ਉਹ ਮੈਨੂੰ ਮਿਲੀ। ਲੋਕ ਉਹਨੂੰ ਮਿਸਜ ਡੀਸੂਜਾ ਕਹਿਣ ਚਾਹੁੰਦੇ ਸੀ। ਪਰ ਉਨ੍ਹਾਂ ਦੀ ਵਿਸ਼ੇਸ਼ ਬੇਨਤੀ ਉਂਤੇ ਸਰਵ ਸਮਤੀ ਨਾਲ ਉਸ ਨੂੰ ਮਿਸ ਡਿਸੂਜਾ ਹੀ ਬਣੇ ਰਹਿਣ ਦਿੱਤਾ ਗਿਆ। ਮਿਸ ਡੀਸੂਜਾ ਡਬਲ ਰੋਟੀ ਖਰੀਦਣ ਅਈ ਸੀ। ਉਸ ਨੇ ਸਮਾਨ ਦੇ ਕਾਊਂਟਰ ਉਪਰ ਰੱਖੇ ਡਬਲ ਰੋਟੀ ਦੇ ਅਨੇਕ ਛੋਟੇ-ਵੱਡੇ ਪੀਸਾਂ ਨੂੰ ਇਕ ਇਕ ਕਰਕੇ ਉਂਗਲੀ ਨਾਲ ਦਬਾ ਕੇ ਪਰਖਿਆ। ਫਿਰ ਉਸ ਨੇ ਗੋਲ ਡਬਲ ਰੋਟੀ ਦੇ ਬਾਰੇ 'ਚ ਪੁੱਛਿਆ। ਦੁਕਾਨਦਾਰ ਨੇ ਸਿਰ ਫੇਰ ਦਿੱਤਾ। ਫਿਰ ਉਸ ਨੇ ਭੂਰੀ ਡਬਲ ਰੋਟੀ ਦੀ ਪੜਤਾਲ ਕਰਦਿਆ ਪੁੱਛਿਆ।

ਦੁਕਾਨਦਾਰ ਨੇ ਫਿਰ ਸਿਰ ਫੇਰ ਦਿੱਤਾ। ਮੂੰਹ 'ਤੇ ਨਿਰਾਸ਼ਾ ਵਾਲੇ ਪ੍ਰਭਾਵ ਲਿਆ ਕੇ ਮਿਸ ਡੀਸੂਜਾ ਨੇ ਆਪਣੀ ਪਹੁੰਚ ਤੋਂ ਸਭ ਤੋਂ ਦੂਰ ਵਾਲੀ ਡਬਲ ਰੋਟੀ ਦੇ ਪੈਕਟ ਨੂੰ ਖਿੱਚਿਆ ਫਿਰ ਪੈਕਿੰਗ ਚੈਕ ਕੀਤੀ। ਪੈਸੇ ਕਾਊਂਟਰ ਉੱਤੇ ਰੱਖ ਕੇ ਉਹ ਮੁੜੀ ਦੋ ਕਦਮ ਚੱਲੀ ਵੀ। ਪਰ ਮੁੜ ਆਈ। ਉਸ ਨੇ ਪੈਕੇਟ ਨੂੰ ਮੁੜ ਕਾਊਂਟਰ ਉਤੇ ਰੱਖ ਦਿੱਤਾ ਅਤੇ ਸਮਾਨ ਦੇ ਦੋ ਪੈਕੇਟਾਂ ਤੇ ਫਿਰ ਉਂਗਲੀ ਨਾਲ ਪਰਖ ਕੀਤੀ। ਉਨ੍ਹਾਂ ਦਾ ਸੱਜਰਾਪਨ ਪਰਖਣ ਲਈ। ਅਣਮੰਨੇ ਜਿਹੇ ਮਨ ਨਾਲ ਇਕ ਇਕ ਪੈਕੇਟ ਚੁਣ ਲਿਆ। ਐਤਕੀਂ ਮੈਂ ਸਕੂਲ ਦੇ ਦਿਨਾਂ ਦੀ ਆਪਣੀ ਕਮਿਸਟਰੀ ਦੀ ਟੀਚਰ ਦੇ ਰੂਪ 'ਚ ਉਹਨੂੰ ਦੇਖਿਆ।

ਠੀਕ ਪੰਜਵੇਂ ਦਿਨ, ਸ਼ਾਮ ਦੇ ਸਮੇਂ, ਉਸੇ ਅੰਦਾਜ 'ਚ ਕੱਪੜੇ ਦਾ ਇਕ ਫੈਸਨੇਬਲ ਝੋਲਾ ਲਈ ਮਿਸ ਡਿਸੂਜਾ ਹਾਜਰ ਸੀ। ਫਿਰ ਤੋਂ ਉਸ ਨੇ ਡਬਲ ਰੋਟੀ ਨੂੰ ਉਂਗਲੀਆਂ ਦੇ ਪੋਟਿਆ ਨਾਲ ਪਰਖਿਆ, ਗੋਲ ਡਬਲਰੋਟੀ , ਭੂਰੇ ਬਰੈੱਡ, ਹਾਂ-ਨਾਂਹ ਕਰਦਿਆਂ ਕਿਸੇ ਇਕ ਦੀ ਚੋਣ। ਮੈਨੂੰ ਭਰਮ ਹੋਇਆ ਕਿ ਕਿਤੇ ਉਹ ਦੁਕਾਨ ਦਾਰ ਨੂੰ ਤੰਗ ਤਾਂ ਨਹੀਂ ਕਰ ਰਹੀ। ਮਿਸ ਡੀਸੂਜਾ ਨਾ ਹੋ ਕੇ ਇਕ ਨਵੇਂ ਗਾਹਕ ਦੀ ਅਦਾਕਾਰੀ ਕਰਕੇ। ਇਸੇ ਦੌਰਾਨ ਉਸ ਨੇ ਅੱਧਾ ਕਿਲੋ ਖੰਡ ਮੰਗ ਲਈ। ਦੁਕਾਨਦਾਰੀ ਨੇ ਤੋਲ ਕੇ ਲਫ਼ਾਫ਼ੇ 'ਚ ਪਾ ਕੇ ਬੰਨੇ ਦਿੱਤੀ ਅਤੇ ਮਿਸ ਡੀਸੂਜਾ ਨੇ ਉਹਨੂੰ ਹੱਥਾਂ 'ਚ ਲੈ ਵੀ ਲਿਆ ਅਤੇ ਅਚਾਨਿਕ ਉਸ ਨੇ ਆਪਣੀ ਭੁੱਲ ਨੂੰ ਸੁਧਾਰ ਲਿਆ। ਅੱਧਾ ਕਿੱਲੋ ਦੀ ਪਾਈਆ ਖੰਡ ਦੀ ਮੰਗ ਕਰ ਦਿੱਤੀ। ਦੁਕਾਨਦਾਰ ਦੇ ਕੋਲ ਟੁੱਟੇ ਪੰਜਾਹ ਪੈਸੇ ਨਹੀ ਸੀ।



ਉਸ ਨੇ ਬਦਲ ਵਜੋ ਤੇ ਝਿਝਕ ਦੇ ਨਾਲ ਮਿਸ ਡੀਸੂਜਾ ਦੇ ਵੱਲ ਇਕ ਟਾਫੀ ਵਧਾ ਦਿੱਤੀ। ਮਿਸ ਡੀਸੂਜਾ ਨੇ ਟਾਫੀ ਨੂੰ ਅੱਖਾ ਨਾਲ ਪਰਖਿਆ। ਅਤੇ ਟਾਫੀਆਂ ਦੀਆਂ ਕੁਝ ਹੋਰ ਕਿਸਮਾਂ ਦੀ ਮੰਗ ਕੀਤੀ। ਉਸਦਾ ਰੈਪਰ ਉਤਾਰ ਦਿੱਤਾ, ਮੂੰਹ 'ਚ ਪਾਇਆ, ਰੈਪਰ ਨੂੰ ਮਰੋੜ ਕੇ ਗੋਲੀ ਤਿਆਰ ਕੀਤੀ ਅਤੇ ਦੁਕਾਨਦਾਰ ਦੇ ਮੂੰਹ ਵੱਲ ਦੇਖਣ ਲੱਗ ਪਈ। ਉਸ ਨੂੰ ਸੁੱਟਣ ਦੀ ਥਾਂ ਦੀ ਤਲਾਸ਼ ਕਰਨ ਲੱਗ ਪਈ। ਦੁਕਾਨਦਾਰ ਨੇ ਕੋਨੇ ਵੱਲ, ਸੜਕ ਵੱਲ ਇਸ਼ਾਰਾ ਕੀਤਾ। ਮਿਸ ਡੀਸੂਜਾ ਉਸ ਦੀ ਅਸਧਾਰਨ ਬੁੱਧੀ ਤੋਂ ਪ੍ਰਭਾਵਿਤ ਦਿਸੀ ਅਤੇ ਝੋਲਾ ਲੈ ਕੇ ਗੋਲੀ ਸੁੱਟਦੀ, ਸੰਤੁਸਟ ਭਾਵ ਨਾਲ ਉਤਰ ਗਈ। ਮੇਰਾ ਬੀ. ਏ 'ਚ ਇਕ ਵਿਸ਼ਾ ਮਨੋਵਿਗਿਆਨ ਦਾ ਵੀ ਸੀ ਐਤਕੀਂ ਮੈਂ ਉਹਨੂੰ ਮਨੋਵਿਗਿਆਨ ਦੇ ਇਕ ਵਿਸ਼ੇ ਦੇ ਰੂਪ 'ਚ ਦੇਖਿਆ।

ਇਕਾਂਤ 'ਚ ਕੀਤੀ ਬਰੀਕ ਛਾਣ ਬੀਣ ਅਤੇ ਬਰੀਕੀ ਨਾਲ ਕੀਤੇ ਵਿਸ਼ਲੇਸ਼ਣ ਨੇ ਮੈਨੂੰ ਇਸ ਸਿੱਟੇ ਉੱਤੇ ਪਹੁੰਚਾ ਦਿੱਤਾ ਕਿ ਤਿੰਨ ਤਿੰਨ ਦੀ ਔਸਤ ਦਰ ਨਾਲ ਚਾਰ ਦਿਨਾਂ 'ਚ ਇਕ ਹੀ ਬਰੈੱਡ ਦੇ ਪੈਕੇਟ ਨਾਲ ਗੁਜਾਰਾ ਕਰਕੇ ਹਰ ਪੰਜਵੇਂ ਦਿਨ ਮਿਸ ਡੀਸੂਜਾ ਦੁਕਾਨਦਾਰ ਤੋਂ ਗੋਲ ਭੂਰੀ ਡਬਲਰੋਟੀ ਬਰੈੱਡ ਦੀ ਖਬਰ ਸਾਰ ਲੈਣ ਤੋਂ ਬਅਦ ਡਬਲਰੋਟੀ ਖਰੀਦਦੀ ਸੀ ਅਤੇ ਨਾਲ ਹੀ ਗ੍ਰਹਿਸਤੀ ਦਾ ਸਾਮਾਨ ਵੀ। ਇਕ ਪਾਈਆ ਤੋਂ ਵੱਧ ਕੁਝ ਵੀ ਨਹੀਂ ਜੇ ਬਹੁਤਾ ਜਿਗਰਾ ਕਰਦੀ ਤਾਂ ਅੱਧਾ ਕਿਲੋ ਤੱਕ ਗੱਲ ਪਹੁੰਚਦੀ। ਸੌਦੇ ਦੀ ਮਾਤਰਾ ਇਸ ਤੱਥ ਦੇ ਵੱਲ ਮੇਰਾ ਧਿਆਨ ਦਿਵਾਉਂਦੀ ਸੀ ਕਿ ਉਸ ਦੇ ਘਰ 'ਚ ਉਸ ਤੋਂ ਇਲਾਵਾ ਹੋਰ ਕੋਈ ਹੈ ਨਹੀਂ। ਅੱਜ ਵੀ। ਇਸ ਗੱਲ ਨੂੰ ਜਾਨਣ ਲਈ ਮੈਂ ਕੋਸ਼ਿਸ਼ ਆਰੰਭ ਕੀਤੀ। ਮੈਂ ਪਹਿਲਾ ਤਾਂ ਉਸ ਨਾਲ ਜਾਣ-ਪਹਿਚਾਣ ਕਰਨ ਦੇ ਲਈ ਸੋਚਿਆ। ਅਤੇ ਡਿਪਾਰਟਮੈਂਟਲ ਸਟੋਰ ਦੇ ਬਾਹਰ ਹੀ ਉਸ ਨੂੰ ਘੇਰ ਲਿਆ। ਕਲਪਨਾ 'ਚ ਆਪਣੇ ਬਾਰੇ ਦੱਸਣ ਲਈ ਜਿੰਨੀ ਵੱਡੀ ਭੂਮਿਕਾ ਤਿਆਰ ਕੀਤੀ ਸੀ। ਉਸ ਦੀ ਰਤਾ ਵੀ ਜਰੂਰਤ ਨਹੀਂ ਪਈ। ਉਹ ਝੱਟ ਦੇਣੀ ਮੈਨੂੰ ਪਹਿਚਾਣ ਗਈ। ਤੇ ਮੈਨੂੰ ਐਨੇ ਸਵਾਲ ਕਰ ਦਿੱਤੇ ਮੈਂ ਘਬਰਾਉਣ ਲੱਗ ਪਿਆ। ਮੈਂ ਸੰਖੇਪ 'ਚ ਗੋਲ ਮੋਲ ਗੱਲਾਂ ਦੱਸ ਕੇ ਉਸ ਨੂੰ ਕਿਸੇ ਹੋਰ ਦਿਨ ਟਾਲਣਾ ਚਾਹਿਆ।

ਪਰ ਉਸ ਦੇ ਕੋਲ ਸਮਾਂ ਹੀ ਸਮਾਂ ਸੀ। ਬੜੀ ਗਹਿਰਾਈ ਨਾਲ ਇਕ ਇਕ ਗੱਲ ਉਸ ਨੇ ਪੁੱਛੀ। ਅਖੀਰ ਉਸ ਨੇ ਤੋਪ ਦੇ ਗੋਲੇ ਵਾਂਗ ਦੋ ਸਵਾਲ ਦਾ.ਗ ਦਿੱਤੇ। ਬਿਨਾ ਸ਼ਰਮ-ਸੰਕੋਚ ਦੇ। 'ਕਿੰਨੀ ਉਮਰ ਹੋਈ ਤੇਰੀ ?' ਅਤੇ 'ਅੱਗੇ ਹੁਣ ਕੀ ਕਰਨਾ ਹੈ ?' ਮੈਂ ਘਬਰਾਹਟ ਵਿਚ ਸ਼ਬਦਾਂ ਨੂੰ ਜੋੜ ਜੋੜ ਕੇ ਕਿਸੇ ਤਰ੍ਹਾਂ ਜਵਾਬ ਦਿੱਤਾ। ਬਿਨਾ ਜਵਾਬ ਦੇ ਸੁਣੇ ਉਹ ਮੈਨੂੰ ਛੱਡਣ ਵਾਲੀ ਨਹੀਂ ਸੀ। ਇਕ ਦਹਾਕਾ ਬੀਤ ਗਿਆ ਸੀ ਆਪਣੇ ਸ਼ਹਿਰ ਤੋਂ ਆਏ, ਪਰ ਐਨੀ ਸਫਾਈ ਨਾਲ ਕਿਸੇ ਨੇ ਸਤਿਕਾਰ ਨਹੀਂ ਦਿੱਤਾ ਮਿਸ ਡੀਸੂਜਾ ਨੇ ਆਪਣੇ ਘਰ ਦਾ ਪਤਾ ਸਿੱਧੇ ਚੱਲ ਕੇ ਖੱਬੇ ਮੁੜ ਕੇ ਚਾਰ ਦੁਕਾਨਾ ਫਿਰ ਛੱਡ ਕੇ ਸੱਜੇ ਮੁੜ ਕੇ..... ਬੜੇ ਵਿਸਥਾਰ ਨਾਲ ਦੱਸਿਆ। ਗੱਲ ਅਧੂਰੀ ਰਹਿਣ ਕਰਕੇ ਕਦੇ ਘਰ ਆਉਣ ਦੀ ਗੱਲ ਤੀਜੀ ਚੌਥੀ ਵਾਰ ਕਹਿ ਕੇ ਗਈ। ਰਾਮ ਰਾਮ। ਐਤਕੀਂ ਮੈਂ ਦੂਜੇ ਦੇ ਸੰਘ 'ਚ ਉਂਗਲੀ ਪਾਉਣ ਵਾਲੇ ਜੀਵ ਦੇ ਰੂਪ 'ਚ ਦੇਖਿਆ।

ਮੈਂ ਨਹੀਂ ਜਾਂਦਾ... ਕਿਉਂ ਜਾਵਾ ! ਜਦੋਂ ਕੋਈ ਤੁਹਾਡੇ ਹਊਮੇ ਦੀ ਐਸੀ ਦੀ ਤੈਸੀ ਕਰ ਦੇਵੇ ਚੁਰਾਹੇ ਵਿਚ !... ਅਤੇ ਜਦੋਂ ਤੁਹਾਡੀ ਉਸ ਨਾਲ ਐਨੀ ਵਧੇਰੇ ਨੇੜਤਾ ਨਾ ਹੋਵੇ ਤਾਂ ਮੈਂ ਤਾਂ ਕੀ ਕੋਈ ਹੋਰ ਵੀ ਨਹੀਂ ਜਾ ਸਕਦਾ ? ਪਰ ਮੈਂ ਗਿਆ। ਇਹ ਵੀ ਸੰਭਵ ਹੈ ਉਨ੍ਹਾਂ ਪਲਾ ਦਾ ਬਦਲਾ ਲੈਣ ਦੀ ਗੱਲ ਦਿਮਾਗ 'ਚ ਰਹੀ ਹੋਵੇ। ਸਾਹਮਣੇ ਵਾਲੇ ਨੂੰ ਜਾਨਣ ਲਈ ਜਾ ਉਸਦੀ ਜ਼ਿੰਦਗੀ 'ਚ ਜ਼ਰਾ ਨੇੜਿਓ ਝਾਕਣ ਲਈ।

ਮਿਸ ਡੀਸੂਜਾ ਨੇ ਘਬਰਾਹਟ 'ਚ ਸਾਹ ਚੜਾਈ ਦਰਵਾਜਾ ਖੋਹਲਿਆ। ਉਸ ਦੇ ਇਕ ਹੱਥ 'ਚ ਵੇਲਣ ਸੀ। ਮੈਨੂੰ ਦੇਖੇ ਬਿਨਾ ਹੈਰਾਨ ਹੋ, ਆਓ ਆਓ ਵਰਗਾ ਕੁਝ ਕਿਹਾ। ਅਤੇ ਘਰ ਦੇ ਅੰਦਰ ਵੜ ਕੇ ਅੱਗੇ ਵੱਲ ਵਧੀ ਅਤੇ ਕਾਹਲੀ ਕਾਹਲੀ ਪੌੜੀਆਂ ਵੀ ਚੜ੍ਹਨ ਲੱਗ ਪਈ। ਮੈਂ ਅਣਜਾਣ ਪੁਣੇ ਦੇ ਵਾਂਗ ਦਰਵਾਜਾ ਭੇੜਿਆ ਅਤੇ ਇਹ ਸੋਚ ਕੇ ਕਿ ਮੈਂ ਕਿੱਥੇ ਤੱਕ ਜਾਣਾ ਹੈ, ਡਰਾਇੰਗਰੂਮ 'ਚ ਹੀ ਖੜਾ ਰਿਹਾ। ਦੋ ਚਾਰ ਪਲਾ ਬਾਅਦ ਹੀ ਮੈਨੂੰ ਲੱਗਾ ਕਿ ਮੇਜਬਾਨ ਜਿਸ ਤੇਜੀ ਨਾਲ ਗਾਇਬ ਹੋਇਆ ਸੀ, ਉਸ ਤੋਂ ਲੱਗਦਾ ਸੀ ਕਿ ਉਸ ਦੇ ਪਿੱਛੇ ਪਿੱਛੇ ਹੀ ਜਾਣਾ ਪੈਣਾ ਹੈ। ਮੈਂ ਝਿਜਕਦਾ ਹੋਇਆ ਅੰਦਰ ਤੱਕ ਪਹੁੰਚਿਆ ਅਤੇ ਉਸ ਤੋਂ ਬਾਅਦ ਜਲਦੀ ਜਲਦੀ ਪੌੜੀਆਂ ਚੜ ਗਿਆ। ਛੱਤ ਉਪਰ ਇਕ ਵੱਖਰਾ ਹੀ ਨਜ਼ਾਰਾ ਸੀ। ਅਖਬਾਰ ਦੇ ਪੰਨੇ ਖੋਲ੍ਹ ਖੋਲ੍ਹ ਕੇ ਥੱਲੇ ਵਿਛਾਏ ਹੋਏ ਸਨ ਉਸ ਉਪਰ ਵੱਖਰੀ ਤਰ੍ਹਾਂ ਦੇ ਪਾਪੜ ਪਸਰੇ ਹੋਏ ਸਨ। ਕੁਝ ਤਾਂ ਬੇਹੱਦ ਲਿਜ ਲਿਜੇ ਅਤੇ ਚਿੱਟੇ। ਇਨ੍ਹਾਂ ਸਭ 'ਚ ਘਿਰੀ ਮਿਸ ਡਿਸੂਜਾ ਬੈਠੀ ਸੀ ਸੋਫੇ ਉੱਤੇ ਸਾਹਮਣੇ ਇਕ ਅਖ਼ਬਾਰ ਉਤੇ ਚਕਲਾ ਰੱਖਿਆ ਸੀ ਅਤੇ ਉਹ ਤਾਬੜਤੋੜ ਪਾਪੜ ਵੇਲੀ ਜਾ ਰਹੀ ਸੀ।

ਮਿਸ ਡੀਸੂਜਾ ਪਰ ਐਨੀ ਸਾਰੀ ਦਾਲ ਆਈ ਕਿੱਥੋਂ ਤੁਹਾਡੇ ਘਰ ... ਮੇਰੇ ਮੂੰਹ ’ਚੋਂ ਅਚਾਨਿਕ ਨਿਕਲਿਆ। ਕਿਥੇ ਪਾਈਆਂ ਪਾਈਆਂ ਰਾਸ਼ਨ ਖਰੀਦਣ ਵਾਲੀ ਔਰਤ ਤੇ ਕਿਥੇ ਇਹ ਹੋਲ ਸੇਲ ਦਾ ਨਜ਼ਾਰਾ। ਮਿਸ ਡੀਸੂਜਾ ਠਹਾਕਾ ਲਾ ਕੇ ਹੱਸ ਪਈ। ਹੱਸਣ ਤੋਂ ਉਪਰੰਤ ਉਤੇਜਿਤ ਹੋ ਕੇ ਉਹ ਦੱਸਣ ਲੱਗੀ ਕਿ ਪਾਈਆ ਪਾਈਆਂ ਕਰ ਕੇ ਪਿਛਲੇ ਕਈ ਮਹੀਨਿਆ ’ਚ ਖਰੀਦੀ ਜਾਂਦੀ ਦਾਲ, ਜਿਹੜੀ ਉਹਦੇ ਵਰਤੋਂ ਚੋਂ ਰਹਿ ਜਾਂਦੀ ਸੀ... ਉਹੀ ਹੈ। ਬੂੰਦ-ਬੂੰਦ ਨਾਲ ਸਾਗਰ ਭਰ ਕੇ ਛਲਕ ਰਿਹਾ ਸੀ। ਮੈਨੂੰ ਉਸਦੀ ਸਮਝਦਾਰੀ ਉੱਤੇ ਮਾਣ ਮਹਿਸੂਸ ਹੋਇਆ ਅਤੇ ਇਹ ਅਹਿਸਾਸ ਵੀ ਕਿ ਉਤੇਜਿਤ ਹੋ ਕੇ ਬੋਲਣ ਦੇ ਸੁਭਾਅ ਕਰਕੇ ਉਸਦੀ ਗਰਦਨ ਅੱਜ ਵੀ ਹਿਲਦੀ ਸੀ ਇਧਰ-ਉਧਰ ਹਿਲਦੀ ਤੇ ਕੰਬਦੀ ਗਰਦਨ ਵਾਲੀ ਡੀਸੂਜਾ ਜਿਸ ਦੀ ਨਕਲ ਕਰਨ ਨਾਲ ਸਾਡਾ ਕਾਫੀ ਮੰਨੋਰੰਜਨ ਹੋਇਆ ਕਰਦਾ ਸੀ।

‘‘ਪਰ ਐਨੇ ਸਾਰੇ ਪਾਪੜ ਖਾਏਗਾ ਕੌਣ ਮੇਰੇ ਮਤਲਬ ਹੈ...।’’

ਮਿਸ ਡੀਸੂਜਾ ਨੂੰ ਪਰਵਾਹ ਨਹੀਂ ਸੀ ਕਿ ਖਾਣ ਵਾਲਾ ਕੌਣ ਹੋਵੇਗਾ। ਕੋਈ ਵੀ ਖਾ ਲਵੇਗਾ ਅਜਿਹਾ ਜੁਵਾਬ ਦਿੰਦੇ ਸਮੇਂ ਉਸ ਨੇ ਇਹ ਗੱਲ ਜੋੜ ਦਿੱਤੀ ਕਿ ਆਉਣ ਜਾਣ ਵਾਲੇ ਮਹਿਮਾਨ ਖਾ ਲੈਣਗੇ। ਗੁਵਾਂਢੀ ਖਾਣਗੇ, ਸਕੂਲ ਦੇ ਕੁਝ ਸਾਥੀ ਅਤੇ ਇਕ ਮਾਲੀ, ਜਿਸ ਕੋਲੋ ਮੰਗ ਕੇ ਉਹ ਬੂਟਿਆ ਦੀਆਂ ਵਿਭਿੰਨ ਕਿਸਮਾਂ ਲਗਾਇਆ ਕਰਦੀ ਸੀ, ਉਹ... ਅਤੇ ਇਕ ਉਸ ਨੂੰ ਸ਼ਾਮ ਦੇ ਸਮੇਂ ਮਿਲਣ ਵਾਲਾ ਬੁੱਧੀਮਾਨ ਮਿੱਤਰ ਅਤੇ ਏਹੋ ਜਿਹੇ ਕੁਝ ਲੋਕ। ਬੂਟਿਆ ਦਾ ਜਿਕਰ ਕਰਨ ਉਪਰੰਤ ਉਹ ਉਨ੍ਹਾਂ ਨੂੰ ਦਿਖਾਉਣ ਲਈ ਬਹਿਬਲ ਹੋ ਗਈ। ਉਸਨੇ ਪੂਰੀ ਇਕਾਗਰਤਾ ਨਾਲ ਕਾਹਲੀ ਕਾਹਲੀ ਬਚੇ ਪਾਪੜ ਵੇਲ ਦਿੱਤੇ। ਇਸ ਦੌਰਾਨ ਮੇਰੀ ਹੋਂਦ ਇਕ ਤਰ੍ਹਾਂ ਮਨਫ਼ੀ ਕਰ ਦਿੱਤੀ। ਆਖਰੀ ਪਾਪੜ ਵੇਲਣ ਸਮੇਂ ਅਚਾਨਿਕ ਉਸ ਨੇ ਵੇਲਣ ਨੂੰ ਰੋਕਿਆ ਤੇ ਮੈਨੂੰ ਪੁੱਛ ਬੈਠੀ ਕਿ ਸਿਵਲ ਸਰਵਿਸ ’ਚ ਮੇਰੇ ਵਿਸ਼ੇ ਕਿਹੜੇ ਕਿਹੜੇ ਸਨ। ਮੇਰੇ ਮੂੰਹ ਦਾ ਸਵਾਦ ਕੌੜਾ ਹੋ ਗਿਆ। ਤੇ ਮੈਂ ਝਟ ਜਵਾਬ ਦੇ ਦਿੱਤਾ। ਮਿਸ ਡੀਸੂਜਾ ਨੇ ਜਵਾਬ ਸੁਣ ਲੈਣ ਤੱਕ ਵੇਲਣ ਰੋਕੀ ਰੱਖਿਆ ਅਤੇ ਸੁਣ ਕੇ ਫਿਰ ਬੋਲਣ ਲੱਗ ਪਈ। ਉਹ ਆਖਰੀ ਪਾਪੜ ਨੂੰ ਬਣਾ ਕੇ ਹੱਥ ਝਾੜਦੀ ਉੱਠ ਪਈ ਤੇ ਮੇਰੇ ਵੱਲ ਦੇਖਣ ਲੱਗ ਪਈ। ਇਹ ਇਸ਼ਾਰਾ ਸੀ ਕਿ ਮੈਂ ਵੀ ਉਹਦੇ ਪਿੱਛੇ ਉੱਠ ਕੇ ਤੁਰ ਆਉਣਾ ਹੈ। ਜਾਂਦੇ ਜਾਂਦੇ ਮੈਂ ਇਕ ਉਪਰੀ ਨਜ਼ਰ ਏਧਰ ਉਧਰ ਸੁੱਕ ਰਹੇ ਪਾਪੜ ਤੇ ।ਮੇਰੀ ਮਾਂ ਹੁੰਦੀ ਤਾਂ ! ਵੇਲ ਕੇ ਸੁੱਕਣੇ ਪਾ ਦੇਣ ਤੋਂ ਉਪਰੰਤ ਉਹਦਾ ਕੰਮ ਪੂਰਾ ਨਹੀਂ ਹੋਣਾ ਸੀ। ਸਭ ਨੂੰ ਚੰਗੀ ਤਰ੍ਹਾਂ ਪਾ ਕੇ ਵੇਲਣ ਚਕਲਾ ਸਾਫ ਕਰਕੇ ਮਾਂ ਆਪਣਾ ਕੰਮ ਪੂਰਾ ਕਰਦੀ। ਬਾਹਰਹਾਲ ਮਿਸ ਡੀਸੂਜਾ ਨੇ ਥੱਲੇ ਆ ਕੇ ਮੈਨੂੰ ਆਪਣੀ ਪੂਰੀ ਫੁਲਵਾੜੀ ਦਿਖਾਈ। ਹਰ ਇਕ ਪੌਦੇ ਨੂੰ ਪੂਰਾ ਸਮਾਂ ਦਿੱਤਾ। ਅਤੇ ਉਸ ਦੇ ਸੰਬਧ ’ਚ ਉਸ ਕੋਲ ਜਿੰਨੀ ਵੀ ਜਾਣਕਾਰੀ ਸੀ, ਉਸ ਨੂੰ ਇਮਾਨਦਾਰੀ ਤੇ ਬਿਨਾ ਫਰੇਬ ਨਾਲ ਮੈਨੂੰ ਦੇ ਦਿੱਤੀ। ਫਿਰ ਉਸ ਨੇ ਮੈਨੂੰ ਚਾਹ ਦੇ ਸੰਬੰਧ ’ਚ ਪੁੱਛਿਆ ਤੇ ਤੁਰੰਤ ਕਹਿ ਦਿੱਤਾ ਕਿ ਅਗਲੀ ਵਾਰ ਜਦ ਮੈਂ ਆਵਾਗਾ ਉਦੋਂ ਉਹ ਪਾਪੜ ਖਵਾਏਗੀ। ਹੁਣ ਮੇਰੇ ਜਵਾਬ ਲਈ ਕੋਈ ਥਾਂ ਹੀ ਨਹੀਂ ਸੀ। ਇਸ ਵਾਰ ਮੈਂ ਉਸ ਨੂੰ ਬੜਬੋਲਾ ਬੋਲਣ ਵਾਲੇ ਜੀਵ ਵਿਚ ਦੇਖਿਆ।

ਏਧਰ ਮੇਰੇ ਆਲੇ-ਦੁਆਲੇ ਦੇ ਗੁਵਾਂਢੀਆਂ ਨੇ ਆਪਣੀ ਚਮਕ ਖੋਹ ਲਈ ਸੀ। ਲੋਕਾਂ ਦੇ ਵਰਤਾਓ ’ਚ ਇਕ ਸਨਮਾਨ ਸੀ ਅਤੇ ਇਕ ਸਨਮਾਨ ਜਨਕ ਦੂਰੀ ਸੀ। ਕੋਈ ਗੱਲ ਨਹੀਂ ... ਵਰਗਾ ਹਵਾ-ਭਾਵ ਸੀ। ਉਹ ਮੈਨੂੰ ਇਕ ਮੌਕਾ ਹੋਰ ਦੇਣਾ ਚਾਹੁੰਦੇ ਸਨ। ਉਸ ਨੂੰ ਲੱਗਦਾ ਸੀ ਕਿ ਇਸ ਸਮੇਂ ਮੈਨੂੰ ਉਸਦੀ ਕਠੋਰਤਾ ਦੀ ਨਹੀਂ ਕੌਮਲਤਾ ਦੀ ਲੋੜ ਸੀ। ਪਤਾ ਨਹੀਂ ਕਿਓ ਸਾਰਾ ਕੁਝ ਮੈਨੂੰ ਨਕਲੀ ਜਿਹਾ ਲੱਗ ਰਿਹਾ ਸੀ। ਇੰਝ ਲੱਗਦਾ ਸੀ ਕਿ ਜਿਵੇਂ ਸਭ ਨੇ ਇਕ ਇਕ ਮਖੋਟਾ ਲਗਾਇਆ ਹੋਇਆ ਹੈ। ਜਿਸ ਦੇ ਪਿੱਛੇ ਕੋਈ ਹੋਰ ਚਿਹਰਾ ਹੈ। ਮਾਂ-ਪਿਤਾ ਜਾਂ ਮੇਰੀ ਅਸਫਲਤਾ ਉਪਰ ਖੁਦ ਆਪਣੇ ਆਪਣੇ ਮਨ ਦੇ ਕਟਿਹਰੇ ’ਚ ਆਪਣੇ ਆਪ ਨੂੰ ਖੜੇ ਪਾ ਰਹੇ ਸਨ। ਅਤੇ ਆਲੇ-ਦੁਆਲੇ ਦੇ ਗੁਵਾਂਢੀ, ਸਮਾਜ-ਸ਼ਹਿਰ ਹਮਉਮਰ, ਜਿਵੇਂ ਪਿੱਠ ਪਿੱਛੇ ਮੇਰੀ ਖਿੱਲੀ ਉਡਾ ਰਹੇ ਹੋਣ ਅਤੇ ਅਜਿਹੇ ਇਕਾਂਤ ’ਚ ਮੈਂ ਉਸ ਦਾ ਮੰਨੋਰੰਜਨ ਕਰ ਰਿਹਾ ਹੋਵਾ। ਜਿਵੇਂ ਕਦੀ ਮਿਸ ਡੀਸੂਜਾ ਸਾਡਾ ਮੰਨੋਰੰਜਨ ਕਰਿਆ ਕਰਦੀ ਸੀ। ਅਤੇ ਫਿਰ ਉਹੀ ਗੱਲ। ਉਹੀ ਮੋੜ ਮੈਨੂੰ ਖਿੱਚਣ ਲੱਗਦਾ, ਜਿੱਥੇ ‘ਤੇਰੀ ਉਮਰ ਕਿੰਨੀ ਹੋ ਗਈ ?’ ਅਤੇ ‘ਹੁਣ ਅੱਗੇ ਕੀ ਕਰਨਾ ਹੈ ?’ ਵਰਗੇ ਨੰਗੇ ਸਵਾਲ ਟੰਗੇ ਸੀ।

ਇਕ ਸ਼ਾਮ ਬੜੀ ਮੁਸ਼ਕਲ ਤਿੰਨ ਚਾਰ ਕਿਲੋਮੀਟਰ ਸੈਰ ਕਰਨ ਤੋਂ ਬਾਅਦ ਮੈਂ ਮਿਸ ਡੀਸੂਜਾ ਨੂੰ ਘੇਰ ਲਿਆ। ਉਹ ਬਿਨਾ ਅਰਾਮ, ਘੱਟ ਅਰਾਮ, ਅਰਾਮ ਆਦਿ ਸਭ ਨੂੰ ਨਜ਼ਰ ਅੰਦਾਜ਼ ਕਰਦੀ ਹੋਈ ਬੋਲੀ ਜਾ ਰਹੀ ਸੀ। ਏਧਰ ਦੂਜੇ ਪਾਸੇ ਇਕ ਆਦਮੀ ਸੀ ਜੋ ਸਿੱਧੇ ਤੁਰੇ ਜਾਂਦੇ ਥੱਲੇ ਦੇਖਦੇ ਹੋਏ ਤੁਰੇ ਜਾਂਦੇ ਸਨ। ਮੈਂ ਮਿਸ



ਡੀਸੂਜਾ... ਕਰਕੇ ਬਚਕਾਨਾ ਢੰਗ ਨਾਲ ਉਸ ਨੂੰ ਟੋਕਿਆ। ਉਨ੍ਹਾਂ ਨੇ ਸਿਰ ਝੁਕਾ ਕੇ ਹੱਸਦੇ ਹੋਏ ਸੰਤੁਸਟੀ ਪ੍ਰਗਟ ਕੀਤੀ, ਮੇਰੇ ਸੈਰ ਕਰਨ ਆਉਣ ਤੇ ਉਸ ਸੱਜਣ ਨਾਲ ਮੇਰੀ ਜਾਣ ਪਹਿਚਾਣ ਆਪਣੇ ਵਿਦਿਆਰਥੀ ਦੇ ਰੂਪ ’ਚ ਅਤੇ ਉਹਦੀ ਆਪਣੇ ਮਿੱਤਰ ਅਤੇ ਕਿੱਤੇ ਤੋਂ ਡਾਕਟਰਾ ਦੇ ਰੂਪ ’ਚ ਕਰਵਾਈ। ਹੁਣ ਅਹਿਸਾਸ ਹੋਇਆ ਕਿ ਮਿਸ ਡੀਸੂਜਾ ਬੋਲਦੀ ਹੋਈ ਬਹੁਤ ਜਿਆਦਾ ਹਫ਼ ਰਹੀ ਸੀ। ਡਾਕਟਰ ਨੇ ਗਹਿਰੀ ਨਜ਼ਰ ਨਾਲ ਮੈਨੂੰ ਦੇਖਿਆ। ਮੈਨੂੰ ਲੱਗਾ ਜਿਵੇਂ ਉਹ ਕੁਝ ਨੋਟ ਕਰ ਰਿਹਾ ਹੋਵੇ। ਹਲਾਂਕਿ ਉਹਦੇ ਹੱਥ ’ਚ ਕੋਈ ਪੈਨ-ਕਾਗਜ ਵਰਗੀ ਕੋਈ ਚੀਜ ਨਹੀਂ ਸੀ। ਦੋ-ਚਾਰ ਦਸ ਕਦਮ ਚੁਪਚਾਪ ਚੱਲਣ ਤੋਂ ਬਾਅਦ ਮਿਸ ਡੀਸੂਜਾ ਨੇ ਜਾਣ ਪਹਿਚਾਣ ਦਾ ਦੂਜਾ ਰਾਊਂਡ ਚਲਾਇਆ, ਜਿਸ ’ਚ ਮੈਨੂੰ ਸਿਵਲ ਸਰਵਸਿਜ ਦੇ ਮੋਰਚੇ ਉਪਰ ਸ਼ਹੀਦ ਹੋ ਚੁੱਕੇ ਬੇਰੋਜਗਾਰ ਦੇ ਰੂਪ ’ਚ ਪੇਸ਼ ਕੀਤਾ ਗਿਆ ਅਤੇ ਉਸ ਸੱਜਣ ਨੂੰ ਦੂਜਿਆ ਦੇ ਮਸਲਿਆ ’ਚ ਉਸਾਰੂ ਟਿੱਪਣੀ ਦੇਣ ਵਾਲਾ ਅਤੇ ਆਪਣੇ ਆਪ ਤੋਂ ਲਾਪਰਵਾਹ ਕਿਸੇ ਨਾ ਮੁਰਾਦ ਬਿਮਾਰੀ ਵਾਲੇ ਮਰੀਜ ਦੇ ਰੂਪ ’ਚ। ਇਸ ਵਾਰ ਮੈਂ ਡਾਕਟਰ ਦੇ ਵੱਲ ਨਹੀਂ ਦੇਖਿਆ। ਤੇ ਅੰਜਾਜਾ ਲਗਾਇਆ ਕਿ ਉਨ੍ਹਾਂ ਨੇ ਵੀ ਮੈਨੂੰ ਨਹੀਂ ਦੇਖਿਆ ਸੀ। ਕੁਝ ਦੂਰ ਫਿਰ ਚੱਲਣ ਤੋਂ ਬਾਅਦ ਲੰਮਾ ਸਾਹ ਛੱਡਦੇ ਹੋਏ ਮਿਸ ਡੀਸੂਜਾ ਨੇ ਕਿਹਾ ਕਿ ਇਸ ਦੁਨੀਆਂ ’ਚ ਕੋਈ ਵੀ ਸੁਖੀ ਨਹੀਂ ਹੈ। ਕੁਝ ਨੂੰ ਲੋਕੀ ਸੁਖੀ ਨਹੀਂ ਰਹਿਣ ਦਿੰਦੇ। ਅਤੇ ਕੁਝ ਆਪਣੇ ਆਪ ਨੂੰ ਸੁਖੀ ਨਹੀਂ ਰਹਿਣ ਦਿੰਦੇ। ਇਸ ਵਾਰ ਮੈਂ ਮਿਸ ਡੀਸੂਜਾ ਨੂੰ ਹੈਰਾਨੀ ਨਾਲ ਦੇਖਿਆ ਇਕ ਬੇ ਪਛਾਣ ਦੇ ਰੂਪ ਵਿਚ।

ਇਕ ਸਵੇਰ ਨੂੰ ਆਪਣੇ ਖੇਤਾਂ ਵਿੱਚ ਕੁੱਤਿਆ ਦੇ ਭੌਂਕਣ ਨਾਲ ਮੇਰੀ ਨੀਂਦ ਉਖੜ ਗਈ। ਘੜੀ ਦੇਖੀ ਤਾਂ ਪੰਜ ਵੱਜੇ ਸਨ। ਮੈਂ ਉਸਲਵੱਟੇ ਲੈ ਕੇ ਸੌਣ ਲੱਗਾ ਪਰ ਸਾਹਮਣੇ ਵਾਲੀ ਤਾਕੀ ਉਪਰ ਪਰਦੇ ਨਹੀਂ ਸਨ ਮੈਂ ਉੱਚਾ ਹੋ ਕੇ ਇਕ ਧੋਤੀ ਟੰਗ ਦਿੱਤੀ ਤਾਕੀ ਉਤੇ। ਪਰ ਨਾਕਾਬੰਦੀ ਦਾ ਹੱਲ ਸੋਚਣ ਅਤੇ ਭਲਾ ਉਸ ਨੂੰ ਪੂਰਾ ਕਰ ਦੇਣ ਵਾਲੇ ਆਦਮੀ ਕੋਲ ਨੀਂਦ ਦਾ ਕਿੰਨਾ ਕੁ ਤੱਤ ਬਚਿਆ ਰਹਿ ਸਕਦਾ ਹੈ। ਮੈਨੂੰ ਹਾਰ ਕੇ ਜਾਗਣਾ ਪਿਆ। ਮਾਰਨਿੰਗ ਵਾਕ ਵਿਚ ਮੇਰਾ ਯਕੀਨ ਨਹੀਂ ਸੀ। ਮੈਂ ਉਸ ਮਾਹੌਲ ’ਚ ਰਹਿਣ ਦਾ ਆਦੀ ਸੀ। ਜਿਥੇ ਦਿਨ ਤੇ ਰਾਤ ਦੇਰੀ ਨਾਲ ਸ਼ੁਰੂ ਹੁੰਦੇ ਹਨ। ਬਹਰਹਾਲ ਉਸ ਦਿਨ ਮੈਂ ਸੈਰ ਕਰਨ ਨਿਕਲ ਗਿਆ। ਨਿਕਲਿਆ ਤਾਂ ਕਾਫੀ ਦੂਰ ਤੱਕ ਪਹੁੰਚ ਗਿਆ। ਸ਼ਹਿਰ ਦੀ ਇਕ ਪੱਧਰੀ ਥਾਂ ਦੇ ਕੋਲ ਮੈਨੂੰ ਡਾਕਟਰ ਦਿਸ ਪਿਆ। ਅੱਧੀ ਪੈਂਟ, ਟੀ-ਸਰਟ, ਚਿੱਟੀ ਜੁੱਤੀ। ਡਾਕਟਰ ਤੇਜ਼ ਤੇਜ਼ ਚੱਲ ਰਿਹਾ ਸੀ। ਪੂਰੀ ਮਸਤੀ ਵਿਚ। ਮੈਂ ਆਵਾਜ਼ ਦਿੱਤੀ ਤਾਂ ਉਹ ਰੁਕ ਗਿਆ। ਪਰ ਉਸ ਦੇ ਚਿਹਰੇ ਉੱਤੇ ਕਿਸੇ ਤਰ੍ਹਾਂ ਦੀ ਪ੍ਰਸੰਨਤਾ ਨਹੀਂ ਝਲਕੀ। ਡਾਕਟਰ ਦੀ ਉਮਰ 65 ਤੋਂ ਉਪਰ ਦੀ ਹੋਵੇਗੀ। ਉਸ ਦੇ ਮੂੰਹ ਉਪਰ ਮੈਂ ਉਸ ਨੂੰ ‘ਆਪ’ ਕਹਿ ਲੈਂਦਾ ਸੀ। ਪਰ ਮਨ ਹੀ ਮਨ ਮਿਸ ਡੀਸੂਜਾ ਦੀ ਤਰਜ਼ ਤੇ ਉਸ ਨੂੰ ‘ਤੂੰ’ ਹੀ ਸੰਬੋਧਤ ਕਰਦਾ ਸੀ। ਹਾਂ ਇਹ ਵੀ ਇਕ ਗੱਲ ਸੀ ਅਜੇ ਤੱਕ ਮੈਂ ਉਸ ਨਾਲ ਵਧੇਰੇ ਗੱਲਾਂ ਮਨ ਹੀ ਮਨ ’ਚ ਕੀਤੀਆਂ ਸਨ। ਪਰ ਅੱਜ ‘ਆਪ’ ਕਹਿਣ ਦਾ ਕੁਝ ਮੌਕਾ ਮਿਲਣ ਵਾਲਾ ਸੀ। ਸਾਇਦ ।ਹਾਂ ਤਾਂ ਡਾਕਟਰ ਇਸ ਉਮਰ ’ਚ ਵੀ ਹੱਟਾ-ਕੱਟਾ ਦਿਸਦਾ ਸੀ। ਅੰਦਰੋਂ ਚਾਹੇ ਸ਼ਰੀਰ ਦੀ ਜੋ ਵੀ ਹਾਲਤ ਹੋਵੇ। ਡਾਕਟਰ ਨੇ ਮੈਨੂੰ ਰੁੱਖਾ ਜਿਹਾ ਹੈਲੋ ਕਿਹਾ। ਅਤੇ ਵਾਪਸ ਚਲੇ ਗਿਆ। ਮੈਂ ਵੀ ਨੱਠ ਕੇ ਉਹਦੇ ਨਾਲ ਰਲ਼ ਗਿਆ। ਅਸੀਂ ਮੈਦਾਨ ਦੇ ਦੋ ਚੱਕਰ ਲਗਾਏ। ਫਿਰ ਸੀਮੈਂਟ ਦੇ ਇਕ ਚਬੂਤਰੇ ਦੇ ਕੋਲ ਕੁਝ ਪਲ ਰੁਕ ਕੇ ਡਾਕਟਰ ਨੇ ਮੈਨੂੰ ਬੈਠਣ ਦਾ ਇਸ਼ਾਰਾ ਕੀਤਾ। ਮੈਂ ਬੈਠਦੇ ਸਾਰ ਹੀ ਗਰਮ ਜੋਸ਼ੀ ਨਾਲ ਪੁੱਛਿਆ ‘ਮਿਸ ਡੀਸੂਜਾ ਸਵੇਰੇ ਸੈਰ ਕਰਨ ਨਹੀਂ ਆਉਂਦੀ ?’ ‘ਨਹੀਂ ਇਸ ਸਮੇਂ ਉਹ ਸੰਗੀਤ ਦਾ ਰਿਆਜ਼ ਕਰਦੀ ਹੈ।’’

ਮੇਰੇ ਮੂੰਹ ਚੋਂ ਫੱਕ ਦੇਣੀ ਹੱਸਣ ਦਾ ਠਹਾਕਾ ਨਿਕਲਦਿਆ-ਨਿਕਲਦਿਆ ਰਹਿ ਗਿਆ। ਡਾਕਟਰ ਗੰਭੀਰ ਸੀ। ਮੇਰੇ ਕੋਲ ਮਿਸ ਡੀਸੂਜਾ ਦੀ ਇਕ ਤਸਵੀਰ... ਗਲ਼ਾ ਪਾੜਦਿਆ ਅਤੇ ਅੱਖਾਂ ਮੀਟੀ ਹੋਈ... ਆਈ ਤੇ ਤੁਰੰਤ ਨਿਕਲ ਗਈ। ਬਰਦਾਸਤ ਤੋਂ ਬਾਹਰ। ਮੈਂ ਆਪਣੀ ਖੱਬੀ ਲੱਤ ਦੇ ਪੱਟ ਤੇ ਹੱਥ ਮਾਰ ਕੇ ਆਪਣਾ ਹਾਸਾ ਰੋਕਿਆ ਅੰਤ ਆਪਣੇ ਆਪ ਨੂੰ ਕਾਬੂ ਕੀਤਾ।

ਮਿਸ ਡੀਸੂਜਾ ਸੰਗੀਤ ਜਾਣਦੀ ਹੈ? ਮੇਰਾ ਭਾਵ ਹੈ ਕਿ ਉਸ ਨੇ ਸਿੱਖਿਆ ਹੈ?’

‘ਨਹੀਂ ਕੈਸੇਟ ਨੂੰ ਸੁਣ ਕੇ ਗਾਉਂਦੀ ਹੈ।’’

ਡਾਕਟਰ ਨੂੰ ਭੋਰਾ ਵੀ ਹਾਸਾ ਨਹੀਂ ਆ ਰਿਹਾ ਸੀ। ਮੈਂ ਗੰਭੀਰ ਬਣਦੇ ਹੋਏ ਕਿਹਾ, ‘ਮਿਸ ਡੀਸੂਜਾ ਦੇ ਪਰਿਵਾਰ ਦਾ ਕੋਈ ਦੂਰ ਨੇੜਿਓ ਰਿਸ਼ਤੇਦਾਰ ਵੀ ਨਹੀਂ ਹੈ? ਇਸ ਉਮਰ ’ਚ .... ਮੇਰਾ ਭਾਵ ਹੈ ਇਸ ਤਰ੍ਹਾਂ ਇੱਕਲੇ ਰਹਿਣ ਨਾਲ ਇਕੱਲਾਪਨ ਨਹੀਂ ਲੱਗਦਾ ਹੋਵੇਗਾ। ਕਿਸੇ ਪਰਿਵਾਰਕ ਮੈਂਬਰ ਨੂੰ ਤਾਂ ਰੱਖਿਆ ਜਾ ਸਕਦਾ ਹੈ ਨਾਲ। ਕੀ ਉਸ ਦਾ ਹੋਰ ਕੋਈ ਰਿਸ਼ਤੇਦਾਰ ਨਹੀਂ ਹੈ ?’’

“ਮੈਂ ਕਦੀ ਪੁੱਛਿਆ ਹੀ ਨਹੀਂ ” ਡਾਕਟਰ ਦਾ ਇਕ ਦਮ ਖਰਾਬ ਮੂਡ ਹੋ ਗਿਆ।

ਗੁੱਸੇ ’ਚ ਬੋਲ ਗਿਆ, “ਮੈਨੂੰ ਕਿਸੇ ਨੂੰ ਇਹੋ ਜਿਹੇ ਨਿੱਜੀ ਸਵਾਲ ਕਰਨਾ ਉਸ ਦੇ ਨਾਲ ਆਨਿਆ ਕਰਨ ਵਾਂਗ ਲੱਗਦਾ ਹੈ।”

ਮੈਂ ਡਾਕਟਰ ਨੂੰ ਮਨ ਹੀ ਮਨ ਦੋ-ਤਿੰਨ ਗਾਲ਼ਾ ਕੱਢੀਆਂ ਆਪਣੀ ਖੋਜ-ਖਬਰ ਜਾਰੀ ਰੱਖੀ, ‘ਮੇਰਾ ਭਾਵ ਸੀ ਕਿ ਵੱਡੇ ਸ਼ਹਿਰ ਵਿੱਚ ਤਾਂ ਇਹ ਸਭ ਕੁਝ ਚੱਲਦਾ ਹੈ। ਲੋਕ ਇੱਕਲੇ ਰਹਿੰਦੇ ਹਨ। ਪਰ ਇਸ ਛੋਟੇ ਜਿਹੇ ਕਸਬੇ ’ਚ ਸ਼ਹਿਰ ਵੀ ਨਹੀਂ ਇਹ ਤਾਂ ਕਸਬਾ ਹੀ ਹੈ ਨਾ !”

“ਸ਼ਹਿਰ ਇਨਸਾਨ ਦੇ ਮਨ ਤੋਂ ਬਾਹਰ ਨਹੀਂ ਹੁੰਦਾ। ਜੇਕਰ ਮਨ ਵੱਡਾ ਹੋਵੇ ਤਾਂ ਥਾਂ ਛੋਟੀ ਜਾਂ ਵੱਡੀ ਕੋਈ ਅਰਥ ਨਹੀਂ ਰੱਖਦੀ।”

ਮੈਨੂੰ ਝਟਕਾ ਲੱਗਿਆ। ਕਿੱਤੇ ਇਨ੍ਹਾਂ ਦੋਹਾਂ ’ਚ ਕੋਈ ਚੱਕਰ ਤਾਂ ਨਹੀਂ ਚੱਲ ਰਿਹਾ। ਮੈਂ ਮੂੰਹ ਮਰੋੜਿਆ। ਮਿਸ ਡੀਸੂਜਾ ਕਿਨੇ ਕੁ ਸਾਲਾਂ ਦੀ ਹੋਵੇਗੀ? ਪੰਜਾਹ ਪੰਚਵੰਜਾ। ‘ਤੁਸੀਂ ਮਿਸ ਡੀਸੂਜਾ ਨੂੰ ਕਿਨੇ ਸਾਲ ਤੋਂ ਜਾਣਦੇ ਹੋ?”

ਜਾਣਦਾ ਤਾਂ ਸੀ ਵੀਹ ਪੰਛੀ ਸਾਲਾਂ ਤੋਂ ਪਰ ਸਾਡੀ ਦੋਸਤੀ ਸੈਰ ਕਰਦਿਆ ਹੋਈ। ”

ਡਾਕਟਰ ਮੇਰੇ ਲਿਜਲਿਜੇ ਸਵਾਲ ਤੋਂ ਖਿਝਣ ਲੱਗ ਪਿਆ ਤੇ ਏਥੇ ਹੀ ਮਾਰ ਖਾ ਗਿਆ। ਮੇਰੇ ਹੱਥਾਂ ਦਾ ਸਹਾਰਾ ਉਸ ਨੂੰ ਮਜਬੂਰਨ ਲੈਣਾ ਪਿਆ ਉੱਠਣ ਦੇ ਲਈ। ਉੱਠ ਕੇ ਉਸ ਨੇ ਕਿਹਾ, “ਬਸ ਬੈਠ ਜਾਂਦਾ ਹਾਂ ਤਾਂ ਜਲਦੀ ਉੱਠਿਆ ਨਹੀਂ ਜਾਂਦਾ। ਗੋਢੇ ਕੰਮ ਤੋਂ ਜੁਵਾਬ ਦੇ ਰਹੇ ਹਨ।”

ਡਾਕਟਰ ਨੂੰ ਮੈਂ ਪਹਿਲੀ ਵਾਰ ਮੂੰਹ ’ਚ ਹੱਸਦੇ ਹੋਏ ਦੇਖਿਆ, ਉਸ ਦੇ ਦੰਦ ਠੀਕ ਸੀ ਤੇ ਮੁਸਕਰਾਹਟ ’ਚ ਬਚਪਨਾ ਸੀ।

ਉਸ ਸ਼ਾਮ ਮਿਸ ਡੀਸੂਜਾ ਦੇ ਘਰ ਪਹੁੰਚਿਆ ਤਾਂ ਵੱਖਰਾ ਦ੍ਰਿਸ਼ ਦੇਖਿਆ। ਦਰਵਾਜਾ ਖੁੱਲ੍ਹਾ ਸੀ ਅਤੇ ਮਿਸ ਡੀਸੂਜਾ ਬਾਹਰ ਵਾਲੇ ਕਮਰੇ ’ਚ ਹੀ ਬਿਸਤਰੇ ’ਤੇ ਲੰਮੀ ਪਈ ਸੀ।

“ਓ... ਹੋ ਕੀ ਹੋਇਆ ਮਿਸ ਡੀਸੂਜਾ...।” ਮੇਰੀ ਗੱਲ ਅਜੇ ਪੂਰੀ ਹੁੰਦੀ ਕਿ ਨਜ਼ਰਾਂ ਉਸ ਦੇ ਪੈਰਾਂ ਵੱਲ ਗਈਆਂ। ਇਹ ਪੈਰ ਤਾਂ ਬਹੁਤ ਸੁੱਜਾ ਹੋਇਆ ਸੀ ਅਤੇ ਉਸ ਉੱਤੇ ਕੁਝ ਲੇਪ ਜਿਹਾ ਲਗਾਇਆ ਹੋਇਆ ਸੀ।

“ਓ ... ਹੋ ਕਿਵੇਂ ਹੋ ਗਿਆ ?”

ਮਿਸ ਡੀਸੂਜਾ ਦੀ ਸ਼ਕਲ ਇਕਦਮ ਮੁਰਝਾਈ ਹੋਈ ਸੀ। ਪਰ ਸਵਾਲ ਸੁਣ ਕੇ ਉਸ ਉੱਤੇ ਅਜਿਹੀ ਚਮਕ ਆਈ। ਉਸ ਨੇ ਦੱਸਣਾ ਸ਼ੁਰੂ ਕੀਤਾ ਕਿ ਉਹ ਕਿਵੇਂ ਬੂਟਿਆ ਨੂੰ ਨਵੀਂ ਸ਼ਕਲ ਦਿੰਦੀ ਸੀ। ਗਮਲਿਆ ਨੂੰ ਰੰਗ ਕੀਤਾ ਸੁਕਾਏ। ਅਤੇ ਫਿਰ ਛੱਤ ’ਤੇ ਪਾਇਪ ਲੈਣ ਗਈ, ਉਸ ’ਚ ਪਾਣੀ ਪਾਉਣ ਦੇ ਲਈ ਤੇ ਪੌੜੀਆ ਉੱਤੇ ...।” ਇਹ ਮਰਹਮ ਪੱਟੀ ਕਿਸ ਕੀਤੀ?”

ਮਿਸ ਡੀਸੂਜਾ ਦੇ ਹੱਥ ਫਿਰ ਇਕ ਚੰਗਾ ਵਿਸ਼ਾ ਲੱਗਾ। ਉਸ ਨੇ ਦੱਸਿਆ ਕਿ ਲੇਪ ਵਿਚ ਕਿਹੜੀ ਕਿਹੜੀ ਚੀਜ ਪਾਈ ਸੀ ਅਤੇ ਉਸ ਨਾਲ ਕਿਹੜੇ ਲਾਭ ਹਨ... ਆਦਿ ਆਦਿ।

“ਤਾਂ ਤੁਸੀਂ ਖੁਦ ਹੀ ਕੀ ਇਹ ਸਾਰਾ ਕੁਝ ?”

ਮਿਸ ਡੀਸੂਜਾ ਇਕ ਦਮ ਅਸਾਹਿਜ ਹੋ ਗਈ ਤੇ ਮੈਨੂੰ ਜਲਦੀ ਜਲਦੀ ਦੱਸਣ ਲੱਗ ਪਈ। ਦਿਨ ਦਾ ਖਾਣਾ ਅੱਧਾ ਤਾਂ ਬਚਿਆ ਹੀ ਸੀ। ਬੂਟਿਆ ਦੇ ਚੱਕਰ ’ਚ ਪੈ ਕੇ ਖਾਧਾ ਵੀ ਨਹੀਂ ਗਿਆ। ਮੇਰੀ ਇੱਛਾ ਹੋਈ ਕਿ ਮੈਂ ਰਸੋਈ ’ਚ ਜਾ ਕੇ ਪੜਤਾਲ ਕਰਾ ਮਿਸ ਡੀਸੂਜਾ ਦੀਆਂ ਗੱਲਾਂ ਪਰ ਮਿਸ ਡਿਸੂਜਾ ਦੇ ਚਿਹਰੇ ਉੱਤੇ ਕੁਝ ਅਜਿਹਾ ਭਾਵ ਸੀ ਕਿ ਮੇਰੇ ਕਦਮ ਚੱਲੇ ਨਹੀਂ। ਉਸਦੀ ਅਸਹਿਜਤਾ ਨੇ ਮੈਨੂੰ ਕਿਤੇ ਨਾ ਕਿਤੇ ਅਸਹਿਜ ਕਰ ਦਿੱਤਾ। ਉਸ ਨੇ ਜਿਸ ਇਕਾਂਤ ਅਤੇ ਉਹਲਾ ਹੋਣ ਤੇ ਮੈਂ ਡਾਕਟਰ ਦੇ ਸਾਹਮਣੇ ਵਾਰ ਵਾਰ ਸੰਨ ਲਗਾਉਣਾ ਚਾਹੁੰਦਾ ਸੀ, ਉਸ ਇਕਾਂਤ ਨੂੰ ਜਿਸ ਤਰ੍ਹਾਂ ਉਹ ਸੀ, ਉਸ ਤਰ੍ਹਾਂ ਦਾ ਬਣਿਆ ਰਹਿਣ ਦੀ ਭਾਵਨਾ ਨਾਲ ਮੈਂ ਉਠ ਪਿਆ। ਮੈਂ ਉਸ ਤੋਂ ਆਗਿਆ ਲਈ ਅਤੇ ਬਾਹਰ ਨਿਕਲ ਗਿਆ। ਅਚੇਤ ਰੂਪ ’ਚ ਮੈਂ ਮਿਸ ਡੀਸੂਜਾ ਨੂੰ ਇਕ ਅਜਿਹੇ ਅਨਾੜੀ ਅਦਾਕਾਰ ਦੇ ਰੂਪ ’ਚ ਦੇਖਿਆ , ਜਿਸ ਦੇ ਪ੍ਰਭਾਵ ਮਨ ਨੂੰ ਲਕੋਣ ਦੀ ਕੋਸ਼ਿਸ਼ ਵਿਚ ਸੀ ਪਰ ਉਹਦੀਆਂ ਹੋਰ ਗੱਲਾਂ ਮੇਰੇ ਦਿਮਾ.ਗ ’ਚ ਘੁੰਮ ਦੀਆਂ ਰਹੀਆਂ। ਇਕ ਦੂਜੇ ਦੇ ਇਕਾਂਤ ਨੂੰ ਨਾ ਛੂਹਣਾ ਹੀ ਮਿੱਤਰਤਾ ਨੂੰ ਕਾਇਮ ਰੱਖਣ ਦਾ ਮੂਲਮੰਤਰ ਹੈ ਕੀ !



ਅਗਲੀ ਸਵੇਰ ਮੈਨੂੰ ਸ਼ਹਿਰ ਦੇ ਬਾਹਰ ਦੋ ਦਿਨ ਦੇ ਲਈ ਜਾਣਾ ਪਿਆ। ਰਿਸ਼ਤੇਦਾਰ ਦੇ ਘਰ ਹਾਜਰੀ ਦੇਣੀ ਸੀ। ਪਰਤ ਕੇ ਆਉਂਦਿਆ ਹੀ ਮੈਂ ਮਿਸ ਡੀਸੂਜਾ ਦੇ ਘਰ ਪਹੁੰਚਿਆ। ਉਹ ਪੂਰੀ ਤਰ੍ਹਾਂ ਠੀਕ ਸੀ। ਬਿਨਾ ਬੁਲਾਏ ਆਇਆ ਸੀ. ਪਰ ਮਿਸ ਡੀਸੂਜਾ ਨੇ ਇਵੇਂ ਮੇਰਾ ਸਤਿਕਾਰ ਕੀਤਾ ਜਿਵੇਂ ਉਸ ਨੇ ਮੈਨੂੰ ਸੱਦਾ ਦਿੱਤਾ ਹੋਵੇ। ਡਾਕਟਰ ਉਥੇ ਪਹਿਲਾ ਹੀ ਬੈਠਾ ਹੋਇਆ ਪਾਪੜ ਖਾਈ ਜਾ ਰਿਹਾ ਸੀ। ਉਸ ਨੇ ਮਸ਼ੀਨੀ ਢੰਗ ਨਾਲ ਰੁੱਖਾ ਜਿਹਾ ਮੈਨੂੰ ਜੀ ਆਇਆ ਕਿਹਾ। ਮਿਸ ਡੀਸੂਜਾ ਮੇਰੇ ਉੱਤੇ ਆਪਣਾ ਪਿਆਰ ਵੀ ਲੁਟਾਉਣ ਲੱਗ ਪਈ। ਮੈਂ ਉਸ ਨੂੰ ਕਮਜੋਰ ਜਿਹਾ ਨਜ਼ਰ ਆ ਰਿਹਾ ਸੀ। ਮੈਨੂੰ ਚੰਗਾ ਲਗ ਰਿਹਾ ਸੀ। ਡਾਕਟਰ ਨੂੰ ਜਿਵੇਂ ਰੰਗ ’ਚ ਭੰਗ ਪੈ ਗਿਆ ਲੱਗਾ ਉਹ ਮੇਰੇ ਵਾਪਸ ਪਰਤਣ ਦੀ ਤਰੀਕ ਦੀ ਪੜਤਾਲ ਕਰਨ ਲੱਗਾ। ਮੈਂ ਇਕ ਉਂਝ ਹੀ ਝੂਠੀ ਤਰੀਕ ਦੱਸ ਦਿੱਤੀ ਜਿਹੜੀ ਮਹੀਨੇ ਬਾਅਦ ਆਉਣੀ ਸੀ। ਮਿਸ ਡੀਸੂਜਾ ਚੌਂਕ ਪਈ। ਉਨ੍ਹਾਂ ਦਿਨਾਂ ਵਿਚ ਮੇਰੀ ਪੜ੍ਹਾਈ ਦਾ ਖਰਚਾ ਤਾਂ ਹੁੰਦਾ ਰਹਿੰਦਾ ਸੀ। ਉਸ ਨੇ ਮੇਰੇ ਉਥੇ ਰਹਿਣ ਤੇ ਆਉਣ ਵਾਲੇ ਬਹੁਤ ਸਾਰੇ ਖਰਚੇ ਦਾ ਮੂੰਹ ਬੰਦ ਕਰ ਦੇਣ ਵਾਲੇ ਰੁਪਏ ਦਾ ਜਿਕਰ ਕੀਤਾ। ਡਾਕਟਰ ਨੇ ਤੁਰੰਤ ਹਿਸਾਬ ਲਾ ਕੇ ਇਹ ਸਿੱਟਾ ਕੱਢ ਦਿੱਤਾ ਕਿ ਉਹੀ ਪੜ੍ਹਾਈ ਇਥੇ ਰਹਿ ਕੇ ਕੀਤੀ ਜਾਵੇ ਤਾਂ ਖਰਚ ਨੂੰ ਇਕ ਤਿਹਾਈ ਤੱਕ ਘੱਟ ਕੀਤਾ ਜਾ ਸਕਦਾ ਹੈ। ਮੈਨੂੰ ਲੱਗਾ ਕਿ ਮਿਸ ਡੀਸੂਜਾ ਨੇ ਜਾਣਬੁੱਝ ਕੇ ਅੱਖਾਂ ਫੈਲਾਉਣ ਦੀ ਸੀਮਾਂ ਤੱਕ ਫੈਲਾਈਆ। ਅਜਿਹਾ ਕਰਦਿਆ ਉਹ ਚੰਗੀ ਨਹੀਂ ਲੱਗੀ ਮੈਨੂੰ । ਤਾਂ ਉਦੋਂ ਹੀ ਉਸ ਨੇ ਅੱਖਾਂ ਸਥਿਰ ਕਰ ਲਈਆ। ਤੇ ਪੁੱਛਿਆ ਕਿ ਪਾਪੜ ਕਿਸ ਤਰ੍ਹਾਂ ਦੇ ਬਣੇ ਹਨ ? ਬਹੁਤ ਕੁਝ ਸਹਿ ਕੇ ਵੀ ਉਨ੍ਹਾਂ ਦੀ ਤਾਰੀ.ਫ ਕੀਤੀ। ਉਹ ਸੱਚੀ ਮੁੱਚੀ ਖੁਸ਼ ਹੋ ਗਈ। ਉਸ ਨੇ ਗਰਦਨ ਹਿਲਾ ਹਿਲਾ ਕੇ ਦੱਸਣਾ ਸ਼ੁਰੂ ਕੀਤਾ ਕਿ ਕਿਵੇਂ ਬਿਰਤੀ ਇਕ ਪਾਸੇ ਲਾ ਕੇ ਕੰਮ ਕੀਤਾ ਜਾਂਦਾ ਹੈ, ਇਸ ਨਾਲ ਉਸ ਦਾ ਸ.ਫਰ ਹੋਣਾ ਪੱਕਾ ਹੀ ਹੈ। ਫਿਰ ਉਸ ਨੇ ਗਿਰਗਿਟ ਵਾਂਗ ਰੰਗ ਬਦਲਿਆ ਕਿ ਮੈਂ ਐਮ. ਏ. ਦੀ ਥਾਂ ਕਿਸੇ ਮਾਨਤਾ ਪ੍ਰਾਪਤ ਪ੍ਰਾਈਵੇਟ ਸੰਸਥਾਂ ਤੋਂ ਐਮ. ਬੀ. ਏ. ਜਾਂ ਅਜਿਹੀ ਕੋਈ ਹੋਰ ਵਿਸ਼ੇ ਵਾਲੀ ਡਿਗਰੀ ਕਿਓ ਨਹੀਂ ਲੈ ਕੇ ਇਕ ਹਮਦਰਦ ਦੀ ਭੂਮਿਕਾ ਨਿਭਾਉਂਦਿਆ ਮੈਨੂੰ ਕੁਝ ਚੰਗੀਆ ਸੰਸਥਾਵਾਂ , ਉਨ੍ਹਾਂ ਦੇ ਦਾਖਲੇ ਦੇ ਢੰਗ ਤਰੀਕੇ ਆਦਿ ਦੱਸਣ ਲੱਗ ਪਈ। ਦੱਸਦੀ ਦੱਸਦੀ ਅਚਾਨਿਕ ਉਹਦੀਆਂ ਅੱਖਾਂ ’ਚ ਚਮਕ ਆ ਗਈ- ਪੱਤਰਕਾਰੀ ! ਉਸ ਨੇ ਕਿਹਾ ਕਿ ਮੈਂ ਇਹ ਵੀ ਕਰ ਸਕਦਾ ਹਾਂ।

ਮੈਂ ਇਕ ਹ.ਫਤੇ ਤੱਕ ਉਸ ਨੂੰ ਮਿਲਿਆ ਨਹੀਂ। ਜਾਣ-ਬੁੱਝ ਕੇ। ਮੇਰਾ ਮਨ ਉਖੜ ਗਿਆ ਸੀ। ਮੈਂ ਸ਼ਹਿਰ ਛੱਡ ਕੇ ਵਾਪਸ ਜਾਣ ਦਾ ਮਨ ਬਣਾ ਲਿਆ। ਹਰ ਸਮੇਂ ਆਪਣੇ ਲਈ ਇਕ ਮੋਟੀ ਸਾਰੀ ਗਾਲ੍ਹ ਲੱਭਦਾ ਰਹਿੰਦਾ। ਉਹ ਜਿਹੜੀ ਮੇਰੇ ਉੱਤੇ ਆ ਕੇ ਲੱਗ ਜਾਵੇ। ਸਹੀ ਸਥਾਨ ’ਤੇ। ਸਹੀ ਤਰੀਕੇ ਨਾਲ। ਆਪਣੀ ਬੇਇੱਜਤੀ ਕਰਵਾਉਣ ਕਿਓ ਜਾਂਦਾ ਸੀ ਮੈਂ ਵਾਰ ਵਾਰ। ਜਦ ਮੈਂ ਚੰਗੀ ਤਰ੍ਹਾਂ ਜਾਣ ਗਿਆ ਸੀ ਕਿ ਲਾਲ ਵਾਲ਼ਾ ਵਾਲੀ ਉਹ ਖਚਰੀ ਬੁੱਢੀ ਔਰਤ ਮੈਨੂੰ ਜ਼ਲੀਲ ਕਰਨ ਦਾ ਇਕ ਵੀ ਮੌਕਾ ਨਹੀਂ ਗਵਾਉਣਾ ਚਾਹੁੰਦੀ ਸੀ। ਮੇਰੇ ਅੰਦਰ ਇਕ ਸਖਤ ਕਿਸਮ ਦਾ ਉਸ ਦਾ ਵਿਰੋਧ ਕਰਨ ਵਾਲਾ ਸ਼ਬਦ ਕਰਵਟ ਲੈਣ ਲੱਗ ਪਿਆ। ਉਸ ਨੂੰ ਮਜਾ ਦੇਣਾ ਹੀ ਚਾਹੀਦਾ ਹੈ। ਜੀਵਨ ਦੇ ਸਭ ਤੋਂ ਕਮਜ਼ੋਰ ਪੱਖ ਉੱਤੇ ਹੀ ਟਿੱਕਿਆ ਹੋਇਆ ਹੈ। ਸੰਤਾਪ ! ਨਾ ਅੱਗੇ ਕੁਝ ਨਾ ਪਿੱਛੇ ਕੁਝ। ਕੋਈ ਪਿੱਛੋਂ ਰੋਣ ਵਾਲਾ ਵੀ ਨਹੀਂ। ਨਾ ਸ਼ਕਲ ਨਾ ਸੂਰਤ। ਏਧਰ ਉਧਰ ਝੂਲਦੀ ਗਰਦਨ ਝੱਲਿਆ ਵਾਲੀਆ ਹਰਕਤਾਂ ਲੋਕ ਬਿਰਧ ਉਮਰ ਦੇ ਲਿਹਾਜ ਨਾਲ ਚੁੱਪ ਕਰ ਜਾਂਦੇ ਤੇ ਉਹ ਸ਼ੇਰ ਬਣੀ ਫਿਰਦੀ ਰਹਿੰਦੀ । ਮੈਂ ਆਪਣੀਆਂ ਦਸ ਉਂਗਲਾ ਹੱਥਾਂ ਦੀਆਂ, ਦਸ ਪੈਰਾਂ ਦੀਆਂ ਮਰੋੜੀਆਂ ਉਨ੍ਹਾਂ ਦੇ ਤਿੱਖੇ ਨੌਂਹ ਪਰਖੇ ਤਾਂ ਜਾ ਪਹੁੰਚਿਆ ਉਸ ਦੇ ਘਰ।

ਮਿਸ ਡੀਸੂਜਾ ਕੇ ਘਰ ਦਾ ਦਰਵਾਜਾ ਨਾ ਖੁੱਲਾ ਸੀ ਨਾ ਬੰਦ ਲੱਗਦਾ ਸੀ ਜਿਵੇਂ ਕਿਸੇ ਨੇ ਦੋਵੇਂ ਪੱਲੇ ਜੋੜ ਕੇ ਭੇੜ ਦਿੱਤੇ ਹੋਣ ਸਾਵਧਾਨੀ ਨਾਲ। ਬਸ। ਘੰਟੀ ਵਜਾਈ ਤਾਂ ਆਵਾਜ਼ ਨਹੀਂ ਹੋਈ। ਬਿਜਲੀ ਬੰਦ ਹੋਵੇਗੀ ਜਾਂ ਤਾਰ ਟੁੱਟ ਗਈ ਹੋਵੇਗੀ। ਮੈਂ ਹਲਕਾ ਜਿਹਾ ਦਰਵਾਜਾ ਖੜਕਾਇਆ ਤਾਂ ਕਿ ਆਵਾਜ਼ ਸੁਣੇ ਤੇ ਦਰਵਾਜਾ ਵੀ ਖੁੱਲ੍ਹੇ ਨਾ। ਫਿਰ ਵੀ ਕੁਝ ਨਹੀਂ ਹੋਇਆ ਫਿਰ ਮੈਂ ਲੋਹੇ ਦੀ ਮੁੰਦਰੀ ਨਾਲ ਦਰਵਾਜੇ ਦੇ ਹੈਂਡਲ ਉੱਤੇ ਠਕ ਠਕ ਮਚਾਈ। ਸਭ ਕੁਝ ਬੇ ਅਸਰ। ਫਿਰ ਮੈਂ ਹਿੰਮਤ ਕਰਕੇ ਦਰਵਾਜਾ ਖੋਹਲਣ ਦੀ ਕੋਸ਼ਿਸ਼ ਕੀਤੀ। ... ਹੈਂ ! ਮਿਸ ਡਿਸੂਜਾ ਤਾਂ ਇਕਦਮ ਦਰਵਾਜੇ ਦੇ ਸਾਹਮਣੇ ਬੈਠੀ ਸੀ। ਉਸ ਦੀ ਪਿੱਠ ਸਾਹਮਣੇ ਵੱਲ ਸੀ। ਉਸ ਨੇ ਨਾ ਚਾਹੁੰਦੇ ਹੋਏ ਵੀ ਗਰਦਨ ਪਿੱਛੇ ਨੂੰ ਮੋੜੀ... ਅਜਿਹਾ ਮੈਨੂੰ ਲੱਗਾ। ਇਕ ਪਾਸੇ ਬੈਠਣ ਦਾ ਇਸ਼ਾਰਾ ਕਰਕੇ ਉਹ ਦੁਬਾਰਾ ਮੁੜ ਗਈ। ਅੱਛਾ ਤਾਂ ਮਿਸ ਡੀਸੂਜਾ ਚਿੱਤਰਕਾਰੀ ਕਰ ਰਹੀ ਸੀ। ਉਹ ਫਟਾਫਟ ਬੁਰਸ਼ ਨੂੰ ਕੈਨਵਸ ’ਤੇ ਘਸਾਈ ਜਾ ਰਹੀ ਸੀ। ਛੋਟਾ ਬੱਚਾ ਕਿਵੇਂ ਸਕੈਚ ਪੈਨ ਨਾਲ ਰੰਗ ਭਰ ਰਿਹਾ ਹੋਵੇ, ਸਭ ਕੁਝ ਠੀਕ ਹੋ ਰਿਹਾ ਹੋਵੇ

ਤਾਂ ਵਿਚਕਾਰੋ ਹੀ ਸਕੈਚ ਪੈਨ ਦੀ ਸਿਆਹੀ ਜਵਾਬ ਦੇ ਗਈ ਹੋਵੇ ਉਦੋਂ ਉਹ ਇਸ ਜਿੱਦ ਦਾ ਸ਼ਿਕਾਰ ਹੋ ਕੇ ਸਕੈਚ ਪੈਨ ਚਲਾਈ ਜਾਂਦਾ ਹੈ ਕਿ ਇਹ ਵਾਲਾ ਚਿੱਤਰ ਤਾਂ ਮੈਂ ਇਸ ਸਕੈਚ ਨਾਲ ਪੂਰਾ ਕਰਾਗਾ। ਕੁਝ ਅਜਿਹੀ ਜਿੱਦ ਮੈਂ ਉਹਦੇ ਚਿਹਰੇ 'ਤੇ ਦੇਖੀ। ਸਾਇਦ ਕੁਝ ਸੇਡ ਵਗੈਰਾ ਪਾਉਣ ਦਾ ਕੰਮ ਚੱਲ ਰਿਹਾ ਸੀ। ਜਿਧਰ ਮੈਨੂੰ ਬੈਠਣ ਦਾ ਇਸ਼ਾਰਾ ਕੀਤਾ ਗਿਆ ਸੀ ਉਧਰੋ ਤਸਵੀਰ ਨਹੀਂ ਦਿਸ ਰਹੀ ਸੀ। ਮਿਸ ਡੀਸੂਜਾ ਦਾ ਇਕ ਪਾਸਿਓ ਚਿਹਰਾ ਦਿਸ ਰਿਹਾ ਸੀ। ਜਦੋਂ ਸੇਡ ਮਨ ਚਾਹਿਆ ਪੈ ਗਿਆ ਤਾਂ ਉਸ ਨੇ ਬੁਰਸ ਨੂੰ ਪੇਂਟ 'ਚ ਡੋਬਿਆ ਬੁਰਸ਼ ਦਾ ਵਾਧੂ ਪੇਂਟ ਸ਼ੀਸ਼ੀ ਦੇ ਕਿਨਾਰੇ ਨਾਲ ਲਾ ਕੇ ਏਧਰ ਉਧਰ ਫੇਰ ਕੇ ਕੱਢਿਆ। ਫਿਰ ਦੋਵੇਂ ਬੁੱਲ੍ਹ ਖੋਲ੍ਹ ਕੇ ਕੋਈ ਗਹਿਰੀ ਚੀਜ ਬਣਾਉਣ ਲੱਗੀ । ਚਿਹਰੇ ਦੇ ਇਸ ਤਰ੍ਹਾਂ ਦੇ ਉਤਾਰ-ਚੜਾਅ ਦੇ ਵਿਚਕਾਰ ਤਕਰੀਬਨ ਵੀਹ-ਪੱਚੀ ਮਿੰਟਨ ਬਿਨਾ ਬੋਲੇ ਹੀ ਮੇਰਾ ਮੰਨੋਰੰਜ਼ਨ ਕੀਤਾ। ਫਿਰ ਬੁਰਸ਼ ਨੂੰ ਆਰਾਮ ਦੇ ਕੇ ਉਨ੍ਹਾਂ ਨੇ ਮੈਨੂੰ ਕਿਹਾ, "ਦੇਖੋ !'

ਦੇਖ ਹੀ ਤਾਂ ਰਿਹਾ ਉਦੋਂ ਤੋਂ... ਮੈਂ ਆਪਣੇ ਆਪ ਨੂੰ ਕਿਹਾ। ਮੈਂ ਉੱਠ ਕੇ ਪੇਟਿੰਗ ਤੱਕ ਗਿਆ। ਪੇਟਿੰਗ 'ਚ ਕਿਸੇ ਚੀਜ ਨੂੰ ਪਹਿਚਾਨਣਾ ਮੁਸ਼ਕਲ ਸੀ। ਭਾਵ ਕਿ ਉਸ ਨੂੰ ਬੋਲਚਾਲ ਦੀ ਭਾਸ਼ਾ 'ਚ ਕੀ ਕਹਿੰਦੇ ਹਨ ਇਹ ਪਤਾ ਨਹੀਂ ਚਲ ਰਿਹਾ ਸੀ। ਮਿਸ ਡੀਸੂਜਾ ਨੇ ਮੇਰੀ ਅਗਿਆਨਤਾ ਨੂੰ ਮਹਿਸੂਸ ਕਰ ਲਿਆ ਤੇ ਸ਼ੁਰੂ ਹੋ ਗਈ... ਇਹ ਉਹ ਹੈ... ਉਹ ਇਹ ਹੈ।

ਇਸ ਦਾ ਅਰਥ ਏਹ, ਉਸਦਾ ...। ਫਿਰ ਸਭ ਕੁਝ ਸਮਝਾ ਚੁੱਕਣ ਤੋਂ ਉਪਰੰਤ। ਉਸ ਨੇ ਪੁੱਛਿਆ ,'ਸਮਝ 'ਚ ਆਇਆ !?'

ਮੈਂ ਬੜੀ ਵੱਡੀ ਮੂਰਖਤਾ ਕੀਤੀ। 'ਹਾਂ' ਨਿਕਲ ਗਿਆ ਮੂੰਹ ਚੋਂ ਮਿਸ ਡੀਸੂਜਾ ਮੈਨੂੰ ਖਿੱਚ ਕੇ ਨਾਲ ਦੇ ਬੈੱਡਰੂਮ ਤੱਕ ਲੈ ਗਈ। ਉਥੇ ਪੂਰੇ ਬਿਸਤਰੇ 'ਤੇ ਮੇਜ 'ਤੇ ਕੁਰਸੀ 'ਤੇ ... ਹਰ ਪਾਸੇ ਕਲਾ ਕ੍ਰਿਤਾ ਹੀ ਕਲਾ ਕ੍ਰਿਤਾ ਸਨ। ਸਭ ਤੋਂ ਮੂਹਰੇ ਬੈੱਡ ਉੱਤੇ ਜਿਹੜੀਆਂ ਤਸਵੀਰਾਂ ਸੀ, ਉਨ੍ਹਾਂ ਨੂੰ ਉਤਸਾਹ ਨਾਲ ਚੁੱਕਿਆ, ਉਨ੍ਹਾਂ ਦਾ ਅਰਥ ਸਮਝਾਉਣ ਦੇ ਲਈ। ਚੁੱਕਣ ਤੋਂ ਬਾਅਦ ਉਸ ਨੂੰ ਲੱਗਾ ਕਿ ਉਹ ਐਨੀ ਚੰਗੀ ਨਹੀਂ ਸੀ। ਉਸ ਨੂੰ ਇਕ ਪਾਸੇ ਕਰਕੇ ਦੂਜੀ ਤਸਵੀਰ ਚੁਣ ਲਈ। ਇਹ ਦੇਖੋ। ਇਸ 'ਚ ਚਿੱਟਾ ਤੇ ਭੂਰਾ ਰੰਗ। ਮਨ ਦਾ ਦਵੰਦ ਉਸ ਸਮੇਂ ਮੇਰਾ ਦਿਮਾ.ਗ ਖ਼ਾਲੀ ਸੀ। ਬਸ ਇਕ ਹੀ ਗੱਲ ਦਿਮਾਗ 'ਚ ਆਈ ਸਿੱਧੇ ਹੀ ਵੀਹ ਨੌਂਹਾਂ ਨਾਲ ਆਪਣੇ ਆਪ ਨੂੰ ਖਰੋਚ ਲਵਾ। ਓ...ਹੋ। ਮੈਂ ਘਬਰਾ ਕੇ ਪੁੱਛਿਆ ਕੀ ਤੁਸੀਂ ਪੇਟਿੰਗ ਸਿੱਖੀ ਹੈ।"

ਮਿਸ ਡੀਸੂਜਾ ਦਾ ਮਤ ਸੀ ਕਿ ਕਲਾ ਨੂੰ ਸਿੱਖਣ ਦੀ ਲੋੜ ਨਹੀਂ ਬਲਕਿ ਅਭਿਆਸ ਦੀ ਜਰੂਰਤ ਹੁੰਦੀ ਹੈ। ਉਹ ਪੂਰੇ ਹਫਤੇ ਇਸ ਕਲਾ 'ਚ ਨਿਪੰਨ ਹੋਣ ਲਈ ਪੂਰੀ ਮਿਹਨਤ ਕਰ ਰਹੀ ਸੀ। ਮੈਨੂੰ ਉਸ ਸਮੇਂ ਬਹੁਤ ਚੰਗਾ ਲੱਗਾ ਇਹ ਸੋਚ ਕੇ ਕਿ ਮੈਂ ਪਿਛਲੇ ਹ.ਫਤੇ ਇਕ ਵਾਰ ਵੀ ਨਹੀਂ ਆਇਆ। ਨਹੀਂ ਤਾਂ ਕਿਸਤਾਂ'ਚ ਬੋਝਲ ਹੋਣ ਦਾ ਦਰਦ ਵਧੇਰੇ ਹੁੰਦਾ ਹੈ। ਪਰ ਮੈਂ ਆਪਣਾ ਲਹੂ ਕਿਓ ਸਾੜ ਰਿਹਾ ਹਾਂ। ਮੈਂ ਲੁਤ.ਫ ਵੀ ਤਾਂ ਲੈ ਸਕਦਾ ਸੀ ਸਥਿਤੀ ਦਾ। ਮੈਂ ਪੁੱਛਿਆ , 'ਇਨ੍ਹਾਂ ਪੇਟਿੰਗਜ਼ ਦਾ ਕੀ ਕਰੋਗੇ? ਮਿਸ ਡਿਸੂਜਾ ਇਨ੍ਹਾਂ ਦੀ ਤਾਂ ਇਕ ਬਕਾਇਦਾ ਪ੍ਰਦਰਸ਼ਨੀ ਲੱਗਣੀ ਚਾਹੀਦੀ ਹੈ। ਅਤੇ ਜੇ ਕੋਈ ਖਰੀਦਣਾ ਚਾਹੇ ਤਾਂ...।"

ਮਿਸ ਡੀਸੂਜਾ ਨੇ ਮੈਨੂੰ ਵਿਚੋਂ ਟੋਕ ਕੇ ਜੋ ਕਿਹਾ, ਮੈਨੂੰ ਚੰਗਾ ਨਹੀਂ ਲੱਗਾ। ਉਸ ਨੂੰ ਪੈਸੇ ਦੀ ਲੋੜ ਨਹੀਂ, ਬਸ ਕੇਵਲ ਸੁੱਖੀ-ਖੁਸ਼ਹਾਲ ਜੀਵਨ ਜੀਉਣ ਦੀ ਇੱਛਾ ਸੀ। ਮੇਰੇ ਬੁੱਲਾਂ ਦੇ ਕੋਨੇ ਸੁੱਕ ਗਏ ਸੀ। ਹੁਣ ਸਵਾਲ ਮਿਸ ਡੀਸੂਜਾ ਨੇ ਕੀਤਾ ਸੀ। ਉਸ ਨੇ ਪੁੱਛ ਲਿਆ ਕਿ ਹੁਣ ਤੱਕ ਉਸ ਨੇ ਸਭ ਤੋਂ ਵੱਡਾ ਸੁੱਖ ਕਿਹੜਾ ਪ੍ਰਾਪਤ ਕੀਤਾ ਹੈ। ਜੀਵਨ ਦਾ ਫਰੇਬ ਰਹਿਤ ਅਤੇ ਬਿਨਾ ਸਵਾਰਥ ਦੇ ਸੁਖ। ਮੇਰੇ ਬੁੱਲਾਂ ਦੇ ਉਪਰ ਬੂੰਦ ਬੂੰਦ ਪਸੀਨਾ ਆ ਗਿਆ। ਮੈਂ ਉੱਠ ਪਿਆ ਤੇ ਬਗੈਰ ਕੁਝ ਬੋਲੇ ਬਾਹਰ ਨਿਕਲ ਆਇਆ। ਮਿਸ ਡੀਸੂਜਾ ਨੇ ਵੀ ਮੈਨੂੰ ਰੋਕਿਆ ਨਹੀਂ।

ਮੈਂ ਤੇਜ਼ ਤੇਜ਼ ਚਲ ਰਿਹਾ ਸੀ। ਮੇਰੇ ਸਾਹ ਡੂੰਘੇ ਤੇ ਲੰਮੇ ਲੰਮੇ ਸਨ। ਮੇਰੀ ਤੋਰ ਲੜਖੜਾ ਰਹੀ ਸੀ। ਉਸਦੇ ਘਰ ਤੋਂ ਸੌ ਸਵਾ ਸੌ ਮੀਟਰ ਦੂਰ ਆਇਆ ਹੋਵਾਗਾ ਕਿ ਮੇਰਾ ਹੱਥ ਜਿਹੜੀ ਪੈਂਟ ਦੀ ਜੇਬ 'ਚ ਸੀ ਇਕ ਗੋਲ ਜਿਹੀ ਚੀਜ ਨਾਲ ਲੱਗਿਆ। ਜਿਵੇਂ ਮੇਰੇ ਦਿਮਾ.ਗ ਦਾ ਦਰਵਾਜ਼ਾ ਖੁੱਲ੍ਹ ਗਿਆ ਮੈਂ ਪਿੱਛੇ ਮੁੜਿਆ ਤੇ ਦੌੜਨ ਲੱਗਾ ਲਗਾਤਾਰ। ਮੈਂ ਦਰਵਾਜੇ ਨੂੰ ਬੜੀ ਬੇ ਸਬਰੀ ਨਾਲ ਧੱਕਾ ਮਾਰ ਕੇ ਖੋਹਲਿਆ। ਮਿਸ ਡੀਸੂਜਾ ਆਪਣੀ ਪਹਿਲੀ ਥਾਂ ਤੇ ਬੈਠੀ ਸੀ। ਪਹਿਲਾ ਵਾਲਾ ਕੰਮ ਹੀ ਕਰਦੀ ਸੀ। ਮੈਂ ਉਹਨੂੰ ਫੜ ਕੇ ਆਪਣਾ ਸਵਾਰਥ ਤੋਂ ਬਗੈਰ ਸੁੱਖ ਉਸ ਨੂੰ ਦੇ ਦਿੱਤਾ। ਜਿਉਂ ਦਾ ਤਿਉਂ। ਉਸ ਦੇ ਹਵਾਲੇ । ਸਿੱਕੇ ਦਾ ਮੇਰਾ ਉਪਰ ਨੂੰ ਸੁੱਟਣਾ ਤੇ



ਮੇਰੇ ਤੋਂ ਛੁੱਟ ਕੇ ਬੱਚੇ ਦੀ ਹਥੇਲੀ ਤੱਕ ਪਹੁੰਚਣਾ, ਮੇਰਾ ਸਿੱਕਾ ਮੂੰਹ ਰਾਹੀ ਲੰਘਾ ਲੈਣਾ...। ਹਾਂ ਜਿਉਂ ਦਾ ਤਿਉਂ। ਮਿਸ ਡੀਸੂਜਾ ਸ਼ਾਂਤ ਸੀ। ਇਕ ਦਮ ਮੈਨੂੰ ਦੇਖਦੀ , " ਮੇਰੇ ਬੱਚੇ ! ਜੇਕਰ ਤੂੰ ਉਸ ਬੱਚੇ ਵਾਲੇ ਜਾਨੂੰਨ ਅਤੇ ਪੂਰੀ ਇਕਾਗਰਤਾ, ਪੂਰੇ ਨੇਮ ਨਾਲ ਜ਼ਿੰਦਗੀ ਨੂੰ ਫੜਿਆ ਹੁੰਦਾ ਤਾਂ ਅੱਜ ਤੇਰੀ ਮੁੱਠੀ ਖਾਲੀ ਨਾ ਹੁੰਦੀ ।"ਮੇਰੇ ਬੁੱਲ੍ਹਾਂ ਤੇ ਸਹਿਜੇ ਸਹਿਜੇ ਕਰਕੇ ਸਕੂਨ ਗਾਇਬ ਹੁੰਦਾ ਗਿਆ ਅਤੇ ਅੰਤ 'ਚ ਮੇਰਾ ਇਕ ਖੰਡਰ ਵਰਗਾ ਚਿਹਰਾ ਕੈਨਵਸ ਤੇ ਰਹਿ ਗਿਆ।

ਮਿਸ ਡਿਸੂਜਾ ਨੇ ਮੈਨੂੰ ਜ਼ਮੀਨ ਉੱਤੇ ਸੁੱਟ ਦਿੱਤਾ ਸੀ। ਮੈਂ ਤੜ.ਫ ਰਿਹਾ ਸੀ। ਉਥੋਂ ਆਉਣ ਤੋਂ ਬਾਅਦ। ਲਗਾਤਾਰ ਮੈਂ ਸੁਪਨੇ 'ਚ ਕੰਬਦਾ ਰਿਹਾ। ਮੇਰੇ ਲੱਕ ਦੇ ਥੱਲੇ ਵਾਲੇ ਹਿੱਸੇ 'ਚ ਕਿਸੇ ਪਰਿੰਦੇ ਦੀ ਆਤਮਾ ਸਮਾ ਗਈ ਸੀ ਉਹ ਹਵਾ 'ਚ ਤੈਰਨਾ ਚਾਹੁੰਦਾ ਸੀ। ਪਰ ਉਪਰ ਦਾ ਹਿੱਸਾ ਵਿਰੋਧ ਕਰ ਰਿਹਾ ਸੀ। ਮਾਂ ਮੇਰੇ ਸਰਾਹਣੇ ਵਲੋਂ ਕਿਤਾਬ ਚੁੱਕਦੀ ਸੀ। ਮੈਂ ਕਿਹਾ, ਮੈਂ ਪਰਦੇਸ ਜਾਣਾ ਹੈ। ਪਿਤਾ ਜੀ ਮੈਨੂੰ ਉਂਗਲੀ ਤੋਂ ਫੜ ਕੇ ਛੱਡਣ ਗਏ। ਸਰੀਰ ਦੇ ਉਪਰਲੇ ਹਿੱਸੇ ਨੂੰ ਲੱਗਾ ਉਹ ਕਿਸੇ ਗਹਿਰੀ ਕਾਲੀ ਚੀਜ 'ਚ ਡਿਗਦਾ ਜਾ ਰਿਹਾ ਹੈ। ਕਿਤੇ ਕੋਈ ਹੈ... ਕੋਈ ਹੈ ਕੀ ! ਮੈਂ ਅਸਫਲ ਹੋ ਚੁੱਕਾ ਹਾਂ। ਕਿਸੇ ਨੇ ਛੇਤੀ ਨਾਲ ਆ ਕੇ ਮੇਰੇ ਇਕ ਪਾਸੇ ਦੇ ਖੰਭ ਪੁੱਟ ਦਿੱਤੇ। ਮੈਂ ਤੜਫਦਾ ਹਾਂ। ਅੱਖਰੂ-ਅੱਖਰੂ... ਮੈਂ ਚੀਕਦਾ ਹਾਂ। ਪਰ ਮੇਰਾ ਸਾਥ ਦੇਣ ਕੋਈ ਨਹੀਂ ਆਉਂਦਾ। ਅੱਥਰੂ ਵੀ ਨਹੀਂ, ਤੜਫਦੇ ਤੜਫਦੇ ਅਚਾਨਿਕ ਮੈਨੂੰ ਲੱਗਾ ਕਿ ਮੈਂ .ਫਜ਼ੂਲ ਦਾ ਤੜਫੀ ਜਾ ਰਿਹਾ ਹਾਂ ! ਕਿਉ ਕਿ ਦਰਦ ਤਾਂ ਹੁੰਦਾ ਹੀ ਨਹੀਂ ਹੈ ਮੈਨੂੰ। ਹੈਂ ! ਮੈਂ ਬੁੜਬੜਾਉਂਦਾ ਹਾਂ। ਹਨੇਰਾ ਤਾਂ ਹੈ ਪਰ ਥੱਲੇ ਮੇਰੇ ਧਰਤੀ ਵੀ ਹੈ। ਓ ਹਾਂ ! ਥੱਲੇ ਧਰਤੀ ਹੈਗੀ ਹੈ ਭਾਵ ਕਿ ਪੈਰ ਠੀਕ ਹਨ ਮੇਰੇ। ਮੇਰੀ ਨੀਂਦ ਖੁੱਲ ਜਾਂਦੀ ਹੈ। ਮੇਰਾ ਸ਼ਰੀਰ ਠੰਢਾ ਹੈ। ਪੈਰਾ ਉੱਤੇ ਜਿਵੇਂ ਕੀੜੀਆਂ ਫਿਰ ਰਹੀਆਂ ਹੋਣ ਮੈਂ ਪੈਰ ਹਿਲਾ ਹਿਲਾ ਕੇ ਕੀੜੀਆਂ ਨੂੰ ਉਤਾਰ ਦਿੰਦਾ ਹਾਂ। ਕੀੜੀਆਂ ਜਿਧਰੋ ਦੀ ਗਈਆ ਉਸ ਪਾਸਿਓ ਦਰਵਾਜੇ ਤੋਂ ਨੀਂਦ ਦੁਬਾਰਾ ਪ੍ਰਵੇਸ ਕਰ ਗਈ। ਮੈਂ ਫੁੱਲ੍ਹਾਂ ਦੀ ਖੇਤੀ ਕਰ ਰਿਹਾ ਹਾਂ। ਹੱਥ ਹੱਥ ਜਿੱਡੇ ਪੀਲੇ ਫੁੱਲ। ਫੁੱਲਾਂ ਦੀਆਂ ਕੁਝ ਪੱਤੀਆਂ ਥੱਲੇ ਡਿੱਗ ਪਈਆ। ਮੈਂ ਉਨ੍ਹਾਂ ਨੂੰ ਚੁੱਕ ਕੇ ਕਿਤਾਬ 'ਚ ਰੱਖਦਾ ਹਾਂ। ਕਿਤਾਬ ਦੇ ਪੰਨੇ ਉਥਲਦਾ ਹਾਂ। ਪੰਨੇ ਤੋਂ ਬਾਅਦ ਇਕ ਹੋਰ ਪੰਨਾ ਕਿਤਾਬ। ਤ੍ਰੇਲ ਵਾਂਗ ਝੜ ਰਹੇ ਹਨ ਵਿਚਾਰ। ਮੈਂ ਲਿਖੀ ਜਾ ਰਿਹਾ ਹਾਂ। ਮੈਂ ਖਿੱਚ ਕੇ ਸਾਹ ਲੈਂਦਾ ਹਾਂ। ਅਤੇ ਕੋਈ ਧੁੰਨ ਮੇਰੇ .ਗਲੇ 'ਚੋਂ ਉੱਠਦੀ ਹੈ। ਮੈਂ ਗਾਉਂਦਾ ਗਾਉਂਦੇ ਉੱਠ ਪੈਂਦਾ ਹਾਂ। ਸੂਰਜ ਦੀਆਂ ਕਿਰਨਾਂ ਬਿਸਤਰ ਉੱਤੇ ਹਲਕੀਆਂ ਹਲਕੀਆਂ ਪੈਂਦੀਆਂ ਹਨ। ਮੈਂ ਆਪਣੀ ਹਥੇਲੀ ਨੂੰ ਫੈਲਾ ਕੇ ਦੇਖਿਆ ਲੱਗਾ ਜਿਵੇਂ ਕੋਈ ਚੀਜ਼ ਉਸ 'ਚੋਂ ਹੋ ਕੇ ਲੰਘੀ ਹੋਵੇ ਹੁਣੇ ਹੁਣੇ। ਆਪਣੀ ਮਹਿਕ ਆਪਣੇ ਹੋਣ ਦਾ ਅਹਿਸਾਸ ਛੱਡ ਕੇ ਮੈਂ ਦੋ ਪਲ ਦੇਖਿਆ। ਫਿਰ ਮੇਰੀ ਚੇਤਨਾ ਅਚਾਨਿਕ ਜਾਗ ਪਈ। ਉਹ ਹੋ ਇਹ ਤਾਂ ਜ਼ਿੰਦਗੀ ਸੀ ਅਤੇ ਇਕ ਵਾਰ ਫਿਰ ਮੈਂ ਚਲੇ ਜਾਣ ਦਿੱਤਾ। ਐਨੀ ਅਸਾਨੀ ਨਾਲ ! ਨਹੀਂ ਤਾਂ ਐਤਕੀਂ ਮੈਂ ਉਸ ਨੂੰ ਕਿਵੇਂ ਜਾਣ ਦੇਣਾ ਚਾਹੁੰਦਾ ਹਾਂ ! ਮੈਂ ਚਾਦਰ, ਸਰਾਹਣਾ ਸੁੱਟ ਸੁੱਟ ਕੇ ਬਿਸਤਰੇ 'ਚੋਂ ਉਛਲ ਪਿਆ। ਕਿਥੇ, ਕਿਸ ਦਿਸ਼ਾ 'ਚ ? ਕਿਧਰ ਖੋਜ ਕਰਾਂ ਮੈਂ ਉਸ ਨੂੰ ? ਕਿੱਥੇ ਗਈ? ਪਰ ਮੇਰੇ ਪੈਰ ਤਾਂ ਦਿਮਾ.ਗ ਦੀ ਇਸ ਉਲਝਣ ਤੋਂ ਬੇਖਬਰ ਸੀ। ਪਰ ਉਨ੍ਹਾਂ ਨੂੰ ਬੇ ਖਬਰ ਵੀ ਨਹੀਂ ਕਿਹਾ ਜਾ ਸਕਦਾ। ਕਿਉਕਿ ਉਸ ਨੂੰ ਇਹ ਖਬਰ ਸੀ ਕਿ ਜ਼ਿੰਦਗੀ ਕਿੱਥੇ ਗਈ ਮੇਰੇ ਹੱਥੋਂ ਨਿਕਲ ਕੇ। ਕਿਸ ਦਿਸ਼ਾ 'ਚ ਉਸ ਦਾ ਟਿਕਾਣਾ ਕਿੱਥੇ ਮਿਲੇਗਾ? ਮੈਂ ਬੱਚਿਆ ਵਾਲੀ ਭਾਵਨਾ ਨਾਲ ਹੀ ਭੱਜਿਆ ਮੇਰੇ ਕਦਮ ਮੇਰੇ ਕਾਬੂ ਤੋਂ ਬਾਹਰ ਸੀ ਉਹ ਲਾਲਚ ਨਾਲ ਹੋਰ ਦਿਸ਼ਾ ਅਨੁਸਾਰ ਚੱਲਣ ਲੱਗਾ। ਰਸਤਾ ਜਾਣਿਆ-ਪਹਿਚਾਣਿਆ ਸੀ। ਪਰ ਤਲਾਸ਼ ਨਹੀਂ ਸੀ।

ਮਿਸ ਡੀਸੂਜਾ ਦੇ ਘਰ ਤੋਂ ਦੂਰੋਂ ਹੀ ਮੈਨੂੰ ਖਰਾਬ ਜਿਹੀ ਧੁੰਨ ਸੁਣਾਈ ਦਿੱਤੀ। ਮੈਂ ਦਰਵਾਜੇ ਵੱਲ ਚੋਰ ਨਜ਼ਰਾਂ ਨਾਲ ਝਾਕਿਆ। ਮਿਸ ਡਿਸੂਜਾ ਇਕ ਗੋਲ ਜਿਹੀ ਚੀਜ ਤੇ ਬੈਠੀ ਸੀ। ਛੋਟੇ ਛੋਟੇ ਚਾਰ ਪੰਜ ਬੱਚਿਆ ਦਾ ਘੇਰਾ ਸੀ। ਮਿਸ ਡੀਸੂਜਾ ਹਰਮੋਨੀਅਮ ਨੂੰ ਵਜਾ ਕੇ ਧੁੰਨ ਕੱਢਦੀ ਹੋਈ ਇਕ ਪੰਕਤੀ ਕੁਝ ਗਾਉਂਦੀ ਸੀ ਪਹਿਲਾ, ਫਿਰ ਬੱਚੇ ਉਸ ਨੂੰ ਦੁਹਰਾਉਂਦੇ ਜਾਂਦੇ ਸੀ। ਇਕ ਸਾਰ। ਮਿਸ ਡੀਸੂਜਾ ਦੀਆਂ ਅੱਖਾਂ ਬੰਦ ਸੀ। ਉਸ ਦੇ ਦੇਖਾ ਦੇਖੀ ਬੱਚਿਆ ਨੇ ਵੀ ਪੂਰੀ ਤਰ੍ਹਾਂ ਅੱਖਾਂ ਬੰਦ ਕਰ ਰੱਖੀਆਂ ਸਨ। ਮੈਂ ਦੂਰ ਸੀ। ਮੈਂ ਦੂਰ ਤੋਂ ਹੀ ਦੇਖਣਾ ਚਾਹੁੰਦਾ ਸੀ। ਐਤਕੀਂ ਮੈਂ ਮਿਸ ਡਿਸੂਜਾ ਨੂੰ ਆਪਣੇ ਸਕੂਲ ਦੇ ਦਿਨਾਂ ਦੀ ਉਸ ਕਮੈਸਟਰੀ ਟੀਚਰ ਦੇ ਰੂਪ ਵਿਚ ਦੇਖਿਆ ਜਿਹੜੇ ਮੈਨੂੰ ਕੁਝ .ਫਾਰਮੂਲੇ ਪੜ੍ਹਾ ਤੇ ਚੇਤੇ ਕਰਵਾ ਰਹੀ ਸੀ। ਅੰਤਰ ਕੇਵਲ ਐਨਾ ਸੀ ਕਿ ਉਲਝਣ 'ਚ ਏਥੇ ਰਸਾਇਣ ਪਦਾਰਥ ਨਹੀਂ ਖੁਦ ਜ਼ਿੰਦਗੀ ਸੀ।

ਕਹਾਣੀ

# ਮੱਛਰ, ਮੌਤ ਅਤੇ ਮਾਂ

## ਅਲਕਾ ਸਰਾਵਗੀ



ਅਲਕਾ ਸਰਾਵਗੀ ਦਾ ਜਨਮ 1960 ਵਿਚ ਕਲਕੱਤਾ 'ਚ ਹੋਇਆ। ਕਹਾਨੀ ਕੀ ਤਲਾਸ਼ ਮੇਂ (ਕਹਾਣੀਆਂ), ਕਲਿ ਕਥਾ ਵਾਇਆ ਬਾਈਪਾਸ (ਨਾਵਲ) ਕਾਫੀ ਚਰਚਿਤ ਹੋਏ। ਨਵੇਂ ਗਲਪ ਦੀ ਹੋਣਹਾਰ ਲੇਖਕਾਂ

ਸੰਪਰਕ *ਅਲਕਾ ਸਰਾਵਗੀ*
*12, ਸੀ, ਲਾਰਡ ਸਿਨ੍ਹਾ ਰੋੜ,*
*ਫਲੈਟ 8 ਬੀ, ਕਲਕਤਾ*

ਇਸ ਤੋਂ ਇਲਾਵਾ ਹੋਰ ਹੋਣਾ ਵੀ ਕੀ ਸੀ? ਕਾਲੀਦਾਸ ਚੌਧਰੀ ਉਰਫ਼ ਕੇ ਸੀ ਨੇ ਆਪਣੇ 85 ਵੇਂ ਜਨਮ ਦਿਨ ਦੀ ਸਵੇਰ ਪਲਕਾ ਦੇ ਅੰਦਰ ਹਲਕੀ ਜਿਹੀ ਅੱਖ ਝਮਕਦੇ ਹੋਇਆ ਸਾਹਮਣੇ ਵਾਲੀ ਖਿੜਕੀ ਦੇ ਦੋ ਪੁਸ਼ਤਾ ਪੁਰਾਣੇ ਨੀਲੇ-ਹਰੇ ਸ਼ੀਸ਼ੇ 'ਚੋਂ ਛਣ ਕੇ ਆਉਂਦੀ ਹੋਈ ਰੌਸ਼ਨੀ ਨੂੰ ਦੇਖਿਆ ਤਾਂ ਉਸ ਨੂੰ ਅਹਿਸਾਸ ਹੋਇਆ ਕਿ ਉਸ ਦੇ ਸਰੀਰ ਦਾ ਜੋੜ ਜੋੜ ਦੁੱਖ ਰਿਹਾ ਹੈ। ਸਾਰੀ ਰਾਤ ਘਰ ਦੇ 25 ਸਾਲ ਦੇ ਜਵਾਨ ਦਰਬਾਨ ਦੀ ਲਾਸ਼ ਦੇ ਨਾਲ ਗਰਾਜ 'ਚ ਬੈਠ ਕੇ ਬਤੀਤ ਕੀਤੀ। ਕਮਰ ਦਾ ਦਰਦ ਇਸ ਤਰ੍ਹਾਂ ਨਾ ਵਧਦਾ ਤਾਂ ਹੋਰ ਕੀ ਹੁੰਦਾ ? ਜੀਵਨ ਦੀ 85 ਵੀ ਘੜੀ ਪੂਰੀ ਹੋਣ ਦੇ ਦਿਨ ਅਤੇ ਉਹ ਵੀ ਨਵੇਂ ਮਿਲੇਨੀਅਮ ਦੇ ਪਹਿਲੇ ਜਨਮ ਦਿਨ ਦੇ ਵਾਂਗ ਅੱਜ ਵੀ ਮਾਂ ਨੂੰ ਚੇਤੇ ਕਰਨ ਦੀ ਇੱਛਾ ਕੀਤੀ। ਇਹ ਕੇ. ਸੀ. ਸਤਾਰਾਂ ਸਾਲ ਦੀ ਉਮਰ ਤੋਂ ਹੀ ਆਪਣੇ ਬਾਕੀ ਸੰਗੀ ਸਾਥੀਆਂ ਦੇ ਵਾਂਗ ਮਰਕਸਵਾਦ ਦੇ ਕਾਰਨ ਅਤੇ ਹੁਣ ਉਸ ਸਭ ਤੋਂ ਦੂਰ ਚਲੇ ਜਾਣ ਦੇ ਬਾਵਜੂਦ ਕਿਸੇ ਰੀਤੀ-ਰਿਵਾਜ, ਕਰਮ ਕਾਂਡ, ਪ੍ਰਮਾਤਮਾ ਨੂੰ ਨਹੀਂ ਮੰਨਦੇ ਪਰ ਆਪਣੇ ਜਨਮ ਦਿਨ 'ਤੇ ਉਨ੍ਹਾਂ ਨੂੰ ਦੋ ਗੱਲਾਂ ਯਾਦ ਕਰਨੀਆਂ ਜਰੂਰੀ ਲੱਗਦੀਆਂ ਹਨ। ਇਕ ਤਾਂ ਇਹ ਕਿ ਜਦ ਉਹ ਮਾਂ ਦੇ ਗਰਭ 'ਚ ਉਲਟੇ ਭਾਵ ਕਿ ਪੈਰਾਂ ਵੱਲੋਂ ਧਰਤੀ ਮਾਂ ਤੇ ਆਇਆ ਹੋਵੇਗਾ। ਦੂਸਰੀ ਗੱਲ ਮਾਂ ਦਾ ਉਸਦੇ ਜਨਮ ਦਿਨ ਉਪਰ ਲਾਲ ਸੀਮੈਂਟ ਦੇ ਫਰਸ ਵਾਲੇ ਮੰਦਿਰ 'ਚ ਬੈਠ ਕੇ ਜਿਹੜਾ ਹੁਣ ਉਸਦੇ ਬੱਚੇ ਦਾ ਸਫੈਦ ਟਾਇਲ ਵਾਲਾ ਬਾਥਰੂਮ ਬਣ ਗਿਆ ਸੀ... ਉਸਦਾ ਬਚਪਨ 'ਚ ਸਵੇਰੇ-ਸਵੇਰੇ ਤਾਨਪੁਰੇ ਦੇ ਨਾਲ ਭਜਨ ਅਤੇ ਬਾਅਦ 'ਚ ਵੱਡੇ ਹੋਣ 'ਤੇ ਬੰਗਲਾ ਗੀਤ ਗਾਉਣ ਦੀ ਉਸਦੀ ਜਿਦ ਤੇ ਰਵਿੰਦਰਾ ਸੰਗੀਤ ਜਾਣਾ।

ਆਪਣੇ ਲੰਮੇ ਵਾਲਾ਼ ਨੂੰ ਖੋਹਲ ਕੇ ਲਾਲ ਸੰਧੂਰ ਦਾ ਟਿੱਕਾ ਲਾ ਕੇ ਮਾਂ ਦੇ ਵਿਧਵਾ ਹੋਣ ਤੋਂ ਪਹਿਲਾ ਦਾ ਦੈਵੀ ਸਮਾਨ ਰੂਪ ਅਤੇ ਆਵਾਜ਼ ਦੇ ਜਾਦੂ ਨੂੰ ਚੇਤੇ ਕਰਨਾ ਤੇ ਕੇ. ਸੀ. ਨੂੰ ਆਪਣੇ ਸਰੀਰ 'ਚੋਂ ਦਰਦ ਨਾਲ ਗੀਤ ਦੇ ਵਿਚਕਾਰ ਦੀਆਂ ਕੜੀਆਂ ਚੇਤੇ ਆਈਆ, ਆਮਾਰ ਏਈ ਦੇਹੋ ਖਾਨਿ ਤੁਲੇ ਧਰੋ, ਤੋਮਾਰ ਉਈ ਦੇਵਾਲਯੇਰ ਪ੍ਰਦੀਪ ਕਰੋ...।'' ਮੇਰੇ ਇਸ ਸਰੀਰ ਨੂੰ ਉਪਰ ਉਠਾ ਲਓ, ਇਸ ਨੂੰ ਤੁਹਾਡੇ ਉਸ ਦੇਵਾਲਆ ਦਾ ਪ੍ਰਦੀਪ ਬਣਾ ਦਿਓ।'' ਕਿਸੇ ਨਿਰਾਕਾਰ ਪ੍ਰਮਾਤਮਾ ਸੱਤਾ ਦੇ ਪ੍ਰਤੀ ਕੀਤੇ ਗਏ ਰਵਿੰਦਰ ਨਾਥ ਦੀ ਜਿਸ ਬੇਨਤੀ ਨੂੰ ਕੇ ਸੀ ਕੇਵਲ ਮਾਂ ਦੇ ਕਾਰਨ ਪਿਤਾ ਭਾਸ਼ਾ ਹਿੰਦੀ ਦੀ ਥਾਂ ਮਾਤ ਭਾਸ਼ਾ ਬੰਗਲਾ 'ਚ ਹੋਣ ਦੇ ਕਾਰਣ ਸਹਿ ਰਿਹਾ ਸੀ। ਅੱਜ ਉਸ ਨੂੰ ਚੇਤੇ ਕਰਕੇ ਉਸ ਨੂੰ ਆਪਣੇ ਅੰਦਰੋਂ ਕੁਝ ਬਾਹਰ ਨਿਕਲਣ ਦੇ ਲਈ ਉਠਦਾ ਹੋਇਆ ਮਹਿਸੂਸ ਹੋਇਆ। ਕਿਵੇਂ ਇਹ ਸਰੀਰ ਧੋਖਾ ਕਰਨ ਲੱਗਦਾ ਹੈ। ਰੋਜ ਸਵੇਰੇ ਚਾਰ ਕਿਲੋਮੀਟਰ ਦੀ ਸੈਰ ਕਰ ਸਾਰੀਆਂ ਸਹੀ ਚੀਜਾਂ ਖਾ ਪੀ ਕੇ ਇਸ ਦਾ ਐਨਾ ਖਿਆਲ ਰੱਖਿਆ ਕੀ ਇਸ ਸੁਪਨੇ 'ਚ ਕੋਈ ਸੋਚ ਸਕਦਾ ਸੀ ਕਿ ਇਸ ਤਰ੍ਹਾਂ ਕਮਰ ਦਰਦ 'ਚ ਬੈਲਟ ਲਾ ਕੇ ਅੰਦਰ ਵੜਨਾ ਪਵੇਗਾ। ਉਲਟੇ ਪੈਦਾ ਹੋਣ ਦੇ ਕਾਰਨ ਜਦ ਤੱਕ ਕੇ. ਸੀ. ਉਪਰ ਮਾਂ ਦਾ ਜੋਰ ਚੱਲਿਆ, ਉਹ ਨਾ ਜਾਣੇ ਕਿਸ ਕਿਸ ਦੇ ਕਮਰ-ਪਿੱਠ ਦੇ ਦਰਦ ਨੂੰ ਉਸਦੇ ਪੈਰ ਲਗਾ ਕੇ ਠੀਕ ਕਰਨ ਦਾ ਟੋਟਕਾ ਕਰਵਾਉਂਦੀ ਰਹੀ। ਹੁਣ ਤਾਂ ਲੱਗਦਾ ਹੈ ਕਿ ਉਹੀ ਸਾਰੇ ਦਰਦ ਨੇ ਇਕੱਠੇ ਹੋ ਕੇ ਕੇ. ਸੀ. ਨੂੰ ਫੜ ਲਿਆ ਹੈ। ਤਾਂ ਕੀ ਹੁਣ ਉਹ ਵੀ ਕਿਸੇ ਪੈਰਾਂ ਦੇ ਵਲੋਂ ਜਨਮੇ ਆਪਣੇ ਵਰਗੇ ਕਿਸੇ ਆਦਮੀ ਨੂੰ ਲੱਭੇ ਇਸ ਦਰਦ ਤੋਂ ਮੁਕਤੀ ਦੇ ਲਈ ? ਆਪਣੇ ਵਹਿਮ-ਵਿਚਾਰ ਅੰਧ ਵਿਸਵਾਸ ਰਹਿਤ





ਸਾਫ ਦਿਮਾਗ਼ 'ਚ ਜਿਸ ਤੇ ਕੇ ਸੀ ਸਤਾਰਾਂ ਸਾਲ ਦੀ ਉਮਰ 'ਚ ਮਾਣ ਕਰਦਾ ਆਇਆ ਸੀ ਅੱਜ ਪਹਿਲੀ ਵਾਰ ਅਜਿਹੀ ਬੇਤੁਕੀ ਗੱਲ ਆਉਣ ਦੇ ਲਈ ਉਹਨਾਂ ਨੇ ਤੁਰੰਤ ਆਪਣੇ ਆਪ ਨੂੰ ਫਿਟ ਲਾਹਣਤ ਪਾਈ। ਅਲਟ੍ਰਾ ਸਾਊਂਡ , ਆਈ. ਐਫ. ਟੀ. ਵੇਵਜ, ਅਤੇ ਟ੍ਰੈਕਸ਼ਨ ਵਰਗੇ ਵਿਗਿਆਨਕ ਸਾਧਨਾਂ ਦੀ ਵਰਤੋ ਕਰਦੇ ਹੋਏ ਉਸਦੇ ਦਿਮਾਗ਼ 'ਚ ਅਜਿਹੀ ਗੱਲ ਆਈ ਵੀ ਕਿਵੇਂ ? ਕੀ ਸਰੀਰ ਦੀ ਤਕਲੀਫ ਮਨ ਨੂੰ ਇਸ ਤਰ੍ਹਾਂ ਕਮਜੋਰ ਬਣਾ ਦਿੰਦੀ ਹੈ ? ਅਜਿਹਾ ਆਲਮ ਰਿਹਾ ਤਾਂ ਕੁਝ ਦਿਨ੍ਹਾਂ 'ਚ ਉਹ ਸਾਇਦ ਕਮਰ ਦਰਦ ਠੀਕ ਕਰਨ ਦੇ ਲਈ ਮਾਂ ਤੋਂ ਸੁਣਿਆ ਹੋਇਆ ਕਿਸੇ ਮੋਰ ਮੁਕਟ ਛਿਰ ਗਲ ਬਨਮਾਲਾ ਵਾਲੇ ਮੁਰਲੀ ਮਨੋਹਰ ਦਾ ਭਜਨ ਗਾਉਣ ਲੱਗੇਗਾ।

ਉਸ ਪੱਚੀਆ ਸਾਲਾ ਦੇ ਹੱਟੇ-ਕੱਟੇ ਜਵਾਨ ਉਮਾਕਾਂਤ ਦੀ ਇਸ ਅਣਹੋਣੀ ਮੌਤ ਨੇ ਉਸ ਨੂੰ ਧੁਰ ਅੰਦਰੋਂ ਹਿਲਾ ਕੇ ਰੱਖ ਦਿੱਤਾ ਹੈ। ਤਾਂ ਹੀ ਅਜਿਹੀਆਂ ਗੱਲਾਂ ਉਹ ਸੋਚ ਰਹੇ ਹਨ। ਇਹ ਕੋਈ ਮਰਨ ਦੀ ਉਮਰ ਸੀ ਉਸਦੀ। ਇਹ ਕੀ ਗੱਲ ਬਣੀ ਬਈ ਇਕ ਅਦਨਾ ਜਿਹਾ ਮੱਛਰ ਇਕ ਜਵਾਨ ਆਦਮੀ ਨੂੰ ਮਾਰ ਦੇਵੇ ਅਤੇ ਸਰਕਾਰ, ਕਾਰਪੋਰੇਸ਼ਨ ਅਤੇ ਡਾਕਟਰ ਲੋਕ ਹੱਥ ਉੱਤੇ ਹੱਥ ਧਰ ਕੇ ਬੈਠੇ ਰਹਿਣ। ਜੇ ਕਿਤੇ ਉਹ ਮੱਛਰ ਉਸਦੇ ਇਕਲੌਤੇ ਬੇਟੇ ਦੇ ਲੜ ਜਾਂਦਾ ਤਾਂ ? ਆਖਰ ਹੋਵੇਗਾ ਤਾਂ ਉਹ ਇਸ ਭਵਾਨੀਪੁਰ ਇਲਾਕੇ ਦਾ ਮੱਛਰ ! ਕੇ ਸੀ ਨੂੰ ਇਕ ਪਲ ਦੇ ਲਈ ਪੱਚੀ ਸਾਲਾ ਦੇ ਉਮਾਕਾਂਤ ਦਰਬਾਨ ਦੀ ਥਾਂ ਗਰਾਜ 'ਚ ਆਪਣੇ ਜਨਮ ਦਿਨ ਦੀ ਸਵੇਰ ਉਨ੍ਹਾਂ ਨੇ ਮਾਂ ਦੇ ਸ਼ਬਦਾਂ 'ਚ ਹੀ ਸੋਚਦੇ ਹੋਏ 'ਬੇਹਾ ਚਿਹਰਾ' ਅਜਿਹਾ ਆਸੁੱਭ ਚਿੰਤਨ ਕਰਨ ਦੇ ਲਈ ਆਪਣੇ ਆਪ ਨੂੰ ਫਿਟਕਾਰਿਆ ਅਤੇ ਉਸ ਤਸਵੀਰ 'ਚ ਵਾਪਸ ਦਰਬਾਨ ਦੀ ਲਾਸ਼ ਗਰਾਜ 'ਚ ਰੱਖ ਦਿੱਤੀ । ਬੇਚਾਰਾ ਮਕਾਨ ਦੇ ਵਿਹੜੇ ਰੱਖੀ ਖੁੱਲ੍ਹੀ ਥਾਂ 'ਚ ਸੌਂਦਾ ਸੀ। ਮੱਛਰਾਂ ਤੋਂ ਉਸਦਾ ਕੀ ਬਚਾਅ ਹੋ ਸਕਦਾ ਸੀ? ਮੱਛਰਦਾਨੀ ਲਾਉਣ ਲਈ ਇਕ ਮੰਜਾ ਤਾਂ ਚਾਹੀਦਾ ਸੀ ਉਸ ਦੇ ਕੋਲ ਤਾਂ ਉਹ ਵੀ ਨਹੀਂ ਸੀ। ਪਹਿਲਾਂ ਕਦੇ ਖਿਆਲ ਨਹੀਂ

ਆਇਆ ਕਿ ਅਜਿਹਾ ਹਾਦਸਾ ਹੋ ਸਕਦਾ ਹੈ। ਜੇ ਕਿਤੇ ਉਮਾਕਾਂਤ ਨੂੰ ਇਕ ਮੰਜੀ ਅਤੇ ਮੱਛਰਦਾਨੀ ਹੀ ਦੇ ਦਿੰਦੇ। ਕੇ. ਸੀ. ਦਾ ਮਨ ਇਕ ਸਾਥ ਹੀ ਅਜਿਹਾ ਨਾ ਕਰਨ ਦੇ ਲਈ ਪਛਤਾਵਾ ਅਤੇ ਆਪਣੀ ਪਤਨੀ ਲਿੱਲੀ ਦੇ ਪ੍ਰਤੀ ਮੱਛਰ ਤੋਂ ਉਨ੍ਹਾਂ ਸਭ ਦੀ ਜਾਨ ਬਚਾਉਣ ਦੇ ਲਈ ਹਮਦਰਦੀ ਨਾਲ ਭਰ ਗਿਆ।

ਜਿਸ ਦਿਨ ਲਿੱਲੀ ਨੇ ਕਲਕੱਤੇ ਦੀ ਮੁੱਖ ਸੜਕ 'ਤੇ ਮਲੇਰੀਆ ਦੇ ਖਤਰੇ ਤੋਂ ਜਾਣੂ ਕਰਵਾਉਂਦੇ ਹੋਏ ਮੱਛਰਾਂ ਦੀ ਵੱਡੀ ਸਾਰੀ ਤਸਵੀਰ ਵਾਲੇ ਦੋ ਵੱਡੇ ਹੋਰਡਿੰਗ ਦੇਖੇ ਸੀ, ਉਸ ਨੇ ਸਥਿਤੀ ਦੀ ਗੰਭੀਰਤਾ ਨੂੰ ਸਮਝ ਲਿਆ ਸੀ। ਉਸਦਾ ਤਰਕ ਸੀ... ਉਹ ਕਿੰਨਾ ਠੀਕ ਤਰਕ ਸੀ... ਕਿ ਕੀ ਸਰਕਾਰ ਮਲੇਰੀਆ ਤੋਂ ਛੋਟੀਆਂ ਵੱਡੀਆਂ ਮੌਤਾਂ ਹੋਣ ਤੇ ਐਨਾ ਪੈਸਾ ਇਸ਼ਤਿਹਾਰਾ 'ਤੇ ਖਰਚ ਕਰੇਗੀ? ਇਤਫਾਕ ਨਾਲ ਉਨ੍ਹਾਂ ਦਿਨ੍ਹਾਂ 'ਚ ਲਿੱਲੀ ਅਤੇ ਉਸ ਦਾ ਭਰਾ ਐਸ. ਪੀ. ਦੀ ਕੰਪਨੀ 'ਜਾਰਸਨ ਐਡਵਰਟਾਈਜਿੰਗ' ਨੂੰ 'ਕਲੀਅਰ ਆਊਟ' ਕੰਪਨੀ ਤੋਂ ਉਨ੍ਹਾਂ ਦਾ ਇਸ਼ਤਿਹਾਰ ਡਿਜਾਇਨ ਕਰਨ ਦੇ ਲਈ 'ਫ੍ਰੀ ਸੈਪਲ' ਦੇ ਤੌਰ ਤੇ ਮੱਛਰਾਂ ਨੂੰ ਭਜਾਉਣ ਵਾਲੀ ਪਲਾਸਟਿਕ ਦੀਆਂ ਸ਼ੀਸ਼ੀਆ ਦਾ ਇਕ ਵੱਡਾ ਡੱਬਾ ਤੋਹਫੇ ਵਜੋਂ ਮਿਲਿਆ ਸੀ। ਕੇ. ਸੀ. ਨੂੰ ਕਈ ਵਾਰ ਰਾਤ ਨੂੰ ਬਿਜਲੀ ਦਾ ਬਟਨ ਦਬਾ ਕੇ 'ਕਲੀਅਰ ਆਊਟ' ਚਾਲੂ ਕਰਕੇ ਹੀ ਬਿਸਤਰ ਉੱਤੇ ਆਉਣ ਦੀ ਲਿੱਲੀ ਦੀ ਆਦਤ ਉੱਤੇ ਗੁੱਸਾ ਆਉਂਦਾ ਸੀ, ਉਹਨੂੰ ਲੱਗਦਾ ਕਿ ਇਨ੍ਹਾਂ ਮੁਫ਼ਤ ਦੀਆਂ ਸ਼ੀਸ਼ੀਆ ਦੀ ਗੰਧ ਨਾਲ ਮੱਛਰ ਤਾਂ ਬਾਅਦ 'ਚ ਮਰੇਗਾ ਪਹਿਲਾਂ ਸਾਇਦ ਉਹ ਲੋਕ ਕਿਸੇ ਫੇਫੜੇ ਦੀ ਬਿਮਾਰੀ ਨਾਲ ਮਰ ਜਾਣਗੇ। ਪਰ ਲਿੱਲੀ ਦੇ ਚਿਹਰੇ 'ਤੇ ਇਸ ਮੁੱਦੇ ਉੱਤੇ ਕਿਸੇ ਤਰ੍ਹਾਂ ਦੀ ਬਹਿਸ ਕਰਨ ਦਾ ਇਰਾਦਾ ਨਾ ਦੇਖ ਕੇ ਕੇ. ਸੀ. ਨੇ ਉਸ ਮੁਸ਼ਕ ਨੂੰ ਸਹਿਣ ਦੀ ਆਦਤ ਪਾ ਲਈ ਸੀ। ਜਿਵੇਂ ਕਿ ਲਿੱਲੀ ਉਸ ਦੇ ਚਿਹਰੇ ਤੇ ਇਸ ਤਰ੍ਹਾਂ ਦੇ ਭਾਵ ਦੇਖ ਕੇ ਹਮੇਸਾਂ ਪਿੱਛੇ ਹਟ ਜਾਇਆ ਕਰਦੀ ਸੀ। ਵਿਆਹ ਤੋਂ ਪਹਿਲਾਂ ਹੀ ਉਨ੍ਹਾਂ ਦੋਹਾਂ ਨੇ ਫਾਲਤੂ ਦੀ ਬਹਿਸ-ਝਗੜੇ ਤੋਂ ਬਚਣ ਲਈ ਇਕ ਬਕਾਇਦਾ ਲਿਖਤੀ ਸਮਝੌਤਾ ਕੀਤਾ ਸੀ, ਜਿਸ ਦੇ ਲਈ ਉਹ ਆਪਣੀ ਆਪਣੀ ਜਿੰਦਗੀ ਆਪਣੇ-ਆਪਣੇ ਤਰੀਕੇ ਨਾਲ ਜੀਉਣ ਲਈ ਸੁਤੰਤਰ ਸੀ ਅਤੇ ਨਾ ਨਿਭਣ ਦੀ ਸੂਰਤ 'ਚ ਆਪਣਾ ਵੱਖਰਾ-ਵੱਖਰਾ ਰਾਹ ਚੁਣਨ ਦੇ ਲਈ ਵੀ ਕੇ. ਸੀ. ਨੇ ਪਾਸਾ ਬਦਲਦੇ ਹੋਇਆ ਦੁਖਦੇ ਲੱਕ ਨੂੰ ਕੁਝ ਆਰਾਮ ਦੇਣ ਦੇ ਲਈ ਦੋਹਾਂ ਗੋਢਿਆ ਦੇ ਵਿਚਕਾਰ ਇਕ ਸਿਰਹਾਣਾ ਰੱਖ ਲਿਆ। ਰਾਤ ਭਰ ਉਮਾਕਾਂਤ ਦੀ ਲਾਸ਼ ਦੇ ਨਜ਼ਦੀਕ ਕੁਰਸੀ ਤੇ ਬੈਠੇ ਰਹੇ। ਜੇ ਕਰ ਕੋਈ ਪੁੱਛੇ ਬਈ ਕਿਓ ਬੈਠੇ ਰਹੇ, ਤਾਂ ਸਾਇਦ ਜੀਵਨ 'ਚ ਪਹਿਲੀ ਵਾਰ ਕੇ ਸੀ ਦੇ ਕੋਲ ਕੋਈ ਸਹੀ ਸਹੀ ਉਤਰ ਨਹੀਂ ਹੋਵੇਗਾ। ਉਮਾਕਾਂਤ ਦਾ ਕੋਈ ਸਕਾ ਏਥੇ ਨਹੀਂ ਸੀ , ਕਿ ਇਸ ਲਈ? ਉਸ ਤੋਂ ਵਧੇਰੇ ਸਕਾ ਸੰਬੰਧੀ ਤਾਂ ਮਕਾਨ ਦਾ ਦੂਜਾ ਦਰਬਾਨ ਹੀ ਹੋਣਾ ਸੀ, ਜਿਹੜਾ ਉਂਝ ਵੀ ਮਲੇਰੀਆ ਹੋਣ ਦੇ ਕਾਰਨ ਉਸ ਦੀ ਦੇਖਭਾਲ ਕਰ ਰਿਹਾ ਸੀ। ਕੇ. ਸੀ. ਜਾਣਦਾ ਸੀ ਕਿ ਲਿੱਲੀ ਆਪਣੇ ਕੱਟੇ ਹੋਏ ਵਾਲ਼ਾ ਨੂੰ ਝਟਕੇ ਨਾਲ ਚਿਹਰੇ ਤੋਂ ਪਾਸੇ ਕਰਕੇ ਇਹ ਕਹਿ ਗਈ ਸੀ ਜਾਂ ਕਹਿਣਾ ਚਾਹੁੰਦੀ ਸੀ। ਉਸ ਨੂੰ ਉਹ ਦਰਬਾਨ ਦੇ ਘਰ ਭੇਜ ਕੇ ਸੱਦਿਆ ਜਾ ਸਕਦਾ ਸੀ ਜਾਂ ਉਨ੍ਹਾਂ ਦੇ ਨੌਕਰ ਹਰੀ ਨੂੰ ਕਿਹਾ ਜਾ ਸਕਦਾ ਸੀ ਕਿ ਉਹ ਰਾਤ ਭਰ ਉਥੇ ਹੀ ਬੈਠਾ ਰਹੇ। ਤਾਂ ਕੇ. ਸੀ. ਕੀ ਆਪਣੇ ਬਚਪਨ 'ਚ ਪਏ ਮਨ 'ਚ ਡਰ ਕਾਰਨ ਉਨ੍ਹਾਂ ਪੁਰਾਣੇ ਭੁੱਲੇ-ਵਿਸਰੇ ਸਾਥੀਆਂ ਦੇ ਕਿਸੇ ਤਰ੍ਹਾਂ ਦੇ ਦਬਾਅ 'ਚ ਆ ਕੇ ਉਥੇ ਬੈਠਾ ਸੀ? ਕੀ ਕੋਈ ਸੰਵੇਦਨਸ਼ੀਲਤਾ ਵਰਗੀ ਚੀਜ ਜਿਸ ਨੂੰ ਲੋਕੀ ਬੁੱਧੀ ਜਾਂ ਚੇਤਨਾ ਤੋਂ ਅੱਗੇ ਰਤਾ ਵੀ ਅਹਿਮੀਅਤ ਨਹੀਂ ਦਿੰਦੇ ਸੀ ਉਸ ਨੂੰ ਮਜਬੂਰ ਕਰ ਰਹੀ ਸੀ? ਬੁੱਧੀ , ਸਿਆਣਪ ਤਾਂ ਇਹੀ ਕਹਿੰਦੀ ਹੈ ਕਿ ਲਾਸ਼ਾਂ ਆਪਣੇ ਆਪ ਨੂੰ ਇਕੱਲੀ ਨਹੀਂ ਮਹਿਸੂਸ ਕਰ ਸਕਦੀ ਅਤੇ ਹਜਾਰਾਂ ਰੁਪਏ ਖਰਚ ਕਰਕੇ ਠੀਕ ਹੋ ਰਹੇ ਲੱਕ ਦਰਦ ਨੂੰ ਇਸ ਤਰ੍ਹਾਂ ਵਧਾਉਣਾ ਕੇਵਲ ਮੂਰਖਤਾ ਸੀ। ਕੇ. ਸੀ. ਨੂੰ ਆਪਣੇ ਡਾਕਟਰ ਦੇ ਕਲੀਨਿਕ ਦੀ ਰਿਸੈਪਸਨਿਸਟ ਮਿਸ ਸੈਨ ਚੇਤੇ ਆਈ, "ਇਹ ਕੀ ਗੱਲ ਹੋਈ ਮਿਸਟਰ ਚੌਧਰੀ ! ਤੁਹਾਡਾ ਦਰਦ ਫਿਰ ਐਨਾ ਵਧ ਗਿਆ ? ਕਿਵੇਂ ?" ਕੇ. ਸੀ. ਜਾਣਦਾ ਸੀ ਕਿ ਮਿਸ ਸੇਨ ਉਸਦੇ ਲੰਮੇ ਇਕਹਿਰੇ ਸਰੀਰ ਉਤੇ ਸਲੀਕੇ ਨਾਲ ਪਾਏ ਕੱਪੜਿਆ ਨੂੰ ਹਰ ਵਾਰ ਬਹੁਤ ਧਿਆਨ ਨਾਲ ਦੇਖਦੀ ਹੈ। ਕਈ ਵਾਰੀ ਉਹ ਸੋਚਦਾ ਕਿ ਮਿਸ ਸੈਨ ਉਸ ਦੇ ਬਾਰੇ 'ਚ ਕੀ ਸੋਚਦੀ ਹੋਵੇਗੀ। ਕੀ ਉਹ ਉਸ ਨੂੰ ਨਾ ਪਹਿਚਾਨਣ ਦਾ ਨਾਟਕ ਕਰਦੀ ਹੋਈ ਹੁਣ ਵੀ ਉਸਦੇ ਪ੍ਰਤੀ ਕੋਈ ਪੁਰਾਣੀ ਖਿੱਚ ਅੰਦਰ ਲਈ ਬੈਠੀ ਹੈ। ਸਾਇਦ ਮਿਸ ਸੈਨ ਕਰਕੇ ਹੀ ਉਸ ਨੂੰ ਪੁਰਾਣੇ ਸਾਥੀਆਂ ਦਾ ਚੇਤਾ ਆਇਆ ਹੈ। ਕਿੰਨਾ ਦਿਮਾਗ਼ੀ ਤੌਰ ਤੇ ਹੁਸਿਆਰ ਸੀ ਮਿਸ ਸੈਨ ਦਾ ਭਰਾ ਸੁਧਾਂਸ਼ੂ ਅਤੇ ਕੇ. ਸੀ. ਨੂੰ ਤਾਂ ਬਿਲਕੁਲ ਗੁਰੂ ਵਾਂਗ ਉਸ ਦੇ ਪ੍ਰਤੀ ਸਰਧਾ ਸੀ। ਅਤੇ ਮਿਸ ਸੇਨ ਆਪਣੇ ਭਰਾ ਤੋਂ ਇਕ ਸਾਲ ਛੋਟੀ, ਉਸ ਦੇ ਬਰਾਬਰ ਦੀ ਲੱਗਦੀ, ਕਿਵੇਂ ਪੂਰੇ ਧਿਆਨ ਨਾਲ ਲੋਕਾਂ ਦੀਆਂ ਜੋਸ਼ ਨਾਲ ਭਰੀਆਂ, ਦੁਨੀਆਂ ਨੂੰ ਬਦਲਣ ਦੀਆਂ ਗੱਲਾਂ ਸੁਣਿਆ ਕਰਦੀ ਸੀ। ਉਹ ਲੋਕ ਨਕਸਲਵਾਦੀਆਂ ਨਾਲ



ਹਮਦਰਦੀ ਦੀ ਗੱਲ ਕਰਦੇ , ਭਾਵੇਂ ਕਿ ਸਭ ਜਾਣਦੇ ਸਨ ਕਿ ਜੇਕਰ ਉਨ੍ਹਾਂ ਵਿਚੋਂ ਕਿਸੇ ਦੇ ਸੂਈ ਤੱਕ ਚੁੱਭੇਗੀ ਤਾਂ ਲਹੂ ਦੀ ਇਕ ਬੂੰਦ ਵੀ ਨਿਕਲਣ ਦਾ ਇਰਾਦਾ ਨਹੀਂ ਕਰ ਸਕਦੇ। ਅਤੇ ਨਾ ਹਿੰਮਤ। ਪਰ ਬਾਅਦ 'ਚ ਸੁਧਾਂਸ਼ੂ ਪਤਾ ਨੀ ਕਿਵੇਂ ਪੁਲਿਸ ਦੀ ਗੋਲੀ ਦਾ ਸ਼ਿਕਾਰ ਹੋ ਕੇ ਮਾਰਿਆ ਗਿਆ ਤੇ ਉਹ ਸਾਰਾ ਗਰੁਪ ਖਿੰਡ-ਪੁੰਡ ਗਿਆ ਸੀ।

ਮਿਸ ਸੇਨ ਨੂੰ ਪਹਿਲੀ ਵਾਰੀ ਕਲੀਨਿਕ 'ਚ ਘੁੰਮਦੇ ਦੇਖ ਕੇ ਪਹਿਚਾਣ ਲਿਆ ਸੀ। ਉਹ 'ਮਿਸ' ਸੇਨ ਸੁਣ ਕੇ ਤ੍ਰਬਕਿਆ ਸੀ ਕਿ ਸ਼ਾਰਵਣੀ ਨੇ ਵਿਆਹ ਨਹੀਂ ਕੀਤਾ? ਉਸ ਦਾ ਮਨ ਪਤਾ ਨਹੀਂ ਕਿਓਂ ਅਜਿਹਾ ਬਣ ਗਿਆ ਸੀ। ਇਕ ਤਰ੍ਹਾਂ ਦੀ ਨਿਰਾਸ਼ਾ ਦਾ ਅਨੁਭਵ ਹੋਇਆ ਸੀ ਉਸ ਨੂੰ। ਸੁਧਾਂਸ਼ੂ ਦੀ ਮੌਤ ਤੋਂ ਬਾਅਦ ਕੇ. ਸੀ. ਨੂੰ ਉਸਦੇ ਪਰਿਵਾਰ ਵੱਲ ਝਾਕਣ 'ਚ ਵੀ ਡਰ ਲੱਗਦਾ ਸੀ। ਫਿਰ ਜਿਸ ਪਿਤਾ ਦਾ ਵਿਰੋਧ ਕਰਨ ਦੇ ਲਈ ਉਹ ਜ਼ਮਾਨੇ ਦੀ ਹਵਾ ਦੇ ਨਾਲ ਚਲ ਰਹੇ ਸਨ, ਉਸਦੀ ਵੀ ਸੁਧਾਂਸ਼ੂ ਦੇ ਮਰਨ ਉਪਰੰਤ ਅਗਲੇ ਦਿਨ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਸੀ। ਆਪਣੇ ਆਪ ਇਸ ਤਰ੍ਹਾਂ ਮੌਕਾ ਮੇਲ, ਬਹਾਨੇ ਅਜਿਹੇ ਬਣ ਗਏ ਕਿ ਸਾਰੇ ਯਾਰ ਬੇਲੀਆਂ ਨੂੰ ਛੱਡਕੇ ਕੇ. ਸੀ. ਪਿਤਾ ਜੀ ਦੀ ਖੰਡ ਦੀ ਮਿੱਲ੍ਹ ਨੂੰ ਸੰਭਾਲਣ ਦੇ ਲਈ ਕਲਕੱਤਾ ਤੇ ਬਿਹਾਰ ਦੇ ਵਿਚਕਾਰ ਚੱਕਰ ਲਾਉਣ ਲੱਗਾ ਸੀ। ਪਿਤਾ ਦੇ ਮਰਨ ਉਪਰੰਤ ਮਾਂ ਨੂੰ ਬੰਗਾਲੀ ਤੋਂ ਇੱਛਾ ਮਨ ਇੱਛਾ ਮਾਰਵਾੜੀ ਬਣਾਉਣ ਦੇ ਲਈ ਕੇ. ਸੀ. ਦੇ ਪਿਤਾ ਨਾਲ ਨਾ ਕਹਿ ਸਕਣ ਵਾਲੀਆ ਸਿਕਾਇਤਾਂ ਅਤੇ ਉਸਦੇ ਲਹੂ 'ਚ ਬੰਗਲਾ ਭਾਸ਼ਾ ਦੇ ਲਈ ਪੈਦਾ ਹੋਇਆ ਮੋਹ ਦੋਵੇਂ ਹੀ ਇਕ ਦਮ ਠੰਢੇ ਹੋ ਗਏ ਸੀ। ਫਿਰ ਕੇ. ਸੀ. ਦੇ ਵਿਆਹ ਤੋਂ ਛੇ ਮਹੀਨੇ ਬਾਅਦ ਉਸ ਦੀ ਮਾਂ ਨੇ ਉਸ ਨੂੰ ਜਿਹੜਾ ਝਟਕਾ ਦਿੱਤਾ ਸੀ, ਉਸ ਤੋਂ ਮਹੀਨੇ ਬਾਅਦ ਤਾਂ ਉਨ੍ਹਾਂ ਪੁਰਾਣੀਆਂ ਗੱਲਾਂ 'ਚੋਂ ਕੋਈ ਅਰਥ ਖੁਰਚਣ ਤੋਂ ਬਾਅਦ ਵੀ ਨਹੀਂ ਨਿਕਲਦਾ ਸੀ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਜਿਨ੍ਹਾਂ ਗੱਲਾਂ ਕਰਕੇ ਕਦੇ ਜੀਊਣ ਮਰਨ ਵਰਗੀਆਂ ਚੀਜ਼ਾਂ ਜੁੜੀਆਂ ਰਹਿੰਦੀਆਂ ਹਨ, ਉਹ ਅੱਗੇ ਚਲ ਕੇ ਐਨੀਆਂ ਬੇਅਰਥ ਹੋ ਜਾਂਦੀਆਂ ਹਨ ਕਿ ਬਹੁਤ ਯਤਨ ਕਰਨ ਦੇ ਬਾਵਜੂਦ ਉਨ੍ਹਾਂ ਦੇ ਕੋਈ ਅਰਥ ਨਹੀਂ ਨਿਕਲਦੇ।

ਤਾਂ ਅੱਜ ਜਨਮ ਦਿਨ ਦੀ ਸਵੇਰੇ ਉਹ ਕਿਓਂ ਲੰਮਾ ਪਿਆ ਪਿਆ ਸ਼ਾਰਵਣੀ ਦੇ ਬਾਰੇ 'ਚ ਐਨਾ ਸੋਚ ਰਹੇ ਹਨ? ਉਸ ਨੂੰ ਇਕ ਵਾਰ ਵੀ 'ਮਿਸ ਸੇਨ ਦੀ ਥਾਂ ਉਸਦੇ ਨਾਂ ਨਾਲ ਉਹਨੂੰ ਬੁਲਾ ਨਹੀਂ ਸਕੇ। ਜੇਕਰ ਸੱਚਮੁੱਚ ਹੀ ਉਸਨੂੰ ਪੁੱਛੇ ਕਿ ਉਸਦਾ ਦਰਦ ਫਿਰ ਕਿਵੇਂ ਐਨਾ ਵਧ ਗਿਆ ਤਾਂ ਕੀ ਉਸ ਨੂੰ ਕਹਿ ਸਕਣਗੇ ਕਿ ਰਾਤ ਭਰ ਉਹ ਪੱਚੀ ਸਾਲ ਦੇ ਦਰਬਾਨ ਦੀ ਲਾਸ਼ ਦੀ ਬਗਲ 'ਚ ਕੁਰਸੀ ਡਾਹ ਕੇ ਗਰਾਜ 'ਚ ਬੈਠਾ ਰਹੇ। ਕੀ ਉਹ ਇਸ ਗੱਲ 'ਤੇ ਯਕੀਨ ਕਰੇਗੀ। ਜੇ ਕਰ ਉਹ ਵਿਅੰਗ ਨਾਲ ਹੱਸ ਕੇ ਉਸ ਦੇ ਮਹਿੰਗੇ ਕੱਪੜਿਆ ਵੱਲ ਦੇਖਣ ਲੱਗ ਪਈ ਤਾਂ? ਇਹ ਗੱਲ ਮਨ 'ਚ ਆਉਂਦਿਆ ਹੀ ਕੇ. ਸੀ. ਤ੍ਰਬਕ ਕੇ ਉੱਠੇ । ਭੂਰੇ.. ਰੰਗ ਹੀਣ, ਪਲਾਸਟਿਕ ਦੇ ਵੱਡੇ ਸਾਰੇ ਚਸਮੇ 'ਚ ਆਪਣੇ ਛੋਟੇ ਚਿਹਰੇ ਨੂੰ ਅੱਧਾ ਕੁ ਬੰਗਾਲੀ ਸਾੜੀ ਨਾਲ ਲਕੋਈ ਹੋਈ ਸਧਾਰਨ ਜਿਹੀ ਸ਼ਾਰਵਣੀ ! ਕਲੱਕਤੇ 'ਚ ਸਾਇਦ ਹਰ ਕਲੀਨਿਕ 'ਚ ਠੀਕ ਅਜਿਹੀਆਂ ਹੀ ਲੜਕੀਨੁਮਾ ਔਰਤਾਂ ਜਾਂ ਔਰਤ ਨੁਮਾ ਲੜਕੀਆਂ ਹੁੰਦੀਆਂ ਹਨ ਅਤੇ ਉਸ ਦੀ ਬਗਲ 'ਚ ਠੀਕ ਇਸ ਤਰ੍ਹਾਂ ਦਾ ਹੀ ਸਿਰ 'ਤੇ ਥੋੜੇ ਜਿਹੇ ਕੁੰਡਲ ਨੁਮਾ ਵਾਲ਼ਾ ਨੂੰ ਤੇਲ ਨਾਲ ਮੱਥੇ ਨਾਲ ਚਿਪਕਾਏ , ਮਹੀਨ ਡੱਬੀਆਂ ਵਾਲੀ ਕਮੀਜ਼ ਪਾਈ ਹੋਈ ਕਈ ਪੀੜੀਆਂ ਦੇ ਸੰਸਕਾਰ ਦਾ ਪਹਿਰਾਵਾ ਪਾਈ ਹੋਈ ਅਧਖੜ ਉਮਰ ਉਸ ਦਾ ਇਕ ਬੰਗਾਲੀ ਆਦਮੀ। ਸ਼ਾਰਵਣੀ 'ਚ ਅਜਿਹਾ ਕੀ ਹੈ ਕਿ ਉਹ ਉਸ ਦੇ ਸੰਬੰਧ 'ਚ ਐਨਾ ਸੋਚੇ ? ਅਤੇ ਆਪਣੀ ਬਗਲ 'ਚ ਬੈਠਣ ਵਾਲੇ ਉਸ ਅਧਖੜ ਆਦਮੀ ਵਰਗੇ ਕਿਸੇ ਆਦਮੀ ਨਾਲ ਉਸਨੇ ਵਿਆਹ ਨਹੀਂ ਕੀਤਾ, ਤਾਂ ਇਸ ਦੇ ਬਾਰੇ 'ਚ ਉਹ ਕਿਓ ਫਿਕਰ ਕਰੇ। ਸਭ ਦੀ ਆਪਣੀ ਜ਼ਿੰਦਗੀ ਹੈ।

ਕੇ. ਸੀ. ਨੇ ਅੱਖਾਂ ਬੰਦ ਕੀਤਿਆ ਸੁਣਿਆ ਕਿ ਲਿੱਲੀ ਦੋਵੇਂ ਬੱਚਿਆ ਨੂੰ ਅੰਗਰੇਜੀ 'ਚ ਬੋਲ ਬੋਲ ਕੇ ਸਮਝਾ ਰਹੀ ਸੀ ਉਸ ਨੂੰ ਜਨਮ ਦਿਨ ਦੀ ਵਧਾਈ ਦੇਣ ਲਈ ਉਠਾਉਣਾ ਠੀਕ ਨਹੀ ਉਹ ਰਾਤ ਭਰ ਜਾਗੇ ਹਨ। ਕੇ. ਸੀ. ਨੇ ਅੱਖਾਂ ਦੇ ਛੱਪਰਾਂ ਨੂੰ ਇਕ ਦਮ ਸਥਿਰ ਕਰ ਲਿਆ ਤਾਂ ਕਿ ਲਿੱਲੀ ਨੂੰ ਪਤਾ ਨਾ ਲੱਗੇ ਕਿ ਉਹ ਜਾਗ ਰਿਹਾ ਹੈ। ਜਦੋਂ ਬੱਚੇ ਕਾਲਜ ਚਲੇ ਜਾਣਗੇ ਤਾਂ ਲਿੱਲੀ ਆਫਿਸ। ਥੋੜ੍ਹੀ ਦੇਰ ਦੀ ਗੱਲ ਹੈ। ਉਦੋਂ ਤੱਕ ਇੰਝ ਹੀ ਲੰਮਾਂ ਪਿਆ ਰਹਾਂ। ਉਨ੍ਹਾਂ ਦੇ ਜਾਣ ਉਪਰੰਤ ਹੀ ਸ਼ੋਰ ਸ਼ਰਾਬਾ ਕਰਾਗੇ।

ਸਵੇਰੇ ਛੇ ਵਜੇ ਆ ਕੇ ਡਰਾਇਵਰ ਨੇ ਡੈੱਥ ਸਰਟੀਫਿਕੇਟ ਦਿੱਤਾ। ਉਹ ਸਵੇਰ ਦੀ ਟ੍ਰੇਨ ਤੋਂ ਕਿਸੇ ਨਜ਼ਦੀਕ ਦੇ ਕਸਬੇ ਤੋਂ ਪਰਤਿਆ ਸੀ। ਤਾਂ ਜਾ ਕੇ ਕਿਤੇ ਲਾਸ਼ ਗੱਡੀ ਉਮਾਕਾਂਤ ਨੂੰ ਲੈ ਕੇ ਗਈ। ਜਿਸ ਘਰ

'ਚੋਂ ਤੁਰੰਤ ਲਾਸ਼ ਉੱਠੀ ਹੋਵੇ, ਉਥੇ ਇਸ ਤਰ੍ਹਾਂ ਜਨਮ ਦਿਨ ਦਾ ਜਸ਼ਨ ਮਨਾਉਣਾ ਕਿੰਨਾ ਘਟੀਆ ਹੈ। ਮਾਂ ਤਾਂ ਜੇ ਮੁੱਹਲੇ 'ਚ ਵੀ ਕੋਈ ਮਰ ਜਾਂਦਾ ਸੀ ਤਾਂ ਲਾਸ਼ ਚੁਕਣ ਤੱਕ ਪਾਣੀ ਨਹੀਂ ਪੀਂਦੀ ਸੀ। ਬਹਰਹਾਲ ਇਹ ਸੰਸਕਾਰ ਮਾਂ ਨੇ ਆਪਣੇ ਬੰਗਾਲੀ ਮਾਂ-ਬਾਪ ਤੋਂ ਲਏ ਸਨ, ਜਾਂ ਮਾਰਵਾੜੀ ਸੱਸ ਸਹੁਰੇ ਤੋਂ? ਕੇ. ਸੀ. ਸੋਚਦਾ ਰਿਹਾ। ਪਰ ਮਾਂ ਦੇ ਸੰਬੰਧ 'ਚ ਅਤੇ ਬਹੁਤ ਸਾਰੇ ਸਵਾਲਾ ਦੇ ਵਾਂਗ ਉਸ ਨੂੰ ਇਸ ਸਵਾਲ ਦਾ ਕੋਈ ਜਵਾਬ ਨਹੀਂ ਮਿਲਿਆ।

ਮਾਂ ਨੇ ਆਪਣਾ ਸਾਰਾ ਬੰਗਾਲੀਪਨ ਕਿਵੇਂ ਰਾਤੋ ਰਾਤ ਛੱਡ ਦਿੱਤਾ ਸੀ। ਜ਼ਿੰਦਗੀ ਦੀ ਸਮਝ ਆਉਣ ਤੇ ਆਪਣੇ ਵਿਆਹ ਦੇ ਛੇ ਮਹੀਨੇ ਬਾਅਦ ਤੱਕ ਕੇ. ਸੀ. ਵਾਰ ਵਾਰ ਇਕ ਗੱਲ ਤੇ ਹੈਰਾਨ ਹੁੰਦੇ ਰਹੇ ਸਨ ਕਿ ਕਦੀ ਮਾਂ ਨੂੰ ਬੰਗਾਲੀ 'ਚ ਕਿਸੇ ਨਾਲ ਗੱਲਬਾਤ ਕਰਦੇ ਹੋਇਆ ਨਹੀਂ ਸੁਣਿਆ। ਕਿਵੇਂ ਸੁੱਧ ਹਿੰਦੀ 'ਚ ਦਾਦਾ-ਦਾਦੀ ਅਤੇ ਪਿਤਾ ਜੀ ਨਾਲ ਗੱਲਾਂ ਕਰਦੀ। ਕਦੇ ਵੀ ਪਤੀ ਨੂੰ ਬੰਗਾਲੀ ਔਰਤਾਂ ਵਾਂਗ 'ਤੁਮ' ਨਹੀਂ ਕਿਹਾ। ਮਾਰਵਾੜੀ ਔਰਤਾਂ ਦੇ ਵਾਂਗ ਸਭ ਦੇ ਸਾਹਮਣੇ 'ਤੁਸੀਂ' ਕਹਿੰਦੀ ਅਤੇ ਅੱਗੇ ਪਿੱਛੇ ਨਾਂ ਨਾ ਲੈ ਕੇ 'ਏਹ' ਕਹਿੰਦੀ ਕਦੀ ਵੀ 'ਸਾਖਾ ਕੜਾ' ਵਰਗਾ ਬੰਗਾਲੀ ਔਰਤ ਦਾ ਸੁਹਾਗ ਚਿੰਨ ਨਹੀਂ ਪਾਇਆ। ਸਾਰੇ ਵਰਤ-ਤਿਓਹਾਰ ਪੂਰੇ ਨਿਯਮ ਨਾਲ ਰੱਖਦੀ। ਸਾਇਦ ਇਸ ਲਈ ਆਪਣੀ ਇਕਲੌਤੀ ਔਲਾਦ ਦਾ ਨਾਂ ਆਪਣੇ ਦਾਦਾ ਦੇ ਨਾਮ ਤੇ ਜਦ ਮਾਂ ਨੇ 'ਕਾਲੀਦਾਸ' ਰੱਖਣ ਨੂੰ ਕਿਹਾ ਹੋਵੇਗਾ, ਤਾਂ ਪਤੀ-ਸੱਸ-ਸੁਹਰਾ ਅਜਿਹੀ ਅਦਰਸ਼ ਨੂੰਹ ਨੂੰ ਪਹਿਲੀ ਅਤੇ ਅੰਤਿਮ ਪ੍ਰਗਟ ਹੋਈ ਇੱਛਾ ਦੀ ਉਲੰਘਣਾ ਨਹੀਂ ਕਰ ਸਕੇ। ਇਸ ਤਰ੍ਹਾਂ ਉਹ ਬਣ ਗਿਆ ਕਾਲੀਦਾਸ ਚੌਧਰੀ। ਪੂਰਾ ਬੰਗਾਲੀ ਨਾਮ, ਕਿਉਂਕਿ ਚੌਧਰੀ ਬੰਗਾਲੀਆਂ 'ਚ ਵੀ ਹੁੰਦੇ ਹਨ। ਪਰ ਨਾਂ ਤੋਂ ਇਲਾਵਾ ਬੰਗਾਲੀਪਨ ਉਸ 'ਚ ਰਿਹਾ ਹੀ ਨਹੀਂ। ਪੜ੍ਹੇ ਅੰਗਰੇਜੀ ਸਕੂਲ ਵਿਚ ਜਿਥੇ ਨਾਂ ਹਿੰਦੀ ਬੋਲਣ ਦੀ ਆਗਿਆ ਸੀ ਤੇ ਨਾਂ ਹੀ ਬੰਗਲਾ ਬੋਲਣ ਦੀ। ਜਦੋਂ ਕਾਲੀਦਾਸ ਚੌਧਰੀ ਨੂੰ ਥੋੜੀ ਜਿਹੀ ਅਕਲ ਆਈ ਤਾਂ ਉਸ, ਨੂੰ ਆਪਣੇ ਨਾਂ ਤੋਂ ਕਿਨੀ ਨਿਰਾਸ਼ਾ ਤੇ ਉਦਾਸੀ ਹੋਈ, ਜਿਨੀ ਅੱਜ ਤੱਕ ਉਸ ਨੂੰ ਕਿਸੇ ਚੀਜ ਤੋਂ ਨਹੀਂ ਹੋਈ ਆਪਣੇ ਬਚਪਨ ਤੋਂ ਅੱਜ ਤੱਕ ਦੇ ਜਿਗਰੀ ਦੋਸਤ ਸ਼ਸ਼ੀ ਪ੍ਰਸਾਦ ਦੇ ਨਾਲ ਮਿਲ ਕੇ, ਜਿਸ ਨੂੰ ਆਪਣੇ ਔਰਤ ਨੁਮਾ ਨਾਂ ਤੋਂ ਉਨੀ ਚਿੜ ਸੀ। ਉਸ ਨੇ ਇਕ ਰਸਤਾ ਕੱਢਿਆ। ਕੇ. ਸੀ. ਅਤੇ ਐਸ. ਪੀ. ਇਹ ਨਾਂ ਇੰਝ ਪ੍ਰਚਲਤ ਹੋ ਗਏ ਕਿ ਅੱਜ ਤੱਕ ਮਾਂ ਤੋਂ ਇਲਾਵਾ ਕਿਸੇ ਹੋਰ ਨੇ ਉਸ ਨੂੰ 'ਕਾਲੀ' ਕਹਿ ਕੇ ਬੁਲਾਇਆ ਨਹੀਂ ਅਤੇ ਐਸ. ਪੀ. ਐਡਵਰਟਾਈਜਿੰਗ ਕੰਪਨੀ ਦੀ ਤਰੱਕੀ ਨੇ ਐਸ. ਪੀ. ਨੂੰ ਵੀ ਸਸ਼ੀ ਨਾਂ ਤੋਂ ਮੁਕਤੀ ਦਿਵਾ ਦਿੱਤੀ। ਐਸ. ਪੀ. ਅਤੇ ਕੇ. ਸੀ. , ਕੇ. ਸੀ. ਅਤੇ ਐਸ. ਪੀ.। ਕੀ ਆਪਣੇ ਨਾਂ ਤੋਂ ਮੁਕਤੀ ਦੀ ਭਾਈਵਾਲੀ ਨੇ ਉਨ੍ਹਾਂ ਦੀਆਂ ਬਾਕੀ ਭਾਈਵਾਲੀਆਂ ਦੀ ਸ਼ੁਰੂਆਤ ਕਰ ਦਿੱਤੀ ਸੀ? ਦੋਵੇਂ ਇਕੋ ਸਮੇਂ ਮਾਰਕਸਿਸਟ ਬਣੇ। ਦੋਹਾਂ ਨੇ ਆਪਣੇ ਹਿੰਦੀਪਨ ਅਤੇ ਹਿੰਦੂਪਨ ਤੋਂ ਮੁਕਤੀ ਦੇ ਲਈ 'ਬੀਫ਼' ਖਾਧੀ ਇਕੱਠੇ ਹੀ। ਫਿਰ ਸੁਧਾਂਸ਼ ਦੀ ਮੌਤ ਤੋਂ ਬਾਅਦ ਦੋਹਾਂ ਨੇ ਆਪਣੇ ਰਾਹ ਇਕੱਠੀ ਹੀ ਬਦਲ ਲਏ। ਅੰਤ 'ਚ ਐਸ. ਪੀ. ਦੀ ਭੈਣ ਨਾਲ ਵਿਆਹ ਕਰਕੇ , ਜਿਹੜੀ ਐਸ ਪੀ ਐਡਵਰਟਾਈਜਿੰਗ 'ਚ ਆਪਣੇ ਭਰਾਂ ਦੀ 'ਵਰਕਿੰਗ ਪਾਰਟਨਰ' ਸੀ। ਕੇ ਸੀ ਨੇ ਆਪਣੀ ਹਿੱਸੇਦਾਰੀ ਉੱਤੇ ਵਿਆਹ ਦੀ ਮੋਹਰ ਲਗਾ ਦਿੱਤੀ। ਤੇ ਜੇ ਸਮਝਿਆ ਜਾਵੇ ਤਾਂ ਇਹ ਸਮਝਦਾਰੀ ਦੀ ਵੀ ਮੋਹਰ ਸੀ। ਦੂਰ, ਬਹੁਤ ਦੂਰ ਦੇਖਣ ਦੀ ਸਮਝ।

ਕੀ ਇਹੀ ਸਮਝਦਾਰੀ ਨਹੀਂ ਸੀ ਜਿਸਦੇ ਕਾਰਨ ਉਮਾਕਾਂਤ ਦੀ ਥਾਂ ਉਸਦੇ ਬੇਟੇ ਦੀ ਲਾਸ਼ ਗਰਾਜ 'ਚ ਨਹੀਂ ਰੱਖੀ ਗਈ ਸੀ? 'ਕਲੀਅਰ ਆਊਟ' ਕੰਪਨੀ ਦੇ ਮੁਫ਼ਤ ਦੇ ਸੈਂਪਲ ਅੱਜ ਵੀ ਮੱਛਰਾਂ ਤੋਂ ਸੁਰੱਖਿਅਤ ਰੱਖ ਰਹੇ ਹਨ। ਇਸ ਗੱਲ ਨੂੰ ਉਹ ਲੜਕੀ ਮਾਰਵਾੜੀ ਉਰਫ ਮਿਸ ਸੇਨ ਤਾਂ ਕੀ ਸਮਝੇਗੀ, ਮਾਂ ਨੇ ਹੀ ਕਦੀ ਨਹੀਂ ਸਮਝਿਆ। ਤਾਂ ਕੀ ਮਾਂ ਇਹ ਸਮਝ ਰਹੀ ਸੀ ਕਿ ਉਸਦਾ 'ਕਾਲੀ' ਕਿਸੇ ਬੰਗਾਲੀ ਲੜਕੀ ਨਾਲ ਵਿਆਹ ਕਰਾ ਕੇ ਮੁੜ ਇਤਿਹਾਸ ਨੂੰ ਦੁਹਰਾਵੇਗਾ? ਕੇ. ਸੀ. ਦੇ ਮਨ 'ਚ ਇਹ ਵਿਚਾਰ ਆਉਣ ਤੇ ਅੱਜ ਵੀ ਉਨੀਂ ਹੀ ਹੈਰਾਨੀ ਹੁੰਦੀ ਹੈ, ਜਿਨੀ ਪਹਿਲੀ ਵਾਰੀ ਅਜਿਹਾ ਹੋਣ ਤੇ ਹੋਈ ਸੀ। ਮਾਂ ਦੇ ਮਨ ਚ ਦਫ਼ਨ ਅਣਕਹੇ ਰਹੱਸਾਂ ਨੂੰ ਤਾਂ ਉਸਦਾ ਭਗਵਾਨ ਵੀ ਨਹੀਂ ਸਮਝ ਸਕਦਾ ਹੋਵੇਗਾ, ਅੰਤ ਕਿਸੇ ਹੋਰ ਦੀ ਤਾਂ ਹਿੰਮਤ , ਮਜਾਲ ਹੀ ਕੀ? ਜਿਸ ਔਰਤ ਨੇ ਆਪਣੇ ਬੇਟੇ ਨਾਲ ਕਦੀ ਵੀ ਇਕ ਸ਼ਬਦ ਆਪਣੀ ਮਾਤ ਭਾਸ਼ਾ ਦਾ ਨਹੀਂ ਬੋਲਿਆ, ਜਿਸ ਨੂੰ ਆਪਣੇ ਕਦੀ ਵੀ ਨਾ ਦੇਖੇ ਨਾਨਾ ਮਾਮਾ ਦੇ ਘਰ ਦੀ ਭਾਸ਼ਾ ਆਪਣੇ ਦੋਸਤਾਂ-ਮਿੱਤਰਾਂ ਤੋਂ ਸਿੱਖਣੀ ਪਈ, ਜਿਹੜਾ ਕੇਵਲ ਆਪਣੇ ਬੇਟੇ ਦੇ ਜਨਮ ਦਿਨ ਉੱਤੇ ਉਸਦੀ ਜਿਦ ਕੇ ਕਾਰਨ ਸਾਲ ਭਰ 'ਚ ਇਕ ਬੰਗਲਾ ਗੀਤ ਗਾਉਂਦੀ ਸੀ, ਉਹ ਮਨ ਹੀ ਮਨ ਉਮੀਦ ਕਰ ਰਹੀ ਸੀ ਕਿ ਉਸਦਾ ਬੇਟਾ ਇਕ ਬੰਗਾਲੀ ਨੂੰਹ ਉਸਦੇ ਲਈ



ਲਿਆਵੇਗਾ।

ਮਾਂ ਨੇ ਐਸ. ਪੀ. ਦੀ ਭੈਣ, ਉਸਦੀ ਪਤਨੀ ਲੀਲਾ ਉਰਫ ਲਿੱਲੀ ਨੂੰ ਸਮਝਣ-ਜਾਨਣ ਦੀ ਰਤਾ ਭਰ ਵੀ ਇੱਛਾ ਨਹੀਂ ਕੀਤੀ। ਉਸ ਨੂੰ ਕਦੇ ਨਹੀਂ ਲੱਗਾ ਕਿ ਇਹ ਕੱਟੇ ਵਾਲ਼ਾ ਵਾਲੀ, ਅੰਗਰੇਜੀ ਬੋਲਣ ਵਾਲੀ ਸਾੜੀ ਨਾ ਪਾਉਣ ਵਾਲੀ ਲੜਕੀ ਦੇ ਅੰਦਰ ਵੀ ਪ੍ਰੇਮ ਸਨਮਾਨ ਦੀ ਉਹੋ ਜਿਹੀ ਚਾਹਤ ਹੋਵੇਗੀ, ਜਿਹੜੀ ਕਦੀ ਇਕ ਮੁੰਡੇ ਦੇ ਪਿਆਰ 'ਚ ਪੈ ਕੇ ਘਰ ਬਾਹਰ ਛੱਡ ਕੇ ਭੱਜ ਆਉਣ ਵਾਲੀ ਉਸ ਬੰਗਾਲੀ ਕੁੜੀ 'ਚ ਸੀ। ਜਿਹੜੀ ਉਹ ਖੁਦ ਸੀ। ਜਦੋਂ ਉਸ ਦੇ ਸੱਸ-ਸੁਹਰੇ ਨੇ ਐਨੀ ਵੱਖਰੀ ਹੋਣ ਦੇ ਬਾਵਜੂਦ ਉਸ ਨੂੰ ਅਪਣਾ ਲਿਆ ਸੀ ਤਾਂ ਉਸ ਨੂੰ ਲਿੱਲੀ ਨੂੰ ਅਪਣਾਉਣ ਦੀ ਕਿਹੜੀ ਮੁਸ਼ਕਲ ਸੀ। ਉਸ ਨੇ ਮਾਸ-ਮੱਛੀ ਖਾਣੀ ਪਤੀ ਦੇ ਲਈ ਛੱਡ ਦਿੱਤੀ ਸੀ। ਤਾਂ ਨੂੰਹ ਨੂੰ ਫਿਰ ਸਵੀਕਾਰ ਕਰਨ 'ਚ ਕਿਹੜੀ ਮੁਸ਼ਕਲ ਸੀ। ਖਾਸ ਕਰਕੇ ਜਦੋਂ ਉਹੀ ਨਹੀਂ ਰਿਹਾ ਜਿਸ ਨੇ ਸਭ ਕੁਝ ਛੱਡ ਦਿੱਤਾ ਸੀ।

ਕੇ. ਸੀ. ਨੇ ਅੱਖਾਂ ਖੋਲ ਕੇ ਸਾਹਮਣੇ ਤਾਕੀ ਦੇ ਸ਼ੀਸ਼ੇ ਚੋਂ ਆਉਂਦੀ ਠੰਡ ਦੀ ਧੁੱਪ ਨੂੰ ਦੇਖਿਆ। ਘਰ 'ਚ ਸਾਂਤੀ ਹੋ ਗਈ ਸੀ। ਸਾਰੇ ਆਪਣੇ ਆਪਣੇ ਕੰਮ ਉੱਤੇ ਚਲੇ ਗਏ ਸਨ। ਮਾਂ ਨੇ ਬਹੁਤ ਧੋਖਾ ਦਿੱਤਾ ਸੀ ਉਸ ਨੂੰ ਸੱਚ ਪੁੱਛਿਆ ਜਾਵੇ ਤਾਂ ਉਸ ਵਰਗਾ ਧੋਖਾ ਕਿਸੇ ਨੇ ਵੀ ਨਹੀਂ ਦਿੱਤਾ। ਕੇ. ਸੀ. ਨੂੰ ਧੁੱਪ ਮੱਧਮ ਪੈ ਰਹੀ ਲੱਗੀ। ਅੱਜ ਉਸ ਨੂੰ ਕੀ ਹੋ ਗਿਆ ਹੈ। ਜਿਸ ਮਾਂ ਨੂੰ ਭੁੱਲਣ 'ਚ ਉਸ ਨੂੰ ਕੋਈ ਮੁਸ਼ਕਲ ਨਹੀਂ ਹੋਈ। ਅੱਜ ਪੱਚੀ ਸਾਲ ਬਾਅਦ ਕਿਉਂ ਲੰਮੇ ਪਏ ਪਏ ਉਸ ਸੰਬੰਧੀ ਸਿਕਾਇਤਾ ਦੀ ਪੋਟਲੀ ਖੋਲ੍ਹੀ ਜਾ ਰਹੇ ਹਨ? ਕੁਝ ਕਿਹਾ ਨਹੀਂ ਮਾਂ ਨੇ ਬਸ ਇਕ ਪੱਤਰ ਲਿਖ ਕੇ ਵਰਿੰਦਾਬਨ ਦੇ ਆਪਣੇ ਜੱਦੀ ਮੰਦਿਰ ... ਸਿਨਹਾ ਖਾਨਦਾਨ ਦੇ ਬੰਗਾਲੀ ਵਿਧਵਾ ਦਾ ਜੀਵਨ ਬਤੀਤ ਕਰਨ। ਇਹ ਵੀ ਚੰਗੀ ਗੱਲ ਹੋਈ, ਜਦੋਂ ਸੈਨ ਜੀ ਬੰਗਾਲੀ ਤੋਂ ਮਾਰਵਾੜੀ ਬਣ ਗਈ, ਤੇ ਫਿਰ ਵਾਪਸ ਬੰਗਾਲਣ। ਕਿਸੇ ਨੇ ਦੱਸਿਆ ਕਿ ਗਲੇ 'ਚ ਤੁਲਸੀ ਦੇ ਪੱਤੇ ਤੇ ਬਿਨਾ ਕਿਨਾਰੇ ਦੀ ਚਿੱਟੀ ਧੋਤੀ ਪਾ ਸਿਰ ਗੰਜਾ ਕਰਵਾ ਕੇ ਚੰਦਨ ਦਾ ਤਿਲਕ ਲਾ ਕੇ ਉਸ ਮੰਦਰ ਦੇ ਵਿਹੜੇ ਬਣੇ ਇਕ ਕਮਰੇ 'ਚ ਇਕ ਦੂਜੀ ਬੰਗਾਲੀ ਵਿਧਵਾ ਦੇ ਨਾਲ ਰਹਿੰਦੀ ਹੈ ਮਾਂ ਹੁਣ ਵੀ। ਹੁਣ ਤਾਂ ਸੱਤਰ ਸਾਲਾਂ ਦੀ ਹੋ ਗਈ ਹੋਵੇਗੀ ਮਾਂ... ਕੀ ਉਸ ਨੂੰ ਉਸ ਵਾਂਗ ਕਦੀ ਕਿਤੇ ਦਰਦ ਨਹੀਂ ਹੁੰਦਾ ਹੋਵੇਗਾ?

ਕੇ. ਸੀ. ਨਹੀਂ ਗਿਆ ਕਦੇ ਵਰਿੰਦਾਬਨ। ਮਾਂ ਨੇ ਚਿੱਠੀ 'ਚ ਲਿਖਿਆ ਸੀ ਕਿ ਮੇਰੇ ਮਗਰ ਨਹੀਂ ਆਉਣਾ। ਮਾਂ ਦੀ ਗੱਲ ਠੀਕ ਰਹੇ। ਕੁਝ ਲੋਕ ਦੁਨੀਆਂ 'ਚ ਅਜਿਹੇ ਹੀ ਹੁੰਦੇ ਹੋਣਗੇ, ਜਿਹੜੇ ਜਦ ਮਨ ਕੀਤਾ ਕਿ ਇਕ ਦਮ ਆਪਣਾ ਦੂਜਾ ਜੀਵਨ ਸ਼ੁਰੂ ਕਰ ਸਕਦੇ ਹਨ। ਜਦ ਮਾਂ ਨੇ ਉਹਨੂੰ ਛੱਡਣ 'ਚ ਕੋਈ ਪਰਿਸ਼ਾਨੀ ਨਹੀਂ ਸੀ, ਤਾਂ ਉਹ ਕਿਉਂ ਫਜ਼ੂਲ 'ਚ ਪਰੇਸ਼ਾਨ ਹੁੰਦੀ ? ਪਹਿਲਾ ਕਦੇ ਹਵਾ-ਪਾਣੀ ਬਦਲਣ ਦੇ ਲਈ ਬੰਗਾਲ ਬਿਹਾਰ ਸੀਮਾ ਦੇ ਪਾਰ ਸਿਮੁਲਤਲਾ ਦੀ ਆਪਣੀ ਉਸ ਕੋਠੀ 'ਚ ਜਾ ਕੇ ਰਹਿੰਦੀ, ਜਿਥੇ ਮਾਂ ਅਤੇ ਪਿਤਾ ਜੀ ਦੇ ਪਿਆਰ ਦਾ ਮੁੱਢ ਬੱਝਾ ਸੀ, ਤਾਂ ਮਾਂ ਦੀ ਯਾਦ ਆ ਜਾਂਦੀ ਹੈ। ਉਥੇ ਦੀ ਧੁੱਪ ਦਾ ਰੰਗ ਮਾਂ ਦੀ ਯਾਦ ਦਵਾ ਦਿੰਦਾ ਚਾਰੇ ਪਾਸੇ ਫੈਲਿਆ ਹੋਇਆ ਪਲਾਸ਼ ਦੇ ਦਰਖਤਾ ਦਾ ਜੰਗਲ ਮਾਂ ਦੀ ਯਾਦ ਦਵਾ ਦਿੰਦਾ । ਹੋਰ ਵੀ ਨਾ ਜਾਣੇ ਕੀ ਕੀ ਪਤਾ ਨੀ ਕਿਵੇਂ ਮਾਂ ਉਥੋਂ ਦੀ ਹਵਾਂ-ਧੁੱਪ ਪਾਣੀ 'ਚ ਘੁਲੀ ਹੋਈ ਸੀ। ਮਾਂ ਦਾ ਪਰਿਵਾਰ ਕਈ ਪੀੜ੍ਹੀਆਂ ਤੋਂ ਉਥੇ ਵਸਿਆ ਹੋਇਆ ਸੀ, ਪਰ ਆਪਣੇ ਪੁੱਤਰ ਦੇ ਕਿਤੇ ਚਲੇ ਜਾਣ ਤੋਂ ਉਪਰੰਤ ਪਤਾ ਨਹੀਂ ਕਿਥੇ ਚਲਾ ਗਿਆ ਸੀ। ਬਾਅਦ 'ਚ ਲਿੱਲੀ ਦੇ ਸੁਝਾਅ ਤੇ ਕੇ. ਸੀ. ਨੇ ਸਿਮੁਲਤਲਾ ਦੀ ਕੋਠੀ ਵੇਚ ਕੇ ਬੰਗਲੂਰ 'ਚ ਇਕ ਥਾਂ ਜ਼ਮੀਨ ਖਰੀਦ ਲਈ ਸੀ। ਹਵਾ ਪਾਣੀ ਬਦਲਣਾ ਹੋਵੇ ਤਾਂ ਇਕ ਥਾਂ ਅਜਿਹੀ ਚਾਹੀਦੀ ਹੈ ਜਿਥੇ ਪਤਨੀ ਬੱਚੇ ਖੁਦ ਜਾਣ ਨੂੰ ਰਾਜੀ ਹੋਣ, ਇਕ ਸਜਾ ਕੱਟਣ ਵਾਂਗ ਨਾ ਜਾਣ।

ਕੇ ਸੀ ਨੇ ਫਿਰ ਪਾਸਾ ਬਦਲਿਆ ਲੱਗਦਾ ਹੈ 'ਪੇਨ ਕਿਲਰ' ਗੋਲੀ ਖਾਣੀ ਪਵੇਗੀ..., ਦਰਦ ਅਰਾਮ ਕਰਨ ਤੇ ਵੀ ਵੱਧਦਾ ਜਾ ਰਿਹਾ ਹੈ। ਐਨੀ ਦੇਰ ਬੈਠਣਾ ਨਹੀਂ ਚਾਹੀਦਾ ਸੀ। ਭੁੱਲ ਗਿਆ ਮੈਂ। ਪਤਾ ਨਹੀਂ ਉਸ 'ਤੇ ਕਿਹੜਾ ਭੂਤ ਸਵਾਰ ਹੋ ਗਿਆ ਸੀ। ਠੀਕ ਹੈ ਕਿ ਉਮਾਕਾਂਤ ਦੇ ਇਸ ਘਰ ਨਾਲ ਪੁਰਾਣਾ ਗੂੜਾ ਸੰਬੰਧ ਸੀ... ਉਸਦਾ ਬਾਪ ਪਹਿਲਾ ਏਥੇ ਹੀ ਪਹਿਰੇਦਾਰ ਸੀ ਉਸਦੀ ਦਾਦੀ ਵੀ ਕਈ ਸਾਲ ਮਾਂ ਦੇ ਕੋਲ ਏਥੇ ਰਹੀ ਸੀ। ਸਾਇਦ ਇਕ ਵਾਰ ਉਮਾਕਾਂਤ ਦਾ ਪਿਤਾ ਇਲਾਜ਼ ਦੇ ਲਈ ਉਸ ਨੂੰ ਸਿਮੁਲਤਲਾ ਤੋਂ ਕਲਕੱਤੇ ਲੈ ਕੇ ਆਇਆ ਸੀ ਤੇ ਫਿਰ ਉਹ ਠੀਕ ਹੋ ਕੇ ਇਥੇ ਹੀ ਘਰ ਦਾ ਕੰਮ ਕਰਨ ਲੱਗ ਪਈ ਸੀ। ਕੀ ਨਾਂ ਸੀ ਉਸਦਾ, ਕੇ. ਸੀ. ਨੇ ਦਿਮਾਗ਼ 'ਤੇ ਜੋਰ ਲਗਾਇਆ ਉਸ ਨੂੰ ਉਮਾਕਾਂਤ ਦੀ ਦਾਦੀ ਦਾ ਨਾਂ ਚੇਤੇ ਨਹੀਂ ਆਇਆ। ਪਰ ਇਕ ਅਜਿਹੀ ਘਟਨਾ ਫਿਲਮੀ ਦ੍ਰਿਸ਼ ਵਾਂਗ ਚੇਤੇ ਆ ਗਈ, ਜਿਸ ਦੇ ਬਾਰੇ 'ਚ ਇਹਨੂੰ ਚਿਤ ਚੇਤਾ ਵੀ ਨਹੀਂ ਸੀ ਉਹ ਉਸ

ਦੀਆਂ ਯਾਦਾਂ 'ਚ ਮੌਜੂਦ ਹੈ। ਗਰਾਜ ਦੇ ਪਿੱਛਲਾ ਪਾਸੇ ਹਮੇਸ਼ਾ ਬੰਦ ਰਹਿਣ ਵਾਲੀ ਖਿੜਕੀ ਦੇ ਛੇ ਸੱਤ ਸਾਲ ਦੀ ਉਮਰ 'ਚ ਦੇਖਿਆ ਗਿਆ ਇਕ ਦ੍ਰਿਸ਼, ਮਾਂ ਇਕ ਔਰਤ, ਉਮਾਕਾਂਤ ਦੀ ਦਾਦੀ ... ਦੀ ਲਾਸ਼ ਦੇ ਬਗਲ 'ਚ ਦੀਵਾ ਜਗਾ ਕੇ ਕੁਝ ਦੂਰ ਬੈਠੀ ਹੋਈ ਹੈ ਤੇ ਫਿਰ ਸਵੇਰੇ ਸਵੇਰੇ 'ਰਾਮ ਨਾਮ ਸੱਤ ਹੈ' ਦੇ ਨਾਲ ਇਕ ਮੰਜੇ ਉਤੇ ਉਸ ਲਾਸ਼ ਨੂੰ ਲੈ ਜਾਣ ਦਾ ਦ੍ਰਿਸ਼। ਕੇ. ਸੀ. ਨੂੰ ਏਥੋਂ ਤੱਕ ਚੇਤੇ ਆਇਆ ਕਿ ਥੋੜ੍ਹੇ ਜਿਹੀ ਕਣਕ ਕੇ ਦਾਣੇ ਜੋ ਲਾਸ਼ ਦੇ ਪੈਰਾ ਵੱਲ ਰੱਖੇ ਗਏ ਸਨ, ਕਾਫੀ ਦੇਰ ਤੱਕ ਬਾਹਰ ਦੀ ਸੜਕ ਉੱਤੇ ਪਏ ਰਹੇ ਸੀ।

ਜੇ ਕਿ ਅੱਖਾਂ ਅੱਡੀ ਹੈਰਾਨ ਹੋਏ ਸੁੰਨ ਜਿਹੇ ਪਏ ਸੀ। ਤਾਂ ਇਹ ਸੀ ਉਸਦੇ ਦਿਮਾਗ਼ ਦਾ ਭੂਤ !ਉਨ੍ਹਾਂ ਨੇ ਅਣਜਾਨੇ 'ਚ ਹੀ ਮਾਂ ਦੀ ਪ੍ਰੰਪਰਾ ਨੂੰ ਨਿਭਾਇਆ ਸੀ, ਹਲਾਕਿ ਉਨ੍ਹਾਂ ਨੂੰ ਪਤਾ ਸੀ ਕਿ ਇਹ ਮਾਂ ਦੀ ਆਪਣੇ ਮਾਤਾ-ਪਿਤਾ ਦੀ ਪ੍ਰੰਪਰਾ ਸੀ ਜਾਂ ਮਾਂ ਦੇ ਸੱਸ-ਸਹੁਰੇ ਦੀ। ਮਾਂ ਨੂੰ ਸਾਇਦ ਉਨ੍ਹਾਂ ਬੰਗਾਲੀਆਂ ਨਾਲ ਦੋਸਤੀ ਰੱਖਣਾ ਵੀ ਬਹੁਤ ਪਸੰਦ ਨਹੀਂ ਸੀ ਪਤਾ ਨੀ ਕਿਓ ਉਸੇ ਪਲ ਕੇ. ਸੀ. ਨੂੰ ਅਜਿਹਾ ਲੱਗਾ। ਕਦੇ ਵੀ ਮਾਂ ਨੇ ਆਪਣੀ ਪਸੰਦ ਜਾਂ ਨਾ ਪਸੰਦ ਉਨ੍ਹਾਂ ਨੂੰ ਨਹੀਂ ਦੱਸੀ। ਆਪਣੇ ਲਹੂ ਤੇ ਸਰੀਰ ਤੋਂ ਬਣੇ ਆਪਣੇ ਪੁੱਤਰ ਨੂੰ ਵੀ ਨਹੀਂ। ਤਾਂ ਕੀ ਮਾਂ ਨੂੰ ਚੰਗਾ ਹੀ ਲਗਦਾ, ਜੇਕਰ ਉਹ ਉਸਦੀ ਆਗਿਆ ਦਾ ਪਾਲਣਾ ਦਾ ਵਿਰੋਧ ਕਰਕੇ ਵਰਿੰਦਾਵਨ ਜਾਂਦੇ ਮਾਂ ਨਾਲ ਮਿਲਦੇ ?

ਕੇ. ਸੀ. ਉਠ ਪਏ। ਪਤਨੀ ਨੂੰ ਦਫ਼ਤਰ ਵਿੱਚ ਫੋਨ ਕੀਤਾ। ਜਨਮ ਦਿਨ ਮੁਬਾਰਕਵਾਦ ਦਾ ਧੰਨਵਾਦ ਦੇ ਕੇ ਹਿੰਦੀ 'ਚ ਕਿਹਾ, ''ਲਿੱਲੀ ਮੈਂ ਅੱਜ ਵਰਿੰਦਾਵਨ ਜਾ ਰਿਹਾ ਹਾਂ, ਮਾਂ ਨੂੰ ਮਿਲਣ।'' ਪਲ ਭਰ ਟੈਲੀਫੂਨ ਦੀ ਲਾਇਨ 'ਤੇ ਖ਼ਮੋਸ਼ੀ ਰਹੀ। ਉਹ ਸਮਝ ਗਿਆ ਕਿ ਉਹ ਕਹਿਣਾ ਚਾਹੁੰਦੀ ਹੋਵੇਗੀ ਕਿ ਉਹਨ੍ਹਾਂ ਨੂੰ ਪਤਾ ਵੀ ਹੈ ਕਿ ਮਾਂ ਜਿਉਂਦੀ ਹੈ ਜਾਂ ਨਹੀਂ ? ਉਹ ਇਹ ਵੀ ਜਾਣਦੇ ਸੀ ਕਿ ਲਿੱਲੀ ਇਹ ਗੱਲ ਕਹੇਗੀ ਨਹੀਂ। ਭਾਵੇਂ ਕਿ ਉਨ੍ਹਾਂ ਨੂੰ ਨਹੀਂ ਪਤਾ, ਫਿਰ ਵੀ ਉਹ ਜਾਣਗੇ।

ਕੇ. ਸੀ. ਨੂੰ ਅਚਾਨਿਕ ਆਪਣੀ ਪਰਸਨਲ ਫਾਇਲ 'ਚ ਰੱਖਿਆ ਵਿਆਹ ਤੋਂ ਪਹਿਲਾ ਦਾ ਇਕਰਾਰਨਾਮਾ-ਪੱਤਰ ਚੇਤੇ ਆਇਆ ਅਤੇ ਉਨ੍ਹਾਂ ਨੂੰ ਲੱਗਿਆ ਕਿ ਲਿੱਲੀ ਨੇ ਵੀ ਹੁਣੇ ਹੁਣੇ ਉਸਦੇ ਬਾਰੇ 'ਚ ਸੋਚਿਆ ਹੈ। ''ਮੈਂ ਆਉਂਦੀ ਹਾਂ ਸਮਾਨ ਪੈਕ ਕਰਨ ਦੇ ਲਈ, ਉਥੇ ਠੰਡ ਹੋਵੇਗੀ। ਤੁਹਾਨੂੰ ਦਵਾਈਆ ਦੀ ਜਰੂਰਤ ਪੈ ਸਕਦੀ ਹੈ। '' ਲਿੱਲੀ ਨੇ ਹਮੇਸਾਂ ਦੇ ਵਾਂਗ ਸਹੀ ਫੈਸਲਾ ਲੈ ਕੇ ਸਾਰੀਆਂ ਠੀਕ ਗੱਲਾਂ ਕਹੀਆ। ਕੇ ਸੀ ਅੱਜ ਮਨੋ ਪਸੀਜ ਗਏ, ''ਨਹੀਂ ਲਿੱਲੀ, ਆਫਿਸ ਛੱਡ ਕੇ ਆਉਣ ਦੀ ਲੋੜ ਨਹੀਂ, ਤੂੰ ਜਾਣਦੀ ਏ, ਮੈਂ ਸਾਰਾ ਕੁਝ ਠੀਕ-ਢੰਗ ਨਾਲ ਸਮਾਨ ਰੱਖ ਲਵਾਗਾ ਮੈਂ ਏਅਰ ਪੋਰਟ ਦੇ ਲਈ ਤੁਰੰਤ ਨਿਕਲ ਜਾਵਾ ਗਾ। ਦਿੱਲੀ ਦੀ ਪਹਿਲੀ ਫਲੈਟ ਲੈਣੀ ਹੈ। ਐਸ. ਪੀ. ਕੀ ਕਰ ਰਿਹਾ ਹੈ? ਉਸ ਨੂੰ ਕਹਿਣਾ ਪਰਤ ਆਉਣ ਤੇ ਗੱਲਬਾਤ ਕਰਾਗਾ।'' ਉਹ ਜਾਣਦਾ ਸੀ ਕਿ ਉਹ ਲਿੱਲੀ ਦੇ ਮਨ ਮੁਤਾਬਿਕ ਸਾਰੀਆਂ ਠੀਕ ਗੱਲਾਂ ਕਰ ਰਿਹਾ ਹੈ ਅਤੇ ਉਹ ਪ੍ਰਸ਼ੰਨ ਹੋਈ ਹੈ।

''ਅੱਛਾ , ਇਕ ਮਿੰਨਟ ਹੋਰ ਮੇਰੇ ਨਾਲ ਗੱਲਬਾਤ ਕਰ ਸਕਦੇ ਹੋ?'' ਲਿੱਲੀ ਦੇ ਬੋਲਾਂ 'ਚ ਦੋਸਤੀ ਦਾ ਬੀਜ ਸੀ, ''ਉਮਾਕਾਂਤ ਦੇ ਮਰਨ ਦੀ ਗੱਲ ਐਮ. ਪੀ. ਨੂੰ ਦੱਸੀ ਤਾਂ ਉਹ ਬਹੁਤ 'ਸ਼ੱਕਡ' ਹੋਇਆ। ਉਸਨੇ ਸੋਚਿਆ ਹੈ ਕਿ 'ਕਿਲੀਅਰ ਆਊਟ' ਦੇ 'ਮਿਲੇਨੀਅਮ ਏਡ' ਚ ਜਿਸ 'ਚ ਉਸਦਾ ਬਜਟ ਇਕ ਮਿਲੀਅਨ ਰੁਪਏ ਹੈ, ਅਸੀਂ ਮਲੇਰੀਏ ਤੋਂ ਹੋਏ ਇਸ 'ਡੈੱਥ' ਨੂੰ 'ਯੂਜ਼' ਕਰਾਗੇ । ਇਟ ਵਿਲ ਮੇਕ ਏ ਗੁੱਡ ਇਫੈਕਟ... ਨਹੀਂ? ਤੁਸੀਂ ਕੀ ਸੋਚਦੇ ਹੋ? ਨਵਾਂ ਮਿਲੇਨੀਅਮ 'ਚ ਇਸ਼ਤਿਹਾਰਾ ਦੀ ਭਾਸ਼ਾ ਦੂਸਰੇ ਤਰ੍ਹਾਂ ਦੀ ਹੋਣੀ ਹੀ ਹੈ। ਤੂੰ ਦੇਖਿਆ ਹੈ ਕਿ ਕਿਸੇ ਪਲਾਈਵੁੱਡ ਕੰਪਨੀ ਦੀ ਉਹ 'ਐਡ' ਟੀ. ਵੀ. ਉਤੇ ... ਇਕ ਗੰਜੇ ਸਿਰ ਵਾਲੇ ਬੰਦੇ ਦੇ ਸਿਰ ਤੇ ਗਰਮ ਉਬਲਦਾ ਹੋਇਆ ਖਾਣਾ-ਪੀਣਾ ਕੀ ਕੀ ਪਾਉਂਦੇ ਹਨ। ਫਿਰ ਹਥੌੜੇ ਵੀ ਮਾਰਦੇ ਹਨ। ਹੁਣ ਦਰਸ਼ਕਾਂ ਨੂੰ ਮੈਸੇਜ਼ ਦੇਣ ਦੇ ਲਈ ਸ਼ੱਕ ਜ਼ਰੂਰੀ ਹੈ। ਕਿਓ ? ਠੀਕ ਹੈ ਨਾ।'' ਲਿੱਲੀ ਨੂੰ ਬੋਲਦੇ ਬੋਲਦੇ ਅਫਸੋਸ ਹੋਇਆ ਕਿ ਉਹ ਹਮੇਸਾਂ ਠੀਕ ਰਹਿਣ ਵਾਲੀ ਦਲੀਲ ਨਹੀਂ ਜਾਣ ਸਕੀ ਕਿਉਂਕਿ ਲਾਈਨ ਪਤਾ ਨਹੀਂ ਕਿਵੇਂ ਕੱਟ ਹੋ ਗਈ ਸੀ। ਦੁਬਾਰਾ ਫੋਨ ਕਰਨਾ ਉਹ ਵੀ ਕੇਵਲ ਇਸ ਗੱਲ ਦੇ ਲਈ ਕੋਈ ਸਮਝਦਾਰੀ ਨਹੀਂ ਸੀ, ਕੇ. ਸੀ. ਬਹੁਤ ਜਲਦੀ ਵਿਚ ਸੀ।



ਕਹਾਣੀ

# ਸੁਪਨਾ ਹੀ ਰਸਤਾ ਹੈ

ਲਵਲੀਨ



ਲਵਲੀਨ ਨੌਵੇਂ ਦਹਾਕੇ 'ਚ ਉੱਭਰੀ ਹਿੰਦੀ ਦੀ ਚਰਚਿਤ ਕਹਾਣੀਕਾਰ ਹੈ, ਇਸਤਰੀ ਅੰਦੋਲਨ 'ਚ ਵੱਧ ਚੜ੍ਹ ਕੇ ਹਿੱਸਾ ਲੈ ਰਹੀ ਹੈ। ਦੋ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ ਇਕ ਨਾਵਲ।

ਪੈਰ ਆਪ ਮੁਹਾਰੇ ਚਲ ਰਹੇ ਹਨ... ਜਾਣੀ-ਪਹਿਚਾਣੀ ਸੜਕ ਤੋਂ ਜਾਣੂ, ਪਹਿਚਾਣ 'ਚ ਬੰਨੇ ਹੋਏ। ਆਪਣੇ ਸ਼ਰੀਰ ਦਾ ਨਾਜ਼ਕ ਭਾਰ ਸਾਂਭਦੇ ਹੋਏ। ਅੱਖਾਂ ਦੇਖ ਰਹੀਆਂ ਹਨ। ਉਹ ਰੋਜ਼ਾਨਾ ਦੇ ਦੇਖੇ ਦ੍ਰਿਸ਼ਾ ਨੂੰ ਮਨ 'ਚ ਚਿਤਵ ਰਹੀਆਂ ਹਨ। ਜਿਹੜੇ ਦ੍ਰਿਸ਼ ਕੱਪੜੇ ਦੇ ਥਾਨ ਵਾਂਗ ਖੁੱਲਦੇ ਜਾ ਰਹੇ ਹਨ ਤਹਿ ਦਰ ਤਹਿ ਉਲਟ ਕੇ ਉਜਾਗਰ ਹੁੰਦਾ ਹੋਇਆ ਪੈਰ ਚੱਲਦੇ ਹਨ ਨਿਰੰਤਰ ਪਹੁੰਚਦੇ ਕਿਤੇ ਵੀ ਨਹੀਂ। ਅੱਖਾਂ ਦੇਖਦੀਆਂ ਹਨ ਅਤੇ ਛੱਡ ਦਿੰਦੀਆਂ ਹਨ। ਅੰਦਰ ਤੱਕ ਕੁਝ ਵੀ ਜ਼ਜ਼ਬ ਨਹੀਂ ਹੁੰਦਾ । ਸ਼ਰੀਰ 'ਚ ਗਤੀ ਹੈ। ਜਦੋਂ ਦਿਸਦੇ ਦ੍ਰਿਸ਼ ਧੁੰਦਲੇ ਹੋ ਜਾਣ ਤੇ ਤੁਸੀਂ ਦੇਖੋ ਡੁੱਬਦੇ ਹੋਏ ਸੂਰਜ ਦੀ ਲਾਲੀ ਨਾਲ ਭਰਿਆ ਆਕਾਸ਼ ਅਤੇ ਪੈਰ ਆਪ ਮੁਹਾਰੇ ਧਰਤੀ ਨੂੰ ਮਿਣਦੇ ਜਾਣ, ਉਦੋਂ ਸਾਰਾ ਕੁਝ ਲੁਕਣ-ਮੀਟੀ ਦੀ ਖੇਡ ਵਰਗਾ ਬਣ ਜਾਂਦਾ ਹੈ। ਦਿਮਾਗ਼ 'ਚ ਉਥਲ-ਪੁਥਲ ਹੋਣ ਲੱਗ ਪੈਂਦੀ ਹੈ। ਇਸ ਅਣਜਾਣੀ ਕਾਂਵਾ ਰੌਲੀ 'ਚ ਸਾਲਾ ਦਿਸਦਾ ਕੁਝ ਹੋਰ ਹੈ ਅਤੇ ਮਨ 'ਚ ਚਿਤਵ ਹੁੰਦਾ ਕੁਝ ਹੋਰ ਹੈ।

ਦਿਨ ਭਰ ਆਫਿਸ ਅਤੇ ਫੀਲਡ ਦੀ ਭੱਜ ਦੌੜ। ਸ਼ਾਮ ਹੁੰਦੇ ਹੁੰਦੇ ਦਿਮਾਗ਼ ਪੱਕੇ ਹੋਏ ਫੋੜੇ ਵਰਗਾ ਟਸ ਟਸ ਕਰਨ ਲੱਗਦਾ ਹੈ। ਸਿਰ ਐਨਾ ਭਾਰਾ ਹੋ ਜਾਂਦਾ ਹੈ ਕਿ ਜਿਵੇਂ ਮੋਢੇ 'ਤੇ ਕੋਈ ਵਜਨੀ ਭਾਰ ਰੱਖਿਆ ਹੋਵੇ। ਕੜਕ ਕਰਕੇ ਉਸਦੀ ਜੁੱਤੀ ਦੇ ਥੱਲੇ ਕੁਝ ਟੁੱਟਿਆ। ਸਾਇਦ ਪਲਾਸਟਿਕ ਦਾ ਟੁਕੜਾ ਅਤੇ ਉਹ ਡਿੱਗਦੀ ਡਿੱਗਦੀ ਸੰਭਲ ਗਈ। ਡਿੱਗ ਜਾਣ ਦੇ ਭੈਅ ਤੋਂ ਬਾਅਦ ਸੰਭਲਨਾ , ਡਿੱਗ ਜਾਣ ਦੇ ਡਰ ਨੂੰ ਤਾਂ ਮਨ 'ਚ ਪੈਦਾ ਕਰ ਹੀ ਜਾਂਦਾ ਹੈ। ਇਕ ਵਾਰ ਤਾਂ ਸਾਹ ਰੁਕ ਹੀ ਜਾਂਦਾ ਹੈ। ਬੋਖਲਾਹਟ ਦੇ ਭੈਅ ਤੋਂ ਨਿਕਲ ਕੇ ਉਹ ਸਾਹਮਣੇ ਦੇਖਣ ਲੱਗ ਪਈ। ਘਰ ਸਾਹਮਣੇ ਸੀ। ਗੇਟ ਖੋਲਦੇ ਸਮੇਂ ਉਸ ਨੂੰ ਜਾਣੀ-ਪਹਿਚਾਣੀ ਛੋਹ ਦਾ ਅਹਿਸਾਸ ਹੋਇਆ। ਕਿ ਕਦੀ ਕੋਈ ਉਸ ਲਈ ਵੀ ਆਵੇਗਾ। ਇਸ ਤਰ੍ਹਾਂ ਮੇਨ ਗੇਟ ਦੀ ਕੁੰਡੀ ਖੋਲੇਗਾ, ਉਸ ਦੇ ਘਰ ਤੱਕ ਪਹੁੰਚੇਗਾ। ਉਸ ਨੂੰ ਸੰਭਾਲ ਲਵੇਗਾ। ਡਾਕ ਦਾ ਡੱਬਾ ਖੋਹਲਿਆ ਇਕ ਕਿਰਲੀ ਨੇ ਉਸ ਵੱਲ ਸਿਰ ਚੁੱਕ ਕੇ ਦੇਖਿਆ।

''ਸੌਰੀ ਕਿਰਲੀ ਜੀ। ਤੁਹਾਡਾ ਇਕਾਂਤ ਭੰਗ ਕਰਨ ਦੀ ਦੋਸ਼ੀ ਹਾਂ। ਪਰ ਮੈਨੂੰ ਮੇਰੇ ਇਕਾਂਤ ਨੂੰ ਭਰਨ ਦੇ ਲਈ ਇਕ ਅੱਧੀ ਚਿੱਠੀ ਚਾਹੀਦੀ ਸੀ।'' ਕੋਈ ਚਿੱਠੀ ਨਾ ਦੇਖ ਉਸ ਨੂੰ ਬਹੁਤੀ ਨਿਰਾਸ਼ਾ ਹੋਈ। ਕਮਰੇ ਦਾ ਜਿੰਦਾ ਖੋਹਲਿਆ ਤਾਂ ਫਰਸ਼ 'ਤੇ ਇਕ ਕਾਗਜ ਦਾ ਟੁਕੜਾ ਦਿਖਾਈ ਦਿੱਤਾ।

'ਆਈ ਐਮ ਟਫ਼ ਐਂਡ ਡਿਫੀਕਲਟ। ਆਈ ਡੂ ਨਾਟ ਮਾਂਇੰਡ ਬੀਇੰਗ ਬਟਰ, ਇਫ ਯੂ ਵਿਲ ਬੀ ਮਾਈ ਟੋਸਟ।'' ਉਹ ਪੜ੍ਹ ਕੇ ਹੈਰਾਨ ਹੋ ਗਈ। ਹਾਸਾ ਅਤੇ ਰਹਿਮ ਇਕ ਵਾਰ ਹੀ ਮਨ 'ਚ ਉਪਜਿਆ। ਕੌਣ ਹੈ ਇਹ ਜੋ ਉਸਦੀ ਗੈਰ ਹਾਜਰੀ 'ਚ ਇਹ ਰੰਗੀਨ ਚਿਟ ਉਸ ਲਈ ਛੱਡਣ ਦੇ ਲਈ ਦਰਵਾਜੇ ਦੇ ਥੱਲਿਓ ਦੀ ਅੰਦਰ ਸੁੱਟ ਗਿਆ ਹੈ। ਕਮਾਲ ਦਾ ਆਈਡੀਆ ਹੈ ਅਪਰੋਚ ਦੇ ਲਈ ਪਰ ਹੈ ਕੌਣ ਇਹ? ਉਹ ਇਸ ਬੰਗਲੇ ਦੇ ਗੈਰਜ਼ ਦੇ ਉਪਰ ਬਣੇ ਵਨ ਰੂਮ ਸੈਟ 'ਚ ਰਹਿੰਦੀ ਹੈ। ਉਸਦਾ ਘਰ ਮੂਲ ਘਰ ਦਾ ਐਕਸ਼ਟੇਨਸ਼ਨ ਹੈ, ਜਿਸ 'ਚ ਬਹੁਤ ਜਿਆਦਾ ਘੁਟਨ ਹੈ। ਅੰਦਰ ਆ ਕੇ ਉਹ ਬਰੀਕੀ ਨਾਲ ਕਮਰੇ ਦਾ ਮੁਆਇਨਾ ਕਰਦੀ ਹੈ। ਜਿਵੇਂ ਉਸਦੇ ਜਾਣ ਤੋਂ ਬਾਅਦ ਘਰ 'ਚ ਕੋਈ ਛੁਪਿਆ ਦੁਸ਼ਮਣ ਆ ਨਾ ਗਿਆ ਹੋਵੇ। ਉਸ ਨੇ ਸਭ ਕੁਝ ਸਮਾਨ




ਏਧਰ-ਉਧਰ ਨਾ ਕਰ ਦਿੱਤਾ ਹੋਵੇ ਪਰ ਸਾਰਾ ਕੁਝ ਠੀਕ-ਠਾਕ ਦੇਖ ਕੇ ਉਹਨੂੰ ਤਸੱਲੀ ਹੋਈ। ਝੋਲਾ ਕਿੱਲੀ 'ਤੇ ਟੰਗ ਕੇ ਧੜੱਮ ਕਰਕੇ ਤਖਤ ਪੋਸ਼ 'ਤੇ ਪਸਰ ਗਈ। ਅੰਗੜਾਈ ਲੈ ਕੇ ਜਿਸਮ ਦੇ ਸਾਰੇ ਅੰਗਾਂ ਪੈਰਾਂ ਨੂੰ ਠੀਕ ਕੀਤਾ। ਅਤੇ ਆਦਮ ਕੱਦ ਸ਼ੀਸ਼ੇ ਦੇ ਮੂਹਰੇ ਆ ਕੇ ਖੜੀ ਹੋ ਗਈ। ਅਪਰਾ ! ਇਹ ਤੂੰ ਏਂ। ਉਸ ਦੇ ਉਪਰ ਕੋਈ ਲੱਟੂ ਹੋ ਜਾਵੇ ਅਜਿਹੀ ਖੂਬਸੂਰਤੀ ਉਸ ਕੇ ਕੋਲ ਨਹੀਂ ਹੈ। ਉਹ ਸ਼ੁਰੂ ਤੋਂ ਹੀ ਆਪਣੇ ਸਰੀਰ ਦੀ ਬਨਾਵਟ ਤੋਂ ਨਾ ਖੁਸ਼ ਰਹੀ ਹੈ। ਇਸ ਇਕਹਿਰੀ ਤੇ ਪਤਲੇ ਸਰੀਰ ਤੇ ਛਾਤੀਆਂ ਦਾ ਉਭਾਰ ਨਾ ਮਾਤਰ ਹੋਣ ਦਾ ਉਸ ਨੂੰ ਦੁੱਖ ਹੈ। ਲੰਮੀ ਜਰੂਰਤ ਤੋਂ ਵੱਧ ਅਤੇ ਪਤਲੀ ਵੀ ਜਰੂਰਤ ਹੋ ਵੱਧ। ਸਰੀਰ ਤੇ ਪਇਆ ਹੋਇਆ ਕੁੜਤਾ ਇੰਝ ਲੱਗਦਾ ਹੈ। ਜਿਵੇਂ ਮੋਢਿਆ ਵਾਲੇ ਹੈਂਗਰ 'ਤੇ ਖਾਲੀ ਕੁਰਤਾ ਝੂਲ ਰਿਹਾ ਹੁੰਦਾ ਹੈ। ਕੱਸੀ ਹੋਈ ਜੀਨਸ ਦੀ ਪੈਂਟ 'ਚ ਮਾੜਚੂ ਲੱਤਾਂ ਲੰਮੇ ਬਾਂਸ ਬਰਾਬਰ। ਇਸ ਲਈ ਉਹ ਭਰੇ ਹੋਏ ਮਾਸ ਵਾਲੀਆਂ ਲੜਕੀਆਂ ਨੂੰ ਉਹ ਈਰਖਾ ਅਤੇ ਹਸਰਤ ਦੀ ਮਿਲੀ ਜੁਲੀ ਚਾਹਤ ਨਾਲ ਦੇਖਦੀ ਅਕਸਰ ਹੀ ਦੇਖੀ ਜਾਂਦੀ ਹੈ। ਕੋਈ ਗੱਲ ਨਹੀਂ। ਅਸੀਂ ਸਰੀਰ ਨਹੀਂ ਦਿਮਾ.ਗ ਵਾਲੇ ਹਾਂ। ਸ਼ੁਰੂ ਤੋਂ ਹੀ ਉਸਨੇ ਆਪਣੇ ਇਸ ਸਰੀਰ ਦਾ ਬਦਲ ਬੋਧਿਕ ਊਰਜਾ ਚੋਂ ਲੱਭਿਆ ਸੀ। ਇਹ ਹੀ ਉਸ ਦਾ ਨਾਰੀਤਵ ਹੈ।

ਜੇਕਰ ਇਸ ਨੂੰ ਨਰੀਤਵ ਮੰਨਿਆ ਜਾਵੇ ਤਾਂ ਉਹ ਸੰਪੂਰਨ ਨਾਰੀ ਹੈ। ਉਸ ਨੇ ਲੱਕ ਤੋਂ ਥੱਲੇ ਤੱਕ ਵਾਲ਼ਾ ਦਾ ਜੂੜਾ ਖੋਲ੍ਹ ਲਿਆ ਤੇ ਸਹਿਜ ਹੋ ਕੇ ਉਸ 'ਚ ਕੰਘੀ ਫੇਰਨ ਲੱਗ ਪਈ। ਮੋਢਿਆ ਤੱਕ ਫੈਲੇ ਵਾਲ਼ਾ ਦੇ ਵਿਚਕਾਰ ਉਸਦਾ ਚਿਹਰਾ ਨਿਖਰ ਆਇਆ। ਉਹ ਸ਼ੀਸ਼ੀ ਦੇ ਕੋਲ ਜਾ ਕੇ ਆਪਣੇ ਚਿਹਰੇ ਨੂੰ ਦੇਖਣ ਲੱਗ ਪਈ। ਹਾਂ ਇਸ ਚਿਹਰੇ 'ਚ ਕੁਝ ਹੈ। ਉਹ ਸਭ ਕੁਝ ਉਸਦੀਆਂ ਫੈਲੀਆਂ ਹੋਈਆਂ ਅੱਖਾਂ 'ਚ ਹੈ ਜਾਂ ਸਾਂਵਲੀ ਨਰਮ, ਮੁਲਾਇਮ ਚਮੜੀ 'ਚ ਨੱਕ ਦੇ ਤਿੱਖੇ ਪਨ 'ਚ ਹੈ ਜਾਂ ਭਰੇ ਭਰੇ ਬੁੱਲ੍ਹਾਂ 'ਚ ਇਹ ਉਹ ਫੈਸਲਾ ਨਾ ਕਰ ਸਕੀ। ਪਰ ਇਹ ਚਿਹਰਾ ਉਸ ਦਾ ਹੀ ਹੋ ਸਕਦਾ ਹੈ। ਉਸ ਦੀ ਹਮਸ਼ਕਲ ਕੋਈ ਨਹੀਂ ਹੁਣ ਉਹ ਆਪਣੇ ਆਪ ਤੋਂ ਬਹੁਤ ਸੰਤੁਸ਼ਟ ਹੈ। ਇਕ ਮਿੱਠੇ ਜਿਹੇ ਗੀਤ ਦੇ ਬੋਲ ਉਸ ਦੇ ਗਲੇ 'ਚੋਂ ਵਹਿਣ ਲੱਗ ਪਏ। ਆਵਾਜ਼ ਉੱਚੀ



ਹੋ ਕੇ ਕੰਬਣ ਲੱਗ ਪਈ ਸੀ। ਚਾਰੇ ਪਾਸੇ ਗੂੰਜਣ ਲੱਗ ਪਈ ਸੀ। ਸ਼ੀਸ਼ੇ ਵਲੋਂ ਧਿਆਨ ਹਟਾ ਕੇ ਉਹ ਖੁਸ਼ੀ ਭਰੇ ਮੂਡ 'ਚ ਰਸੋਈ ਵੱਲ ਚਲੇ ਗਈ। ਚਾਹ ਗੈਸ 'ਤੇ ਰੱਖ ਮੈਲੇ ਕੱਪੜਿਆ ਦੇ ਢੇਰ ਨੇ ਮਿਜਾਜ ਖਰਾਬ ਕਰ ਦਿੱਤਾ। ਤੁਰੰਤ ਧੋਣ ਵਾਲੇ ਕੱਪੜੇ ਛਾਂਟੇ ਅਤੇ ਸਰ.ਫ ਦੇ ਘੋਲ 'ਚ ਡਬੋ ਦਿੱਤੇ। ਸਰ.ਫ ਦੀ ਖਾਰੀ ਖੁਸ਼ਬੋ ਨਾਲ ਉਸਦੀ ਨੱਕ 'ਚ ਅਜੀਬ ਤਰ੍ਹਾਂ ਦੀ ਖਾਰਸ਼ ਜਿਹੀ ਹੋਣ ਲੱਗ ਪਈ ਉਹ ਉਦੋਂ ਹੀ ਰਸੋਈ 'ਚ ਆਈ, ਪੇਨ 'ਚ ਰੱਖਿਆ ਪਾਣੀ ਉਬਲ-ਉਬਲ ਕੇ ਪੇਨ ਦਾ ਥੱਲੇ ਨੂੰ ਛੋਹਣ ਲੱਗ ਪਿਆ ਸੀ। ਉਸ ਨੇ ਉਸ 'ਚ ਹੋਰ ਪਾਣੀ ਪਾ ਦਿੱਤਾ। ਤੇ ਚਾਹ ਬਣਾ ਲਈ। ਰੈਕ 'ਚ ਰੱਖੇ ਡੱਬੇ ਲੱਭ ਕੇ ਖੋਲੇ ! ਬਿਸਕੁਟ ਖਤਮ ਹੋਏ ਚਾਰ ਦਿਨ ਹੋ ਗਏ। ਲਿਆਉਣਾ ਹੀ ਭੁੱਲ ਗਈ। ਸੈਡਵਿਚ ਬਣਾ ਲਿਆ। ਮਹੀਨੇ 'ਚ ਅੱਧੇ ਦਿਨ ਉਹ ਟੋਸਟ ਸੈਂਡਵਿਚ, ਦੁੱਧ-ਬਿਸਕੁਟ, ਦਲੀਆ, .ਫਲ ਅਤੇ ਆਂਡੇਆ ਨਾਲ ਪੇਟ ਭਰਨ ਦੀ ਆਦੀ ਸੀ। ਪਹਿਲਾ ਪਹਿਲਾ ਉਸ ਨੂੰ ਇਕੱਲੇ ਖਾਂਦੇ ਹੋਇਆ ਬੇਹੱਦ ਅਜੀਬ ਲਗਦਾ ਹੈ। ਘਰ ਦੀ ਯਾਦ ਆਉਣ ਲਗਦੀ ਸੀ। ਇੱਕਲੇ ਰਹਿਣ, ਕਮਾਉਣਾ, ਖਾਣਾ। ਉਹ ਐਨੀ ਜਲਦੀ ਜਲਦੀ ਖਾਂਦੀ ਸੀ, ਜਿਵੇਂ ਪੇਟ ਭਰਨਾ ਕੋਈ ਅਪਰਾਧ ਹੋਵੇ। ਵਾਪਸ ਕਮਰੇ 'ਚ ਆਈ। ਚਾਹ ਪੀਂਦੇ ਪੀਂਦੇ ਉਸਨੇ ਸਾਇਡ ਦੇ ਟੇਬਲ ਤੇ ਰੱਖੀ ਮੈਗਜ਼ੀਨ ਚੁੱਕ ਲਈ।

ਉਹ ਕਰੀਬ ਇਕ ਘੰਟੇ ਤੋਂ ਮੈਗਜ਼ੀਨ 'ਚ ਖੁੱਭੀ ਹੋਈ ਸੀ। ਉਦੋਂ ਹੀ ਬਾਹਰ ਦਾ ਮੇਨ ਗੇਟ ਖੜਕਿਆ। ਉਸ ਨੂੰ ਲੱਗਾ ਉਹ ਅੰਦਰਲੀ ਦੁਨੀਆਂ ਤੋਂ ਬੇਮੁੱਖ ਹੋ ਵਾਪਸ ਆਪਣੇ ਕਮਰੇ 'ਚ ਆ ਗਈ ਹੈ। ਇਕ ਮਾਇਆ ਤੋਂ ਨਿਕਲ ਕੇ ਦੂਜੀ ਮਾਇਆ 'ਚ ਕੌਣ ਜਾ ਸਕਦਾ ਹੈ ? ਸਾਇਦ ਰੇਵਤੀ ਅਤੇ ਕੁਸ਼ਾਣ। ਅੱਜ ਕੱਲ ਦੋਹਾਂ ਨੇ ਉਸ ਦੇ ਕਮਰੇ ਨੂੰ ਮਿਲਣ ਦੀ ਥਾਂ ਬਣਾ ਲਈ ਸੀ। ਚਾਰ ਪੰਜ ਦਿਨ ਪਹਿਲਾਂ ਰੇਵਤੀ ਨੇ ਉਸ ਕੋਲੋਂ ਉਸਦੇ ਕਮਰੇ ਦੀ ਵਾਧੂ ਚਾਬੀ ਮੰਗੀ ਸੀ। ਉਸ ਦੇ ਇਨਕਾਰ ਵਾਲੀ ਖ਼ਾਮੋਸ਼ੀ ਤੋਂ ਰੇਵਤੀ ਦੁੱਖੀ ਹੋਈ ਸੀ। ਉਸ ਨੇ ਸੋਚਿਆ ਸੀ ਉਹ ਹੁਣ ਨਹੀਂ ਆਇਆ ਕਰੇਗੀ। ਵਿਹੜੇ 'ਚ ਪਹਿਲਾਂ ਪਰਛਾਵਾਂ ਉਭਰਿਆ। ਫਿਰ ਅਕਾਰ ਇਹ ਨੀਰਜ ਸੀ।

'ਕੀ ਹਾਲੇ-ਚਾਲੇ ਨੇ ?'

ਨੀਰਜ ਪੁਰਾਣੀ ਹਾਸੇ-ਮਖੌਲ ਵਾਲੀ ਆਮਦ ਦਿੰਦਾ ਹੋਇਆ ਤਖ਼ਤ 'ਤੇ ਬੈਠ ਗਿਆ। ਆਵਾਜ਼ ਦੇ ਅੰਦਰਲੀ ਖੁਸ਼ੀ ਤੇ ਘਬਰਾਹਟ ਤੋਂ ਬੇ ਫਿਕਰ ਹੋ ਕੇ ਬਾਹਰ ਉਛਲ ਰਹੀ ਸੀ। ਹੁਣ ਇਸ ਨੀਰਜ ਦਾ ਕੀ ਕੀਤਾ ਜਾਵੇ। ਕੀ ਕੀਤਾ ਜਾ ਸਕਦਾ ਹੈ। ਘਰ ਆਏ ਮਹਿਮਾਨਾ ਦੇ ਸਵਾਗਤ ਕਰਨ ਨਾਲੋਂ। ਉਸਨੇ ਸੋਚਿਆ ਅਤੇ ਕੰਧ ਘੜੀ ਦੇ ਵੱਲ ਦੇਖਿਆ। ਸਾਢੇ ਸੱਤ ਵੱਜ ਗਏ ਸਨ। ਕਮਰੇ 'ਚ ਮੱਧਮ ਹਨੇਰਾ ਪਸਰ ਗਿਆ ਸੀ। ਉੱਠ ਕੇ ਟੀਊਬ-ਲਾਇਟ ਜਗਾ ਦਿੱਤੀ। ਹੁਣ ਤੱਕ ਉਹ ਟੇਬਲ ਲੈਂਪ ਦੀ ਰੌਸ਼ਨੀ ਨਾਲ ਫੁੱਲ ਬੇਹੱਦ ਮਾੜਚੂ ਜਿਹਾ ਲੱਗ ਰਿਹਾ ਸੀ। ਗੱਲ ਕਰਨ ਦੀ ਪਹਿਲ ਕਰਨ ਦੀ ਬਜਾਏ ਉਹ ਚੁਪਚਾਪ ਬੈਠ ਗਈ। ਅਣਮੰਨੇ ਮਨ ਨਾਲ ਉਦਾਸ ਜਿਹੀ ਸੀ। ਅੱਖਾਂ ਗੁੱਸੇ ਨਾਲ ਕੌੜੀਆਂ ਹੋ ਗਈਆ ਉਸ ਦੀ ਇਹ ਪ੍ਰਤੀ ਕ੍ਰਿਰਿਆ ਦੇਖ ਕੇ ਨੀਰਜ ਦੇ ਚਿਹਰੇ 'ਤੇ ਛਾਈ ਕਾਲਖ ਡੋਲਦੀ ਹੋਈ ਫੁੱਟੀ ਤੇ ਕਮਰੇ 'ਚ ਖ਼ਾਮੋਸ਼ੀ ਦਾ ਜਾਲਾ ਤਣ ਗਿਆ। ਨੀਰਜ ਦਾ ਉਸ ਦੇ ਘਰ ਨੂੰ ਆਪਣੀ ਰਹਿਣ ਦੀ ਠਾਹਰ ਸਮਝ ਕੇ ਅਰਾਮ ਲੈਣ ਦੇ ਸੁੱਖ ਨੂੰ ਉਸਨੇ ਭੰਗ ਕਰਕੇ ਰੱਖ ਦਿੱਤਾ। ਜਿਸ ਚੀਜ ਦਾ ਉਹ ਹੱਕਦਾਰ ਨਹੀਂ ਹੈ ਉਹ ਉਸਦੇ ਹੁੰਦੇ ਉਸ ਨੂੰ ਕਿਵੇਂ ਪ੍ਰਾਪਤ ਹੋ ਸਕਦੀ ਹੈ। ਬੇਵਕੂ.ਫ ਨਹੀਂ ਹੈ ਨੀਰਜ ਦੀ ਸਾਂਤੀ ਭੰਗ ਕਰਨ ਦੇ ਲਈ ਖਰੂਦ ਮਚਾਉਣਾ ਹੋਵੇਗਾ। ਉਸਦੀ ਕਿਲਰ ਇੰਸ਼ਟੰਕਟ ਪੰਜੇ ਬਾਹਰ ਕੱਢ ਕੇ ਹਮਲੇ ਦੇ ਲਈ ਤਿਆਰ ਸੀ।

''ਕਿਸ ਤਰ੍ਹਾਂ ਚਲ ਰਿਹਾ ਹੈ ਸ਼ੀਤਲ ਦੇ ਨਾਲ ?'' ਉਹ ਸ਼ੁਰੂ ਹੋ ਗਈ ਸੀ। ਉਸਦੀ ਦੁਖਦੀ ਰਗ 'ਤੇ ਲੰਮੇ ਨੂੰਹਾਂ ਨੂੰ ਗੱਡਦੀ ਹੋਈ।

''ਪਤਾ ਨਹੀਂ।'' ਨੀਰਜ ਰੁੱਖੇ ਸੁਰ 'ਚ ਬੋਲਿਆ।

''ਸੱਚ ਸੋ ਸਵੀਟ।'' ਉਹ ਚਿੜਾਉਣ ਦੇ ਅੰਦਾਜ਼ 'ਚ ਚੋਹਲ ਕਰ ਬੈਠੀ , ''ਕੀ ਪਤਾ ਨਹੀਂ ਪਤਨੀ ਹੈ ਤੇਰੀ।''

''ਹੂੰ।' ਨੀਰਜ ਦੀ ਅੱਖਾਂ 'ਚ ਘਿਰ ਜਾਣ ਤੋਂ ਬਾਅਦ ਪਰੇਸ਼ਨ ਸੀ।

''ਪਤਾ ਕਿਉਂ ਨਹੀਂ ਦੱਸੋਂ।''

''ਪਤਾ ਇਸ ਲਈ ਨਹੀਂ ਹੈ ਕਿਉਂਕਿ ਹੁਣ ਇਸ ਦੇ ਬਾਰੇ 'ਚ ਸੋਚਣਾ ਹੀ ਛੱਡ ਦਿੱਤਾ। ਸੋਚ ਕੇ ਡਿਪ੍ਰੈਸ਼ਨ

ਹੁੰਦਾ ਹੈ।'' ਉਹ ਆਖਰ ਖੁੱਲ ਹੀ ਗਿਆ ਸੀ। ਉਸਦੇ ਮਨ ਦੀ ਸੀਂਣ ਉਧੜ ਗਈ ਸੀ। ਇਹੀ ਉਹ ਚਾਹੁੰਦੀ ਸੀ। ਉਸਦੀ ਇੱਛਾ ਹੋਈ ਕਿ ਨੀਰਜ ਨਾਲ ਜੁੜ ਕੇ ਪੁੱਛੇ ਕਿ ਸਾਥ ਰਹਿਣ ਨਾਲ ਡਿਪ੍ਰੈਸ਼ਨ ਨਹੀਂ ਹੁੰਦਾ ? ਫਿਰ ਖੁਦ ਹੀ ਨਰਮ ਹੋ ਕੇ ਸੋਚ 'ਚ ਡੁੱਬ ਗਈ। ਇਹ ਉਹੀ ਨੀਰਜ ਹੈ ਜਿਹੜਾ ਵਿਆਹ ਤੋਂ ਪਹਿਲਾ ਹਮੇਸ਼ਾ ਉਤਸਾਹ 'ਚ ਰਹਿੰਦਾ ਸੀ। ਉਸ ਦੇ ਚ੍ਰਰਿਤਰ ਦਾ ਗੁਣ ਸੀ ਮਸਤੀ ! ਹਮੇਸਾਂ ਮਸਤੀ 'ਚ ਖਿੜਿਆ ਹੋਇਆ। ਇਕ ਹੀ ਸਾਲ 'ਚ ਸਾਰੀ ਮਸਤੀ ਉਤਰ ਗਈ ਹੁਣ ਉਹ ਮਸਤੀ ਦੀ ਕਲੀ ਉਤਰੇ ਭਾਂਡੇ ਵਾਂਗ ਭਾਂਅ ਭਾਂਅ ਕਰਦੇ ਡੋਲਦੇ ਫਿਰਦੇ।

'ਕੀ ਗੱਲ ਹੈ ਨੀਰਜ ਕਿਓਂ ਐਨਾ ਪੇਰਸ਼ਾਨ ਰਰਿੰਦਾ ਏ?''

ਨੀਰਜ ਨੇ ਗੰਭੀਰਤਾ ਨਾਲ ਕਹਿਣਾ ਸ਼ੁਰੂ ਕਰ ਦਿੱਤਾ , ''ਅਪਰਾ ਮੈਨੂੰ ਹਮੇਸਾਂ ਇੰਝ ਲੱਗਦਾ ਹੈ ਜਿਵੇਂ ਅਸੀਂ ਜੀਵਨ ਨੂੰ ਜੀਅ ਨਹੀਂ ਰਹੇ ਹਾਂ, ਜੀਉਣਾ ਮੁਲਤਵੀ ਕਰਕੇ ਰਿਸ਼ਤਿਆ ਨੂੰ ਡੀਲ ਕਰ ਰਹੇ ਹਾਂ ਤੁਸੀਂ ਦਫ਼ਤਰ 'ਚ ਬਾਹਰੀ ਲੋਕਾਂ ਦੇ ਨਾਲ ਵੀ ਤਾਂ ਇਹੀ ਸਭ ਕੁਝ ਕਰਦੇ ਹੋ। ਸਪਾਂਟੇਨਿਆਸ ਹੋ ਕੇ ਜੀਣ ਦੀ ਬਜਾਏ ਹਮੇਸਾਂ ਚੌਕੰਨਾ ਰਹਿਣਾ ਬਹੁਤ ਅਖੜਦਾ ਹੈ। ਆਪਣੀ ਇਨਰ ਸੋਲ ਨੂੰ ਦਬਾ ਕੇ ਸਮਾਜੀ ਓਪਰਾ ਵਰਤਾਓ ਮੈਨੂੰ ਬਹੁਤ ਤੋੜਦਾ ਹੈ। ਇਹ ਸਭ ਜੇਕਰ ਮੈਨੂੰ ਘਰ 'ਚ ਕਰਨਾ ਪਏ, ਬਾਹਰੀ ਰਿਸਤਿਆ 'ਚ ਵੀ ਕਰਨਾ ਪਏ, ਤਾਂ ਜੀਵਨ ...।''

'ਜੀਉਣ ਦਾ ਰਸ ਸੁੱਕ ਜਾਂਦਾ ਹੈ। ਫਿਰ ਰੁਟੀਨ। ਉਹ ਵੀ ਮੈਨੂੰ ਬਹੁਤ ਡਿਸਟਰਬ ਕਰਦਾ ਹੈ। ਕੀ ਰਿਸ਼ਤਿਆ ਨੂੰ ਦੂਜਿਆ ਨੂੰ ਸਮਾਜ ਦੀਆਂ ਲੋੜਾ ਅਨੁਸਾਰ ਜੀਊਣਾ ਡੀਲ ਕਰਨਾ ਹੈ। ਫਿਰ ਇਸਤਰੀਆਂ ਨੂੰ ਸਾਰੀ ਜਿੰਦਗੀ ਇਹੀ ਕਰਨਾ ਪੈਂਦਾ ਹੈ। ਅਤੇ ਉਹ ਕਿੰਨਾਂ ਸਹਿਜ ਰਹਿ ਕੇ ਸਭ ਕੁਝ ਕਰਦਾ ਹੈ।' ਕਹਿੰਦੇ ਹੋਏ ਉਸ ਨੇ ਨੀਰਜ ਵੱਲ ਦੇਖਿਆ। ਉਹ ਉਸ ਲਈ ਹਾਜਰ ਹੈ ਪਰ ਉਹ ਸਭ ਕੁਝ ਉਹ ਉਸ ਨੂੰ ਕਹਿ ਨਹੀਂ ਸਕਦੀ। ਸਭਿਅਤਾ ਦਾ ਤਕਾਜਾ ਹੈ। ਹੁਣ ਤੱਕ ਮੈਨੂੰ ਪੁਰਾਣੀਆ ਚੀਜਾਂ ਨੇ ਘੇਰਿਆ ਹੋਇਆ ਹੈ? ਉਸ ਨੂੰ ਉਡੀਕ ਹੈ। ਉਹ ਚਿਟ ਕੀ ਨੀਰਜ ਨੇ ਲਿਖੀ ਹੈ ? ਹੋ ਸਕਦਾ ਹੈ। ਨੀਰਜ ਇਨ੍ਹੀਂ ਦਿਨ੍ਹੀਂ ਫਿਰ ਉਸ ਨਾਲ ਕਾਫੀ ਮਿਲਣ ਲੱਗਾ ਹੈ। ਵਿਆਹ ਤੋਂ ਬਾਅਦ ਤਾਂ ਉਹ ਲਗਭਗ ਭੁੱਲ ਹੀ ਗਿਆ ਸੀ। ਉਸ ਨੂੰ ਉਸਦਾ ਇਹ ਵਰਤਾਓ ਕਾਫੀ ਰੜਕਿਆ ਵੀ ਸੀ। ਵਿਆਹ ਹੋ ਗਿਆ ਤਾਂ ਇਸ ਦਾ ਕੀ ਅਰਥ ਹੈ ਕਿ ਪੁਰਾਣੇ ਰਿਸ਼ਤੇ-ਨਾਤੇ ਸੰਦੂਕ 'ਚ ਬੰਦ ਕਰਕੇ ਸਟੋਰ 'ਚ ਸੁੱਟ ਦਿੱਤੇ ਜਾਣ। ਉਸ ਨੂੰ ਰਤਾ ਵੀ ਖਿਆਲ ਨਹੀਂ ਆਇਆ ਕਿ ਉਸਦੇ ਬਗੈਰ ਅਪਰਾ ਦੀਆਂ ਸ਼ਾਮਾਂ ਕਿਵੇਂ ਬਤੀਤ ਹੋ ਰਹੀਆ ਹੋਣਗੀਆਂ? ਉਸਨੇ ਕੁਝ ਦਿਨ੍ਹਾਂ ਤੱਕ ਲੁੱਕ ਛਿਪ ਕੇ ਉਡੀਕ ਵੀ ਕੀਤੀ ਸੀ। ਫਿਰ ਉਦਾਸ ਹੋ ਕੇ ਗਮਗੀਨ ਹੋ ਕੇ ਚੁਪ ਕਰ ਗਈ ਸੀ। ਫਿਰ ਉਹ ਆਇਆ ਸੀ ਪਤਨੀ ਦੇ ਨਾਲ, ਉਨ੍ਹਾਂ ਦਿਨਾਂ ਦੀ ਦੋਸਤੀ ਨੂੰ ਪਰਿਵਾਰਕ ਮਿੱਤਰਤਾਂ 'ਚ ਬਦਲਣ ਦੇ ਲਈ। ਸੀਤਲ ਦੇ ਉਹ ਦ੍ਰਿਸ਼ਟੀਕੋਣ , ਮਾਨਸਿਕ ਮਨੋਵਿਰਤੀ ਅਤੇ ਉਸ ਦੇ ਲਈ ਹਮਦਰਦੀ ਭਰੀ ਪ੍ਰਤੀਕ੍ਰਿਆ ਨੇ ਉਸ ਦੇ ਅੰਦਰ ਅਰੁਚੀ ਪੈਦਾ ਕਰ ਦਿੱਤੀ ਸੀ। ਇਸ ਲਈ ਸ਼ੁਰੂ 'ਚ ਗੱਲ ਬਣੀ ਹੀ ਨਹੀਂ। ਪਤਨੀਆਂ ਦੇ ਲਈ ਇੱਕਲੀ ਇਸਤਰੀ ਖਤਰਾ ਹੈ। ਬਹੁਤ ਜਲਦੀ ਸੁੰਘ ਲੈਂਦੀਆਂ ਹਨ। ਅਤੇ ਵਿਰੋਧ 'ਚ ਖੜੀਆ ਹੋ ਜਾਂਦੀਆ ਹਨ। ਉਸਦਾ ਵਤੀਰਾ ਸਹਿਜ ਸੁਭਾ ਵਾਲਾ ਨਹੀਂ ਰਹਿੰਦਾ। ਇਧਰੋਂ-ਉਧਰੋਂ ਗੁੱਸੇ ਦੀਆਂ ਚਿੰਗਾਰੀਆਂ ਗਾਹੇ-ਬਗਾਰੇ ਫੁੱਟਦੀਆਂ ਰਹਿੰਦੀਆਂ ਹਨ।

ਫਿਰ ਕੁਝ ਮਹੀਨੇ ਬੀਤੇ ਤਾਂ ਨੀਰਜ ਨੇ ਇਕੱਲਿਆ ਆਉਂਣਾ ਸ਼ੁਰੂ ਕਰ ਦਿੱਤਾ। ਉਹ ਹੈਰਾਨ ਹੋ ਗਈ। ਹੁਣ ਕੀ ਹੈ ਜਿਹੜਾ ਨੀਰਜ ਨੂੰ ਉਸ ਵੱਲ ਖਿੱਚਣ ਲੱਗ ਪਿਆ ਹੈ। ਇਹ ਕਿਹੜੀ ਖਿੱਚ ਹੈ ਨੀਰਜ ਦੀ ਮਸਤੀ, ਉਸਦੀ ਸ਼ਾਂਤ ਆਤਮਾਂ ਉਸ ਨੂੰ ਉਸ ਦੇ ਵੱਲ ਖਿੱਚਦੀ ਹੈ। ਕੀ ਇਹੀ ਅਨਮੋਲ ਖਿੱਚ ਦਾ ਮੂਲ ਕਾਰਨ ਹੈ। ਸੋਚਦੀ ਹੋਈ ਉਹ ਰਸੋਈ 'ਚ ਕੋਈ ਪਕਵਾਨ ਬਣਾ ਰਹੀ ਸੀ। ਕਾਫੀ ਦੇ ਮੱਗ ਲੈ ਕੇ ਕਮਰੇ 'ਚ ਆਈ ਤਾਂ ਦੇਖਿਆ ਕਿ ਨੀਰਜ ਅਧਲੇਟਾ ਹੋ ਕੇ ਸੁੱਤਾ-ਉਣੀਂਦਾ ਜਿਹਾ ਹੋਇਆ ਪਿਆ ਹੈ। ਉਸਦੀ ਇੱਛਾ ਹੋਈ, ਹਿਲਾ ਕੇ ਨੀਰਜ ਨੂੰ ਉਠਾ ਦੇਵੇ। ਹੱਥ ਮੋਢਾ ਛੋਹਣ ਦੇ ਲਈ ਅੱਗੇ ਵਧਿਆ, ਫਿਰ ਸੰਕੋਚ ਵਸ ਵਾਪਸ ਆ ਗਿਆ। ਉਸ ਦੇ ਮੂੰਹ 'ਚੋਂ ਆਵਾਜ਼ ਨਹੀਂ ਨਿਕਲੀ, ਬੈਠੇ ਹੋਏ ਬੋਲ ਨਾਲ ਉਹ ਬੋਲੀ , ''ਨੀਰਜ ਨੀਰਜ' ਨੀਰਜ ਦੀਆਂ ਅੱਖਾਂ ਖੁੱਲ੍ਹੀਆਂ ਤੇ ਇਕ ਟਕ ਉਸ ਦੀਆਂ ਅੱਖਾਂ ਨਾਲ ਜਾ ਮਿਲੀਆਂ।

ਉਸਦੀਆਂ ਅੱਖਾਂ 'ਚ ਸੁਪਨੇ ਸੀ। ਨੀਂਦ ਤੋਂ ਬਾਅਦ ਦੀ ਸਹਿਜਤਾ। ਨੀਂਦ ਦੀ ਦੁਨੀਆਂ ਨਾਲੋਂ ਅਸਲ ਦੁਨੀਆਂ ਦਾ ਰਸਤਾ ਛੋਟਾ ਪਰ ਬਹੁਤ ਅਣਜਾਣਿਆ ਹੁੰਦਾ ਹੈ। ਕਿਉਂਕਿ ਵਿਚਕਾਰ ਬਹੁਤ ਹੀ ਅਣਜਾਣੀਆਂ



ਘਟਨਾਵਾਂ ਘਟ ਜਾਂਦੀਆਂ ਹਨ।

ਨੀਰਜ ਦੀਆਂ ਅੱਖਾਂ ਦੀ ਬੁਝਾਰਤ ਮਦਹੋਸ਼ ਭਰੀ ਟਿਕਟਿਕੀ ਨੂੰ ਜਾਣ ਕੇ ਉਸ ਦੇ ਆਪਣੇ ਅੰਦਰ ਅਜੀਬ ਅਜੀਬ ਜਿਹੀ ਕਮਜੋਰੀ ਮਹਿਸੂਸ ਹੋਣ ਲੱਗ ਪਈ। ਇਸ ਮਹੌਲ ਤੋਂ ਬਚਣ ਲਈ ਉਹ ਉਠ ਪਈ। ਬਾਥਰੂਮ 'ਚ ਗਈ ਅਤੇ ਮੂੰਹ ਅੱਖਾਂ ਧੋਣ ਲੱਗ ਪਈ, ਜਿਵੇਂ ਅੱਖਾਂ ਨੂੰ ਧੋਣ ਦੇ ਨਾਲ ਹੀ ਉਸ ਚੋਂ ਤਾਜਗੀ ਆ ਗਈ ਉਸ 'ਚੋਂ ਮੋਹ ਦੇ ਕਣ ਲੱਥ ਜਾਣਗੇ। ਫਿਰ ਬਾਹਰ ਆਈ ਤੇ ਕੌਫੀ ਦਾ ਮਗ ਚੁੱਕ ਕੇ ਦੀਵਾਨ ਨਾਲ ਪਿੱਠ ਲਾ ਕੇ ਬੈਠ ਗਈ, ਉਸ ਦੇ ਸਾਹਮਣੇ।

''ਆਪਾ ਕਿਹੜੀ ਗੱਲ ਕਰ ਰਹੇ ਸੀ ?''

''ਤੇਰੀ ਆਦਤ ਖਰਾਬ ਹੈ ਤੂੰ ਚੀਜਾਂ ਨੂੰ ਸਮਝਣਾ ਹੀ ਨਹੀਂ ਚਾਹੁੰਦੀ। ਵਿਚਾਰ ਨਾਲ, ਤਰਕ ਨਾਲ, ਵਿਸ਼ਲੇਸ਼ਣ ਨਾਲ। ਕਿਸੇ ਚੀਜ ਨੂੰ ਹੰਢਾਉਣ ਵਾਲੀ ਵਸਤੂ ਕਹਿ ਦੇਣ ਦਾ ਆਪਣਾ ਅਧੂਰਾਪਨ ਹੈ। ਉਸ ਨਾਲ ਚੀਜਾਂ ਬਦਲ ਨਹੀਂ ਜਾਂਦੀਆਂ, ਕੈਂਡੰਮ ਨਹੀਂ ਹੁੰਦੀਆਂ।''

''ਠੀਕ ਹੈ ਉਹ ਬਣੀਆਂ ਰਹਿੰਦੀਆਂ ਹਨ। ਪ੍ਰੰਤੂ ਵਿਚਾਰ ਕਰਨ ਨਾਲ ਸਮਝ ਲੈਣਾ ਨਾਲ ਉਹਦੀ ਉਲਝਣ, ਸੁਲਝ ਜਾਂਦੀ ਹੈ। ਉਸ ਨੂੰ ਬਿਆਨ ਕਰਨਾ ਵੀ ਆਸਾਨ ਹੋ ਜਾਂਦਾ ਹੈ । ਅਤੇ ਬਰਦਾਸਤ ਕਰਨਾ ਵੀ । ਜਾਣਦੇ ਹੋ ਸਭ ਤੋਂ ਮੁਸ਼ਕਲ ਕੀ ਹੈ? ਦੂਜਿਆ ਦੇ ਮਨ ਦਾ ਭੇਤ ਪਾਉਣ ਦੀ ਬਜਾਏ ਉਸਨੂੰ ਖਰੋਚਣ 'ਚ ਸਾਡੀ ਰੁਚੀ ਵਧੇਰੇ ਹੁੰਦੀ ਹੈ। ਮੁਸ਼ਕਲ ਹੈ ਆਪਣੇ ਸੱਚ ਨੂੰ ਸਵੀਕਾਰ ਕਰਨਾ , ਉਸਦੇ ਨਾਲ ਜੀਉਣਾ। ਆਪਾਂ ਇਸ ਗੱਲ ਤੋਂ ਬਚਦੇ ਹਾਂ।'

'ਤੂੰ ਕੀ ਸੋਚਦੀ ਏਂ, ਤੁਸੀਂ ਆਪਣੇ ਸੱਚ ਦੇ ਨਾਲ ਜੀਅ ਰਹੇ ਹੋ ? ਉਸਨੇ ਉਲਟਾ, ਨਰਾਜ ਹੋ ਕੇ ਅਪਰਾ, ਤੇ ਹਮਲਾ ਕੀਤਾ।

''ਮੇਰੀ ਗੱਲ ਛੱਡ ਉਹ ਵੱਖਰੀ ਗੱਲ ਹੈ। '

'ਕਿਵੇਂ ਵੱਖਰੀ ਗੱਲ ਹੈ ? '

''ਮੇਰੇ ਨਾਲ ਕੋਈ ਰਿਸ਼ਤਾ ਕੋਈ ਸੰਬੰਧ ਹੀ ਨਹੀਂ ਹੈ। ''

ਮੈਂ ਬਿਨਾਂ ਸੰਬੰਧਾਂ ਦੇ ਜੀਅ ਰਹੀ ਹਾਂ। ਉਸ ਦੀਆਂ ਵੱਖਰੀਆਂ ਪਰੇਸ਼ਾਨੀਆਂ ਹੋ ਸਕਦੀਆਂ ਹਨ। ਪਰ ਕੋਈ ਦੂਜਾ ਨਹੀਂ ਹੈ। ਜਿਸ ਦੇ ਨਾਲ ਤੁਰਨਾ ਹੈ ਜਾਂ ਸੰਬੰਧ ਬਣਾਉਣਾ ਹੈ।

'ਅਜਿਹਾ ਨਹੀਂ ਹੁੰਦਾ ਅਪਰਾ ! ਵਿਆਹ ! ਤੂੰ ਅਜੇ ਤੱਕ ਨਹੀਂ ਕੀਤਾ, ਠੀਕ ਹੈ। ਪਰ ਸੰਬੰਧਾਂ ਦੀ ਭਰੀ ਪੂਰੀ ਦੁਨੀਆਂ ਤੇਰੀ ਵੀ ਹੈ, ਉਸਦਾ ਹੱਲ ਲੋੜ ਹੈ।''

''ਨਹੀਂ ਉਹ ਲੋੜ ਨਹੀਂ ਹੈ। ਉਹ ਮੇਰੇ ਚੁਣੇ ਹੋਏ ਲੋਕ ਹਨ। ਉਸਦੀ ਚੋਣ ਮੇਰੀ ਅਨੁਕੂਲਤਾ ਸੁੱਧਤਾ ਹੈ ਅਤੇ ਉਹ ਕੇਜੂਅਲ ਹੈ। ਉਸ 'ਚ ਉਹ ......ਨਹੀਂ ਹੈ, ਜਿਸ 'ਚ ਡੁੱਬ ਕੇ ਇਨਸਾਨ ਫਿਰ ਖੁਦ ਨੂੰ ਬਚਾ ਲੈਣ ਲਈ ਤੜਫਦਾ ਹੈ। ''

'ਅਪਰਾ ਇਕ ਗੱਲ ਮੈਂ ਤੈਨੂੰ ਬਹੁਤ ਦਿਨਾਂ ਤੋਂ ਕਹਿਣਾ ਚਾਹੁੰਦਾ ਹਾਂ। ਖੁਦ 'ਚ ਪੂਰਨ ਹੋਣਾ ਅੱਛਾ ਹੈ, ਮੈਂ ਸਮਝਦਾ ਹਾਂ ਜਿਹੜਾ ਇੱਕਲਤਾ ਨੂੰ ਆਪਣੇ ਵਸ 'ਚ ਕਰ ਲੈਂਦਾ ਹੈ, ਉਹ ਸਤਿਕਾਰ ਕਰਨ ਯੋਗ ਹੈ। ਪ੍ਰੰਤੂ ਕਿਸੇ ਦੇ ਸਾਥ ਹੋਣ 'ਚ ਇਕ ਦੂਜੇ ਦਾ ਅਧਾਰ ਬਣਨ ਦੀ ਸਾਰਥਿਕਤਾ ਦਾ ਕੋਈ ਜੁਵਾਬ ਨਹੀਂ ਹੈ। ਤੇਰੀ ਇੱਛਾ ਨਹੀਂ ਹੁੰਦੀ ਕਿਸੇ ਦੇ ਸਾਥ ਦੇ ਲਈ ?''

'ਨੀਰਜ ਮੇਰੀ ਸੋਚ ਹੈ ਕਿ ਔਰਤ ਦੀ ਆਵਾਜ਼ ਹਸਤੀ, ਆਰਥਿਕ ਤੌਰ ਤੇ ਮਜਬੂਤੀ ਅਤੇ ਮਾਨਸਿਕ ਤੰਦਰੁਸਤੀ ਮਰਦ ਨੂੰ ਮਜਬੂਤ ਅਤੇ ਸੁੱਧ ਕਰਦੀ ਹੈ। ਅਸੀਂ ਪਿਆਰ 'ਚ ਪੈਂਦੇ ਹਾਂ ਪਰ ਇਕੱਲਤਾ ਨਹੀਂ ਦੂਰ ਹੁੰਦੀ, ਉਲਟੀ ਵੱਧ ਜਾਂਦੀ ਹੈ ਅਤੇ ਇਕਾਂਤ ਦੁਰਲੱਭ ਹੋ ਜਾਂਦਾ ਹੈ, ਜਿਹੜਾ ਰਚਨਾਤਮਿਕਤਾ ਦਾ ਮੂਲ ਅਧਾਰ ਹੈ। ਮੇਰਾ ਪੱਕਾ ਯਕੀਨ ਹੈ ਕਿ ਸ਼ੁਰੂ ਤੋਂ ਅੰਤ ਤੱਕ ਖੁਦ ਨੂੰ ਬਿਆਨ ਕਰਨ 'ਚ ਜਿਹੜਾ ਸੁਖ ਹੈ, ਉਹ ਅਜਿਹੀ ਤ੍ਰਿਪਤੀ ਅਤੇ ਸੰਤੁਸ਼ਟੀ ਦਿੰਦਾ ਹੈ ਜਿਸ ਦੇ ਅੱਗੇ ਪਿਆਰ ਹੈ।'' ਬੋਲਦੀ ਬੋਲਦੀ ਉਹ ਥੱਕ ਗਈ। ਉਸ ਨੂੰ ਲੱਗਾ ਬਹਿਸ ਕਰਨਾ ਬੇਕਾਰ ਹੈ। ਉਹ ਉਨ੍ਹਾਂ ਗੱਲਾਂ ਵੱਲ ਇਸ਼ਾਰਾ ਕਰਨ ਤੋਂ ਬਚਦੀ ਸੀ ਜਿਸ 'ਚ ਉਸਦੇ ਅੰਤਰਬੋਧ ਦੀਆਂ ਪਰਤਾ ਖੁੱਲ੍ਹ ਜਾਣ ਦਾ ਡਰ ਹੋਵੇ। ਜਿਵੇਂ ਉਹ ਕਸਤੂਰੀ ਗੰਧ ਹੋਵੇ ਜਿਹੜੀ ਨਾਭੀ ਤੋਂ ਬਾਹਰ ਆਉਂਦੇ ਹੀ ਹਵਾ 'ਚ ਆਉਂਦਿਆ ਹੀ ਨਸ਼ਟ ਹੋ ਜਾਵੇਗੀ।

ਉਹ ਖ਼ਾਮੋਸ਼ ਹੋ ਗਈ। ਜਿਵੇਂ ਖ਼ਾਮੋਸ਼ੀ ਹੀ ਗੱਲ ਹੋਵੇ। ਤਰਕ ਹੋਵੇ।

'ਤੂੰ ਆਪਣੇ ਨੇਲ-ਪਾਲਿਸ ਕਿਥੋਂ ਖਰੀਦਦੀ ਏਂ ?''

'ਉਹ ਨੀਰਜ ਦਾ ਸਵਾਲ ਸੁਣ ਕੇ ਹੈਰਾਨ ਹੋ ਗਈ। ਉਹ ਸਾਇਦ ਅਪਰਾ ਦਾ ਭਾਰੀ ਵਜਨਦਾਰ ਤਰਕ ਸੁਣ ਕੇ ਗੱਲਬਾਤ ਬਦਲ ਦੇਣੀ ਚਾਹੁੰਦਾ ਹੋਵੇ।

'ਕਿਉਂ, ਕੀ ਗੱਲ ਏਂ ?''

''ਅਜਿਹੇ ਸੇਡ ਕਿਸੇ ਨੂੰ ਲਗਾਂਦੇ ਦੇਖਿਆ ਨਹੀਂ। ਪਿੰਕ ਬਹੁਤ ਸਾਫਟ ਸੇਡ ਹੈ। ਸੀਤਲ ਤਾਂ ਐਨੇ ਗੂੜੇ, ਭੂਰੇ-ਬੈਂਗਨੀ ਰੰਗ ਲਗਾਉਂਦੀ ਹੈ ਕਿ ਹੱਥਾਂ ਦੀ ਸਾਰੀ ਕੌਮਲਤਾ ਹੀ ਨਸ਼ਟ ਹੋ ਜਾਂਦੀ ਹੈ।'' ਕਹਿ ਕੇ ਉਹ ਉੱਠ ਕੇ ਉਸਦੇ ਕੋਲ ਆ ਗਿਆ। ਨੀਰਜ਼ ਦੀਆਂ ਉਂਗਲੀਆਂ ਉਸਦੇ ਲੰਮੇ ਨੌਹਾਂ ਦੀ ਚਿਕਨਾਈ ਉਪਰ ਫਿਸਲ ਰਹੀਆਂ ਸਨ। ਫਿਰ ਉਸਨੇ ਉਸ ਦੇ ਨੌਹਾਂ ਨੂੰ ਘੁੱਟ ਕੇ ਉਨ੍ਹਾਂ ਦੀ ਹਥੇਲੀ 'ਤੇ ਚੁਬਨ ਮਹਿਸੂਸ ਕੀਤੀ ਉਸ ਦਾ ਹੱਥ ਪਲੋਸਣਾ ਸ਼ੁਰੂ ਕਰ ਦਿੱਤਾ।

ਅਪਰਾ ਧੁਰ ਅੰਦਰ ਤੱਕ ਕੰਬ ਗਈ। ਆਖਿਰ ਨੀਰਜ ਕੀ ਚਾਹੁੰਦਾ ਹੈ। ਕਿਉਂ ਸਹਿਜ ਦੋਸਤੀ ਦੇ ਕੋਨੇ ਕੁਤਰਦਾ ਉਸ ਰਿਸ਼ਤੇ ਦੀ ਡੋਰ ਨਾਲ ਬੰਨਣਾ ਚਾਹੁੰਦਾ ਹੈ। ਜਾਂ ਕੇਵਲ ਸੀਤਲ ਤੋਂ ਮਿਲੀ ਨਿਰਾਸ਼ਾ ਦਾ ਖਾਲੀਪਨ ਭਰਨਾ ਚਾਹੁੰਦਾ ਹੈ। ਬਹੁਤ ਕੋਸ਼ਿਸ਼ ਕਰਨ ਦੇ ਬਾਵਜੂਦ ਉਸ ਤੋਂ ਉੱਠਿਆ ਨਹੀਂ ਗਿਆ। ਉਸ ਨੂੰ ਚੇਤੇ ਆਇਆ। ਆਪਣੇ ਵਿਆਹ ਤੋਂ ਪਹਿਲਾ ਵੀ ਉਸਨੇ ਕੱਪੜੇ ਪਾਉਣ ਲੈਣ ਉੱਤੇ ਵੀ ਉਹ ਇਸ ਤਰ੍ਹਾਂ ਦੇ ਬੇਹਦ ਦੁਰਲੱਭ ਅਤੇ ਨਿੱਜੀ ਕੁਮੈਂਟ ਪਾਸ ਕਰਦਾ ਸੀ। ਤਾਂ ਉਹ ਅੰਦਰ ਤੱਕ ਖੁਸ਼ ਹੋ ਜਾਂਦੀ ਸੀ। ਹੁਣ ਅਜੀਬ ਤਰ੍ਹਾਂ ਦਾ ਡਰ ਘੇਰ ਲੈਂਦਾ ਹੈ। ਉਹ ਅਕਸਰ ਹੀ ਉਸਦੀ ਅਤੇ ਸੀਤਲ ਦੀ ਤੁਲਨਾ ਕਰਦਾ ਰਹਿੰਦਾ ਹੈ। ਉਹ ਉਸਦੀ ਦੋਸਤ ਸੀ ਅਤੇ ਦੋਸਤ ਹੀ ਬਣੀ ਰਹਿਣਾ ਚਾਹੁੰਦੀ ਸੀ। ਪਰ ਨੀਰਜ ਦੀ ਚਾਹਤ... । ਨੀਰਜ ਬਹੁਤ ਹੀ ਨਾਜ਼ਕ ਮਿਜਾਜ਼ ਇਨਸਾਨ ਸੀ ਅਤੇ ਉਹ ਦਿਮਾਗ਼ੀ ਤੌਰ ਤੇ ਬਹੁਤ ਉਛਲਦੇ ਹਨ ਪਰ ਸਮਾਂ ਆਉਣ ਤੇ ਉਸ ਨੂੰ ਲੰਘਣ ਦਾ ਨਿਰਣਾ ਨਹੀਂ ਲੈਂਦੇ ਕੁਝ ਵੀ ਤੋੜ ਨਹੀਂ ਸਕਦੇ। ਉਸਦੀ ਇਸ ਪ੍ਰਕ੍ਰਿਤੀ ਦੇ ਪ੍ਰਤੀ ਅਪਰਾ ਨਾਲ ਬਹੁਤ ਨਰਾਜਗੀ ਸੀ ਜਿਹੜੀਆਂ ਗੱਲਾਂ ਬਹਿਸਾਂ ਦੇ ਦੌਰਾਨ ਸੱਤਾਂ ਤੇ ਆ ਜਾਂਦੀਆਂ ਹਨ। ਅਪਰਾ 'ਵਿਲ ਡੂ ਕੇਨ ਡੂ' ਵਾਲੇ ਸੰਕਲਪ ਦੀ ਇਸਤਰੀ ਸੀ ਅਤੇ ਦੂਜੇ ਦੀ ਮਾਨਸਿਕ ਕਮਜੋਰੀ ਦੇ ਪ੍ਰਤੀ ਲਗਭਗ ਨਿਰਦਈ।

''ਅਪਰਾ ਤੂੰ ਕੀ ਸੋਚਦੀ ਏ, ਤੂੰ ਆਪਣੇ ਸੱਚ ਨੂੰ ਜਾਣ ਕੇ ਉਸ ਦੇ ਨਾਲ ਜੀ ਰਹੀ ਏਂ ? ਨੀਰਜ ਨੇ ਦੁਬਾਰਾ ਨਵੇਂ ਸਿਰੇ ਤੋਂ ਪੁਰਾਣਾ ਸਵਾਲ ਖੜਾ ਕਰ ਦਿੱਤਾ।

ਅਪਰਾ ਦੀ ਇੱਛਾ ਹੋਈ, ਬੜੇ ਜੋਸ਼ ਨਾਲ ਜਵਾਬ ਦੇਵੇ ਕਿ ਹਾਂ ਜਾਣਦੀ ਹਾਂ, ਮੇਰਾ ਸੱਚ ਤੂੰ ਨਹੀਂ ਏ। ਪਰ ਮਨ ਦੀ ਗੱਲ ਮਨ 'ਚ ਦੱਬ ਕੇ ਪ੍ਰਗਟ ਰੂਪ 'ਚ ਉਹ ਬੋਲੀ , 'ਮੇਰਾ ਸੱਚ ਮੇਰਾ ਕਰਮ ਹੈ। ਇਸਤਰੀਆਂ ਦੀ ਸੰਖਿਆ ਨਾਲ ਜੁੜ ਕੇ ਕੰਮ ਕਰਨ 'ਚ ਹੈ। ਉਸ 'ਚ ਮੇਰੇ ਸੱਚ ਅਤੇ ਹੋਂਦ ਦੀ ਨੀਤੀ ਹੈ।''

''ਜਾਣਦੀ ਏਂ ਤੂੰ , ਕਿਹੜੀਆਂ ਲੜਕੀਆਂ ਕਮਿਊਨਿਸਟ ਜਾਂ ਫੈਮਿਨਿਸਟ ਅੰਦੋਲਨ ਦੇ ਨਾਲ ਜੁੜਦੀਆਂ ਹਨ ? ਜਿਨ੍ਹਾਂ ਨੂੰ ਜ਼ਿੰਦਗੀ 'ਚ ਭਰਪੂਰ ਪੂਰਾ ਰੁਮਾਂਸ ਨਹੀਂ ਮਿਲਦਾ, ਕੋਈ ਹੀਰੋ ਨਹੀਂ ਮਿਲਦਾ, ਜਿਨ੍ਹਾਂ ਨੂੰ ਵਿਆਕਤਿਤਵ ਹੀਣਤਾ ਦਾ ਰੋਗ ਹੁੰਦਾ ਹੈ। ਜਿਸ ਨੂੰ ਰੁਮਾਨੀ ਜਿਹਨੀ ਅਸਫਲਤਾ ਪ੍ਰਾਪਤ ਹੁੰਦੀ ਹੈ। ਉਸਦੀ ਹੀਣਤਾ ਤੇ ਗੁੱਸਾ ਸਮਾਜਿਕ ਵਿਵਸਥਾ ਦੇ ਖਿਲਾਫ਼ ਨਿਕਲਦਾ ਹੈ।''

'ਕਿੰਨੇ ਵਜ ਗਏ?' ਉਸ ਨੇ ਨੀਰਜ ਨੂੰ ਉਠਾਉਣ ਦੇ ਲਈ ਪੁੱਛਿਆ। ਉਦੋਂ ਹੀ ਬਾਹਰ ਦਾ ਗੇਟ ਖੜਕਿਆ। ਹੁਣ ਕੌਣ ਆਇਆ ਹੈ? ਸੋਚਦੀ ਹੋਈ ਉਹ ਦਰਵਾਜੇ ਵੱਲ ਝਾਕਣ ਲੱਗ ਪਈ। ਰੇਵਤੀ ਅਤੇ ਕੁਸ਼ਾਣ ਸੀ। ਹਮੇਸਾਂ ਵਾਂਗ ਹਿੜ ਹਿੜ ਕਰਦੇ ਹੋਏ ਅਤੇ ਸਵੈ ਕੇਂਦਰਤ ਨਾਲ ਮਦਹੋਸ ਹੋਈ ਉਸ ਦੇ ਇਨ੍ਹਾਂ ਭਾਵਾ ਨੂੰ ਸੁੰਘਦੇ ਹੋਏ ਹੀ ਉਸ ਨੂੰ ਉਨ੍ਹਾਂ ਨਾਲ ਜੈਲਸੀ ਜਿਹੀ ਹੋਣ ਲੱਗ ਪਈ।

ਧੰਨਵਾਦ ਤੋਂ ਬਾਅਦ ਨੀਰਜ ਉੱਠ ਪਿਆ। ਉਸ ਨੂੰ ਰਾਹਤ ਮਹਿਸੂਸ ਹੋਈ। ਫਿਰ ਇਕ ਅਜੀਬ ਜਿਹੇ ਪਛਤਾਵੇ ਨੇ ਘੇਰ ਲਿਆ। ਕਿਓ ਉਹ ਉਸਦੇ ਜ਼ਖਮਾਂ ਨੂੰ ਛਿਲਦੇ ਹਨ ? ਇਸ ਲਈ ਕਿ ਨੀਰਜ ਨੇ ਕਦੇ ਵੀ ਉਸ ਨੂੰ ਅਪਣਾਉਣ ਦੀ ਇੱਛਾ ਪ੍ਰਗਟ ਨਹੀਂ ਕੀਤੀ ਅਤੇ ਉਹ ਉਡੀਕ ਹੀ ਕਰਦੀ ਰਹਿ ਗਈ। ਉਸ ਦੇ ਆਪਣੇ ਨਾਲ ਚੱਲਣ ਦੀ ਉਡੀਕ। ਉਸ ਦੇ ਨਾਲ ਕੋਈ ਕਿਵੇਂ ਚੱਲ ਸਕਦਾ ਹੈ। ਉਹ ਖੁਦ ਆਪਣੇ ਆਪ ਦੇ ਨਾਲ ਤੁਰ ਸਕੇ ਅਜੇ ਤਾਂ ਇਹ ਹੀ ਬਹੁਤ ਹੈ।



*कंचन लता* की कहानी ''बाप'' का पंजाबी अनुवाद

## ਕਹਾਣੀ

# ਪਿਤਾ

ਕੰਚਨ ਲਤਾ



'' ਮੇ ਆਈ ਕਮ ਇਨ ਮੈਮ।'' ਇਕ ਵਿਦਿਆਰਥਣ ਨੇ ਅਧਿਆਪਕਾ ਨੂੰ ਕਿਹਾ।

''ਹਾਂ ਤੂੰ ਆ ਸਕਦੀ ਏਂ, ਬੋਲ ਕੀ ਗੱਲ ਏ ?''

''ਕੀ 'ਸੁਮਨ' ਤੁਹਾਡੀ ਕਲਾਸ ਦੀ ਵਿਦਿਆਰਥਣ ਹੈ ?'' ਅਧਿਆਪਕਾ ਨੇ ਪੁੱਛਿਆ।

''ਜੀ ਹਾਂ।'' ਅਜੇ ਅਧਿਆਪਕਾ ਉਸ ਵਿਦਿਆਰਥਣ ਦੀ ਗੱਲ ਸੁਣ ਹੀ ਰਹੀ ਸੀ ਤਾਂ ਵਿਦਿਆਰਥੀ ਨੇ ਤੁਰੰਤ ਦੂਜਾ ਸਵਾਲ ਕੀਤਾ।

''ਮੈਮ, ਸੁਮਨ ਹੁਣ ਸਕੂਲ ਆਈ ਹੈ।''

ਅਧਿਆਪਕ ਨੇ ਹੈਰਾਨ ਹੋ ਕੇ ਕਿਹਾ, ''ਹੁਣ !''

ਅਧਿਆਪਕਾ ਨੇ ਉਸ ਸਮੇਂ ਆਪਣੇ ਗੁੱਟ 'ਤੇ ਬੰਨੀ ਘੜੀ ਵਲ ਦੇਖਿਆ ਉਸ 'ਤੇ 9.30 ਵਜੇ ਸੀ। ਜਦ ਕਿ ਸਕੂਲ ਆਉਣ ਦਾ ਸਮਾਂ ਸਵੇਰੇ 7.00 ਵਜੇ ਦਾ ਸੀ।

ਅਧਿਆਪਕਾ ਵਿਦਿਆਰਥਣ ਦੀ ਗੱਲ ਸੁਣ ਕੇ ਤੁਰੰਤ ਪ੍ਰਿਸੀਪਲ ਦੇ ਦਫ਼ਤਰ ਵੱਲ ਚਲ ਪਈ ਸੀ।

ਉਂਝ ਤਾਂ ਸਕੂਲ ਦੀ ਬਿਲਡਿੰਗ ਤਿੰਨ ਮੰਜਲਾ ਸੀ। ਉਸ ਵੇਲੇ ਸੁਮਨ ਦੀ ਕਲਾਸ ਉਹ ਅਧਿਆਪਕਾ ਦੂਸਰੀ ਮੰਜਿਲ 'ਤੇ ਲੈ ਰਹੀ ਸੀ। ਜਿਸ ਥਾਂ ਤੇ ਇਹ ਸਕੂਲ ਹੈ ਉਥੇ ਵਧੇਰੇ ਕਰਕੇ ਚੌਥਾ ਦਰਜਾ ਸ੍ਰੇਣੀ ਦੇ ਘਰ ਸੀ। ਸੁਮਨ ਦੇ ਪਿਤਾ ਕਿਸੇ ਸਰਕਾਰੀ ਦਫਤਰ 'ਚ ਸੁਮਨ ਕਾਲੀ ਸਾੜੀ ਲਗਾਈ ਉਥੇ ਖੜੀ ਦਿਖਾਈ ਦਿੱਤੀ। ਸੁਮਨ ਦੇਖਣ 'ਚ ਐਨੀ ਸੁੰਦਰ ਸੀ ਕਿ ਇਕ ਵਾਰ ਜੇਕਰ ਕੋਈ ਉਸਨੂੰ ਦੇਖ ਲਵੇ ਤਾਂ ਭੁੱਲ ਨਹੀਂ ਸਕਦਾ। ਇਸ ਲਈ ਸਾਰੀ ਕਾਲੋਨੀ ਦੇ ਮੁੱਛ ਫੁੱਟ ਮੁੰਡੇ ਉਹਦੇ ਉਤੇ ਜਾਨ ਵਾਰਦੇ ਸਨ। ਉਹ ਗੱਲਾਂ ਅਧਿਆਪਕਾ ਨੇ ਉਸਦੀਆਂ ਸਹੇਲੀਆਂ ਦੇ ਮੂੰਹੋਂ ਵੀ ਸੁਣਿਆ ਹੋਇਆ ਸੀ। ਉਹ ਜਿਧਰੋਂ ਨਿਕਲ ਜਾਂਦੀ ਉਧਰ ਸੀਟੀਆ ਦੀਆਂ ਆਵਾਜ਼ਾ ਆਉਣ ਲੱਗ ਪੈਂਦੀਆਂ। ਇਸ ਗੱਲ ਤੋਂ ਉਸ ਦੇ ਘਰ ਵਾਲੇ ਵੀ ਬਹੁਤ ਪਰੇਸ਼ਾਨ ਸਨ। ਉਸ ਦੇ ਨਾਲ ਇਕ ਚਾਲੀ ਪੰਜਤਾਲੀ ਸਾਲਾ ਦਾ ਅਧਖੜ ਵਿਆਕਤੀ ਵੀ ਖੜਾ ਸੀ। ਉਸਨੇ ਸਿਰ ਉਪਰ ਕੰਬਲ ਲਿਆ ਹੋਇਆ ਸੀ। ਹੱਥ 'ਚ ਲਾਠੀ ਵੀ ਫੜੀ ਹੋਈ ਸੀ। ਅਧਿਆਪਕਾ ਨੂੰ ਦੇਖਦਾ ਹੀ ਉਹ ਬੋਲਿਆ , ''ਮੈਡਮ

ਆਪਣੇ ਸਕੂਲ ਦੀ ਡਰੈਸ ਕਿਹੋ ਜਿਹੀ ਹੈ? ਕਾਲੇ ਰੰਗ ਦੀ?''

ਟੀਚਰ ਹੈਰਾਨ ਹੋ ਕੇ ਇਹ ਸਭ ਕੁਝ ਦੇਖ ਰਹੀ ਸੀ।

ਉਹ ਫਿਰ ਬੋਲਿਆ।''ਮੈਡਮ ਇਹ ਹਰਾਮਜਾਦੀ ਅੱਜ ਭੱਜਣ ਦੇ ਇਰਾਦੇ ਨਾਲ ਆਈ ਹੈ। ਇਹਦੀ ਮਾਂ ਦੀ ...।'' ਤੇ ਉਹ ਉਸ ਨੂੰ ਮਾਰਨ ਲਈ ਅੱਗੇ ਵਧਿਆ।

ਅਧਿਆਪਕਾ ਨੇ ਵਿਚੋਂ ਹੀ ਉਹਨੂੰ ਰੋਕ ਲਿਆ।

''ਮੈਡਮ ਛੋਕਰੀ 'ਤੇ ਇਹਦੀ ਮਾਂ ਦਾ ਅਸਰ ਪਿਆ ਹੈ। ਉਹ ਵੀ ਸਾਲੀ ਬਦਮਾਸ਼ ਹੈ। ਸਾਰੀ ਉਮਰ ਮੈਨੂੰ ਧੋਖਾ...।'' ਵਿਚੋਂ ਹੀ ਸੁਮਨ ਬੋਲ ਪਈ,

''ਮੈਡਮ ਇਹ ਮੇਰਾ ਬਾਪ ਹੈ। ਤਿੰਨ ਦਿਨਾਂ ਤੋਂ ਘਰ ਦੇ ਚੁੱਲ੍ਹੇ 'ਚ ਅੱਗ ਨਹੀਂ ਬਲੀ ਇਸ ਨੇ ਰਾਤ ਨੂੰ ਸਾਨੂੰ ਡਾਂਗਾ ਨਾਲ ਕੁੱਟਿਆ।'' ਆਪਣਾ ਦੁੱਖਦਾ ਹੋਇਆ ਹੱਥ ਚੁੱਕਦੀ ਹੋਈ ਉਹ ਕਹਿਣ ਲੱਗੀ। ''ਦੇਖੋ ਜਰਾ ਮੈਮ, ਕਿੰਨਾ ਸੁੱਜਾ ਹੋਇਆ ਹੈ। ਮੇਰਾ ਹੱਥ ?''

ਉਸ ਦਾ ਗ਼ਲਾ ਬੈਠਿਆ ਹੋਇਆ ਸੀ। ਅਜੇ ਉਹ ਬੁਸ-ਬੁਸ ਕਰਦੀ ਹੋਈ ਰੋਣ ਲੱਗ ਪਈ। ਡਰ ਤੇ ਰੁਕ ਰੁਕ ਕੇ ਹੌਲੀ ਹੌਲੀ ਬੋਲ ਰਹੀ ਸੀ। ਮੈਡਮ ਨੇ ਉਸ ਨੂੰ ਆਪਣੇ ਗਲੇ ਨਾਲ ਲਾ ਲਿਆ। ਮੈਡਮ ਨੂੰ ਦਹੇਜ ਦੇ ਲਾਲਚੀਆਂ ਦੇ ਹੱਥੋਂ ਮਾਰ ਦਿੱਤੀ ਗਈ ਆਪਣੀ ਬੇਟੀ ਕਲਪਨਾ ਦਾ ਚਿਹਰਾ ਸੁਮਨ ਦੇ ਚਿਹਰੇ 'ਚ ਝਲਕਣ ਲੱਗ ਪਿਆ ਸੀ।



ਕਹਾਣੀਕਾਰ ਕੰਚਨ ਲਤਾ ਦਾ ਜਨਮ 7 ਨਵੰਬਰ 1949 ਨੂੰ ਹੋਇਆ। ਸਿੱਖਿਆ ਐਮ. ਏ. , ਬੀ. ਐੱਡ, ਰਾਸਟਰੀ ਸਰਵੋਦਿਆ ਵਿਦਿਆਲਿਆ 'ਚ ਅਧਿਆਪਕ। ਸੰਪਰਕ 22 ਸ਼ਾਮ ਵਿਹਾਰ, ਨਜ਼ਫ਼ਗੜ੍ਹ , ਫੇਜ਼-2, ਨਵੀਂ ਦਿੱਲੀ-110043

ਸੁਮਨ ਸਹਿਜ ਹੋ ਕੇ ਕਹਿਣ ਲੱਗੀ, ''ਮੈਮ ਇਹ ਸਾਡਾ ਪਿਓ ਨਹੀਂ ਹੈ। ਹਾਂ ਜੇਕਰ ਇਹ ਸਾਡਾ ਪਿਓ ਹੁੰਦਾ ਤਾਂ ਸਾਨੂੰ ਐਨਾ ਕੁੱਟਦਾ ਨਾ। ਇਸ ਨੇ ਸਾਨੂੰ ਤਿੰਨ ਭੈਣਾਂ ਨੂੰ ਸੋਟੀਆਂ ਨਾਲ ਕੁੱਟਿਆ। ਮੇਰੀ ਛੋਟੀ ਭੈਣ ਤਾਂ ਦੋ ਵਾਰ ਬੇਹੋਸ ਵੀ ਹੋ ਗਈ ਸੀ। ਮੈਂ ਜਦੋਂ ਭੱਜੀ ਹੋਈ ਉਸ ਨੂੰ ਬਚਾਉਣ ਆਈ ਸੀ ਤਾਂ ਉਸ ਨੇ ਮੈਨੂੰ ਵੀ ਕੁੱਟਣਾ ਸ਼ੁਰੂ ਕਰ ਦਿੱਤਾ, ''ਆਪਣੀ ਪਿੱਠ 'ਤੋਂ ਸਵੈਟਰ ਉਪਰ ਚੁੱਕ ਕੇ ਲੱਗੀਆ ਹੋਈ ਸੱਟਾਂ ਨੂੰ ਦਿਖਾਉਣ ਲੱਗਦੀ ਹੈ।

ਰਾਤ ਦੀ ਮਾਰ ਨਾਲ ਸੁਮਨ ਦੀ ਪਿੱਠ ਨੀਲੀ ਹੋ ਗਈ ਸੀ।

ਸੁਮਨ ਦੀ ਗੱਲ ਵਿਚਕਾਰੋ ਕੱਟਦੇ ਹੋਏ, ''ਮੈਡਮ ਇਹ ਗੱਲ ਨਹੀਂ ਹੈ। ਇਹ ਸਾਲੇ ਮੇਰੇ ਬੱਚੇ ਹੀ ਨਹੀਂ ਹਨ। ਇਹਨਾਂ ਦੀ ਮਾਂ ਵੀ ਸਾਲੀ ਰੰਡੀ ਹੈ। ਨਾ ਜਾਣੇ ਕਿਹਦੇ ਕਿਹਦੇ ਨਿਆਣੇ ਲੈ ਆਈ ਹੈ। ਅਤੇ ਮੇਰੇ ਉਪਰ ਠੋਸ ਦਿੱਤੇ ਹਨ, ਸਾਲੀ ਰੰਡੀ ਕਿਸੇ ਥਾਂ ਦੀ...।'' ਉਹ ਆਦਮੀ ਬੁੜ ਬੁੜ ਕਰਨ ਲੱਗਾ ਪਿਆ।

''ਨਹੀਂ ਮੈਡਮ ਇਹ ਝੂਠ ਕਹਿ ਰਿਹਾ ਹੈ। ਮੈਡਮ ਜਦੋਂ ਇਹਨੇ ਸ਼ਰਾਬ ਪੀਣੀ ਹੁੰਦੀ ਹੈ। ਤਾਂ ਇਹ ਅਜਿਹੀਆਂ ਹੀ ਗੱਲਾਂ ਕਰਦਾ ਹੈ। ਇਹਨੇ ਸਾਰੇ ਘਰ ਦਾ ਸਾਰਾ ਸਮਾਨ ਵੀ ਤੋੜ ਰੱਖਿਆ ਹੈ। ਮੈਡਮ ਇਹ ਚਾਰ-ਚਾਰ ਦਿਨ੍ਹਾਂ ਤੱਕ ਚੁੱਲ੍ਹੇ ਤੇ ਰੋਟੀ ਨਹੀਂ ਬਣਾਉਣ ਦਿੰਦਾ ਅਤੇ ਸ਼ਰਾਬ ਦੀ ਬੋਤਲ ਖੋਲ੍ਹ ਕੇ ਬੈਠਾ ਰਹਿੰਦਾ ਹੈ ਰਾਤ ਜਦੋਂ ਇਹਨੇ ਸ਼ਰਾਬ ਦੀ ਬੋਤਲ ਖੋਲ੍ਹੀ ਤਾਂ ਇਹਦੀ ਸ਼ਰਾਬ ਦੀ ਬੋਤਲ ਖੋਹ ਕੇ ਅਸੀਂ ਦੋਹਾਂ ਭੈਣਾ ਨੇ ਸ਼ਰਾਬ ਪੀ ਲਈ। ਅਸੀਂ ਸ਼ਰਾਬ ਪੀ ਕੇ ਆਪਣੀ ਜ਼ਿੰਦਗੀ ਖਰਾਬ ਕੀਤੀ ਹੈ। ਮੇਰੀ ਭੈਣ ਤਾਂ ਤਿੰਨ ਦਿਨਾਂ ਤੋਂ ਭੁੱਖੀ ਸੀ। ਮੇਰੀ ਭੈਣ ਦੇ ਮੂੰਹ 'ਚੋਂ ਤਾਂ ਲਹੂ ਵੀ ਵਹਿਣ ਲੱਗਾ ਸੀ। ਮੈਨੂੰ ਕੇਵਲ ਨਸ਼ਾ ਚੜਿਆ ਸੀ।'' ਗੱਲ ਸੁਣ ਕੇ ਉਹ ਵਿਆਕਤੀ ਲਾਠੀ ਧਰਤੀ ਤੇ ਖੜਕਾਉਣ ਲੱਗ ਪਿਆ।''ਮੈਡਮ ਤੁਸੀਂ ਪਾਸੇ ਹੱਟ ਜਾਓ ਮੈਂ ਸਾਲੀ ਨੂੰ ਹੁਣੇ ਚੁੱਪ ਕਰਵਾਉਂਦਾ ਹਾਂ. ਉਂਝ ਇਹ ਚੁੱਪ ਨਹੀਂ ਹੋਵੇਗੀ।''

ਅਧਿਆਪਕਾ ਨੇ ਵਿਚੋਂ ਹੀ ਰੋਕਦੇ ਹੋਏ ਕਿਹਾ, ''ਭਾਈ ਸਾਹਿਬ ਤੁਸੀਂ ਬੱਚੀ ਨੂੰ ਹੱਥ ਨਹੀਂ ਲਾ ਸਕਦੇ। ਇਹ ਸਕੂਲ ਦੇ ਅੰਦਰ ਹੈ। ਅਤੇ ਇਹਦਾ ਖਿਆਲ ਰੱਖਣਾ ਸਾਡੀ ਜਿੰਮੇਵਾਰੀ ਹੈ।'' ਹੁਣ ਤੱਕ ਦੀ ਗੱਲਬਾਤ ਤੋਂ ਅਧਿਆਪਕਾ ਸਭ ਕੁਝ ਸਮਝ ਚੁੱਕੀ ਸੀ। ਉਨ੍ਹਾਂ ਦੋਹਾਂ ਨੂੰ ਦੇਖ ਕੇ ਅਜਿਹਾ ਲੱਗਦਾ ਸੀ ਕਿ ਇਕ ਯੁੱਗ ਬੀਤੇ ਹੋਏ ਯੁਗ ਨੂੰ ਚਿਤਾਵਨੀ ਦੇ ਰਿਹਾ ਹੈ। ਸੁਣਨ ਵਾਲੀਆਂ ਹੋਰ ਅਧਿਆਪਕਾਵਾ ਵੀ ਇਸ ਗੱਲ ਤੋਂ ਦੁਖੀ ਨਜ਼ਰ



ਆ ਰਹੀਆਂ ਸਨ।

ਐਨੇ ਨੂੰ ਤੀਜਾ ਪੀਰਿਅਡ ਵੀ ਲੰਘ ਗਿਆ ਅਜੇ ਤੱਕ ਬਾਪ ਬੇਟੀ ਦਾ ਝਗੜਾ ਖਤਮ ਨਹੀਂ ਹੋਇਆ ਸੀ। ਫਿਰ ਉਹ ਜੋਰ ਨਾਲ ਚੀਕਿਆ। ਐਨੇ ਨੂੰ ਵਾਈਸ ਪ੍ਰਿੰਸੀਪਲ ਮੈਡਮ ਮਹਿਤਾ ਵੀ ਆ ਗਈ। ਕਿਉਕਿ ਪ੍ਰਿੰਸੀਪਲ ਨੇ ਰਿਟਾਇਰਮੈਂਟ ਲੈ ਲਈ ਸੀ। ਉਸ ਦਾ ਸਾਰਾ ਕੰਮ ਕਾਜ ਵਾਈਸ ਪ੍ਰਿਸੀਪਲ ਹੀ ਦੇਖ ਰਹੀ ਸੀ। ਉਹ ਬੋਲਿਆ, ''ਮੈਡਮ ਮੈਂ ਤੁਹਾਨੂੰ ਪੂਰੀ ਗੱਲ ਦੱਸਦਾ ਹਾਂ। ਇਹ ਮੇਰੇ ਬੱਚੇ ਨਹੀਂ ਹਨ। ਇਹਦੀ ਮਾਂ ਨਾਲ ਮੇਰਾ ਵਿਆਹ ਹੀ ਕੇਵਲ ਹੋਇਆ ਹੈ। ਚਾਰ ਸਾਲ ਤੱਕ ਉਸਨੂੰ ਕੋਈ ਬੱਚਾ ਨਹੀਂ ਹੋਇਆ। ਅਸੀਂ ਸਾਰੇ ਚੇਲੇ-ਸਾਧਾਂ, ਤਾਂਤ੍ਰਿਕਾਂ, ਜੋਤਸ਼ੀਆ, ਪਰੋਹਿਤਾ ਨੂੰ ਦਿਖਾ ਲਿਆ। ਕਿਸੇ ਨੇ ਕਿਹਾ ,''ਤੇਰੀ ਕਿਸਮਤ 'ਚ ਬੱਚੇ ਨਹੀਂ ਹਨ। ਤਾਂ ਕਿਸੇ ਨੇ ਕਿਹਾ ਕਿ ਬੱਚੇ ਲਈ ਟੂਣੇ ਟਾਲੇ ਕਰਨੇ ਪੈਣਗੇ। ''

ਉਦੋਂ ਹੀ ਸੁਮਨ ਟੋਕਦੀ ਹੋਈ ਬੋਲੀ, ''ਮੈਮ ਇਹ ਝੂਠ ਬੋਲ ਰਿਹਾ ਹੈ। ਅਸੀਂ ਸਾਰੇ ਇਹਦੇ ਬੱਚੇ ਹਾਂ। ਇਹ ਦਿਨ ਰਾਤ ਦਾਰੂ ਪੀ ਕੇ ਇਹੀ ਗੱਲ ਮੇਰੀਆਂ ਭੈਣਾ ਨੂੰ ਕਹਿ ਕੇ ਮਾਰਦਾ ਰਹਿੰਦਾ ਹੈ। ਅਤੇ ਸਾਨੂੰ ਆਪਣੀ ਔਲਾਦ ਨਹੀਂ ਸਮਝਦਾ। ਮੈਮ ਗੱਲ ਇਹ ਸੀ ਕਿ ਜਦੋਂ ਮੇਰੀ ਮਾਂ ਨੂੰ ਬੱਚਾ ਨਹੀਂ ਹੋਇਆ ਸੀ ਉਦੋਂ ਦਾਦੀ ਨੇ ਲਲਿਤਾ ਭਵਾਨੀ ਗੁੜਗਾਂਵ ਵਾਲੀ ਜਿਹੜੀ ਹਰਿਆਣੇ 'ਚ ਹੈ, ਨੂੰ ਸੂਅਰ ਦੀ ਬਲੀ ਚੜ੍ਹਾਈ ਸੀ ਅਤੇ ਮੰਨਤ ਮੰਗੀ ਸੀ। ਉਥੋਂ ਦੇ ਪੁਜਾਰੀ-ਸਿਆਣੇ ਨੇ ਉਸਦਾ ਇਲਾਜ਼ ਕੀਤਾ ਸੀ। ਉਦੋਂ ਮਾਂ ਦੀ ਕ੍ਰਿਪਾ ਨਾਲ ਸਾਡੇ ਸਾਰੇ ਭੈਣ ਭਰਾਵਾ ਦਾ ਜਨਮ ਹੋਇਆ ਸੀ ... ਬਸ ਐਨੀ ਕੁ ਗੱਲ ਹੈ। '' ਅਤੇ ਐਨਾ ਕਹਿ ਕੇ ਉਹ ਫੁੱਟ ਫੁੱਟ ਕੇ ਰੋਣ ਲੱਗ ਪਈ। ਮੈਮ ਇਹ ਮੇਰੇ ਉਪਰ ਵੀ ਚੜ ਕੇ ਬੈਠ ਗਿਆ ਸੀ ਅਤੇ ਕਹਿ ਰਿਹਾ ਸੀ ਕਿ ਇਹਦੀਆਂ ਲੱਤਾਂ ਵਿਚਕਾਰੋਂ ਪਾੜ ਦਊਂਗਾ।'' ਐਨਾ ਕਹਿੰਦੀ ਹੋਈ ਉਹ ਫਿਰ ਬੋਲੀ, ''ਮੈਮ ਏਨੇ ਮੇਰੀ ਭਾਬੀ ਤੱਕ ਨੂੰ ਨਹੀਂ ਬਖ਼ਸ਼ਿਆ। ਉਸਨੂੰ ਵੀ... ਕੁੱਟਿਆ ਹੈ। ... ਉਸਨੂੰ ਤਾਂ ਬੱਚਾ ਹੋਣ ਵਾਲਾ ਸੀ।'' ਇਸਨੇ ਉਸਦੇ ਢਿੱਡ 'ਚ ਲੱਤਾਂ ਮਾਰੀਆਂ।'' ਉਹ ਬਾਹਰ ਇਸ਼ਾਰਾ ਕਰਦੀ ਹੋਈ ਕਹਿੰਦੀ ਹੈ, ''ਇਹ ਖੜੀ ਹੈ ਤੁਸੀਂ ਖੁਦ ਹੀ ਦੇਖ ਲਓ। ਮੈਮ ਇਹ ਮੇਰੀ ਛੋਟੀ ਭੂਆ ਦੀ ਗੱਲ ਬਹੁਤ ਮੰਨਦਾ ਹੈ। ਉਸਨੇ ਇਕ ਦਿਨ ਸੁਪਨਾ ਦੇਖਿਆ ਕਿ ਮੇਰੀ ਮਾਂ ਅਤੇ ਤਾਇਆ ਇਕ ਬਿਸਤਰੇ 'ਚ ਲੰਮੇ ਪਏ ਹੋਏ ਹਨ ਅਤੇ ਪਿਆਰ ਦੀਆਂ ਗੱਲਾਂ ਕਰ ਰਹੇ ਹਨ। ਉਦੋਂ ਤੋਂ ਸਾਨੂੰ ਸਭ ਨੂੰ ਆਪਣੀ ਔਲਾਦ ਨਹੀਂ ਮੰਨਦਾ। ਇਹ ਕਦੇ ਸਾਨੂੰ ਆਪਣੇ ਪਿੰਡ ਤੱਕ ਨਹੀਂ ਲੈ ਕੇ ਜਾਂਦਾ, ਦਾਦੀ ਦੇ ਕੋਲ।''

ਸੁਮਨ ਬੋਲਦੀ ਜਾ ਰਹੀ ਸੀ। ਹੁਣ ਟੀਚਰ ਵੀ ਉਸ ਨੂੰ ਚੁੱਪ ਕਰਾਉਣ ਦਾ ਜਤਨ ਕਰਨ ਲੱਗ ਪਏ ਸੀ। ਪਰ ਉਹ ਬੋਲੀ ਜਾ ਰਹੀ ਸੀ, ''ਮੈਮ ਅੱਜ ਮੈਂ ਮਰ ਜਾਣਾ ਏ, ਮੈਂ ਹੁਣ ਏਥੇ ਰਹਿ ਨਹੀਂ ਸਕਦੀ।'' ਉਹ ਕਿਸੇ ਵੀ ਤਰ੍ਹਾਂ ਆਪਣੇ ਪਿਤਾ ਦੇ ਡਰ ਦਬਾਅ 'ਚ ਨਹੀਂ ਆ ਰਹੀ ਸੀ। ਅਜਿਹਾ ਲੱਗ ਰਿਹਾ ਸੀ ਕਿ ਉਹ ਆਪਣੀ ਜਿੱਤ ਦੇ ਦ੍ਰਿੜ ਇਰਾਦੇ ਨਾਲ ਆਈ ਸੀ।

ਗੱਲ ਏਥੇ ਹੀ ਖਤਮ ਨਹੀਂ ਹੋਈ, ਟੀਚਰ ਇੰਚਾਰਜ ਨੇ ਕਿਹਾ ਕਿ ''ਪਲੀਜ਼ ਤੁਸੀਂ ਏਥੋਂ ਦਫਾ ਹੋ ਜਾਓ, ਇਹ ਸਕੂਲ ਹੈ, ਕੋਈ ਕੁਸਤੀ ਦਾ ਅਖਾੜਾ ਨਹੀਂ ਤੇ ਹਾਂ ਜੇਕਰ ਤੁਹਾਡੀ ਬਕਵਾਸ ਬੰਦ ਨਹੀਂ ਹੋਈ ਤਾਂ ਮੈਂ ਪੁਲਿਸ ਨੂੰ ਬੁਲਾ ਲਵਾਗੀ। ਵਿਦਿਆਰਥਣ ਜੋ ਹੁਣ ਤੱਕ ਆਪਣੇ ਪਿਤਾ ਤੋਂ ਨਹੀਂ ਡਰੀ ਸੀ ਟੀਚਰ ਦੀ ਆਵਾਜ਼ ਸੁਣ ਕੇ ਸਹਿਮ ਗਈ ਅਤੇ ਗੇਟ ਵੱਲ ਚਲੇ ਗਈ।

ਬਾਹਰ ਖੜ੍ਹਾ ਉਸਦਾ ਬਾਪ ਅਜੇ ਵੀ ਗਾਲਾ ਕੱਢੀ ਜਾ ਰਿਹਾ ਸੀ, ''ਨਿਕਲ ਸਾਲੀਏ ਬਾਹਰ !...''

ਸੁਮਨ ਬੋਲੀ ਜਾ ਰਹੀ ਸੀ, ''ਮੈਡਮ ਅੱਜ ਮੈਂ ਆਪਣੀ ਜਾਨ ਦੇ ਦੇਣੀ ਹੈ, ਬਸ... ਜਾਨ ਹੀ ਹੈ।'' ਅਤੇ ਉਹ ਸਕੂਲ ਤੋਂ ਬਾਹਰ ਨਿਕਲ ਗਈ।

ਦੂਜੇ ਦਿਨ ਜਦੋਂ ਸਕੂਲ ਖੁੱਲਾ ਤਾਂ ਰੋਜ ਦੀ ਤਰ੍ਹਾਂ ਪ੍ਰਾਥਨਾ ਸਭਾ ਹੋਈ ਅਤੇ ਸਾਰੇ ਵਿਦਿਆਰਥੀ ਆਪਣੀਆਂ ਆਪਣੀਆਂ ਕਲਾਸਾਂ ਵੱਲ ਜਾਣ ਲੱਗੇ ਸੀ। ਇਕ ਵਿਆਕਤੀ ਸਕੂਲ 'ਚ ਆਇਆ ਤੇ ਸਿੱਧਾ ਮੁੱਖ ਅਧਿਆਪਕ ਦੇ ਕਮਰੇ 'ਚ ਵੜਨ ਲੱਗਾ। ਉਦੋਂ ਉਸ ਨੇ ਦੱਸਿਆ ਕਿ ਮੈਂ ਬਾਹਰਵੀਂ ਕਲਾਸ ਦੀ ਵਿਦਿਆਰਥਣ ਸੁਮਨ ਦਾ ਭਰਾ ਹਾਂ। ਰਾਤ ਉਹ ਛੱਤ ਨਾਲ ਰੱਸੀ ਬੰਨ ਕੇ ਲਟਕ ਕੇ ਮਰ ਗਈ। ਉਹ ਮੇਰੇ ਪਿਤਾ ਦੇ ਨਾਂ ਚਿੱਠੀ ਲਿਖ ਕੇ ਛੱਡ ਗਈ ਹੈ ਕਿ 'ਮੇਰੀ ਮੌਤ ਦਾ ਜਿੰਮੇਵਾਰ ਮੇਰਾ ਬਾਪ ਹੈ।'' ਮੇਰੇ ਪਿਤਾ ਨੂੰ ਪੁਲਿਸ ਫੜ੍ਹ ਕੇ ਲੈ ਗਈ ਹੈ।

## ਮੁਲਾਕਾਤ

### ''ਹਿੰਦੀ ਕਹਾਣੀ ਇਸ ਸਮੇਂ ਇਕ ਖਾਸ ਤਰ੍ਹਾਂ ਦੇ ਨਿਬੰਧ ਨੁਮਾ ਸਫ਼ਰ 'ਚੋਂ ਲੰਘ ਰਹੀ ਹੈ।'' - ਰਜਿੰਦਰ ਯਾਦਵ

*? ਸਮਕਾਲੀ ਕਹਾਣੀ ਆਪਣੀ ਪਹਿਲੀ ਕਹਾਣੀ ਤੋਂ ਕਿਵੇਂ ਭਿੰਨ ਹੈ। ਜੇਕਰ ਭਿੰਨ ਹੈ ਤਾਂ ਉਸ ਦੇ ਚਰਿਤਰ ਦੀਆਂ ਕਿਹੜੀਆਂ ਵਿਸ਼ੇਸ਼ਤਾਵਾਂ ਹਨ। ਯਥਾਰਥ ਦੇ ਪੱਧਰ ਤੇ, ਕਹਾਣੀ ਵਿਕਾਸ ਦੇ ਪੱਧਰ ਤੇ, ਕਹਾਣੀ ਸਿੰਪਲ ਅਤੇ ਭਾਸ਼ਾ ਦੇ ਪੱਧਰ ਤੇ ? ਕੀ ਆਪ ਨੂੰ ਕੋਈ ਸਪੱਸਟ ਭਿੰਨਤਾ ਨਜ਼ਰ ਆਉਂਦੀ ਹੈ। ਜਾਂ ਤੁਹਾਨੂੰ ਪੁਰਾਣੀਆਂ ਪ੍ਰਵਿਰਤੀਆਂ ਦਾ ਦੁਹਰਾਓ ਨਜ਼ਰ ਆਉਂਦਾ ਹੈ।*

- ਸਹੀ ਗੱਲ ਤਾਂ ਇਹ ਹਾਂ ਕਿ ਪੁਰਾਣੀਆਂ ਪ੍ਰਵਿਰਤੀਆਂ ਦੇ ਸੰਦਰਭ 'ਚ ਅਸੀਂ 80 ਦੇ ਬਾਅਦ ਦੀਆਂ ਨਵੀਆਂ ਕਹਾਣੀਆਂ ਨੂੰ ਸਮਝ ਨਹੀਂ ਸਕਦੇ। ਉਸ ਸਮਝ ਦੇ ਸਾਰੇ ਹਥਿਆਰ ਇਨ੍ਹਾਂ ਕਹਾਣੀਆਂ ਨੂੰ ਪੂਰੀ ਤਰ੍ਹਾਂ ਨਾਲ ਸਵੀਕਾਰ ਨਹੀਂ ਕਰਦੇ। ਅਸੀਂ ਕਿਸੇ ਅੰਤਮ ਫੈਸਲੇ 'ਤੇ ਨਹੀਂ ਪਹੁੰਚ ਸਕਦੇ। ਜੇਕਰ ਅੱਜ ਮੈਂ ਇਕ ਕਹਾਣੀ ਲਿਖਣੀ ਚਾਹੁੰਦਾ ਹਾਂ ਤਾਂ ਅੱਜ ਜਿਹੜਾ ਨਵਾਂ ਮੁਹਾਵਰਾ , ਨਵੀਂ ਅਪਰੋਚ ਕਹਾਣੀ ਵਿਚ ਆ ਗਈ ਹੈ। ਉਸ ਨਾਲ ਮੈਂ ਜੁੜ ਨਹੀਂ ਸਕਾਗਾ। ਨਤੀਜਾ ਮੈਂ ਕਹਾਣੀ ਉਥੋਂ ਹੀ ਸ਼ੁਰੂ ਕਰਾਗਾ ਜਿੱਥੋਂ ਮੈਂ ਛੱਡ ਚੁੱਕਾ ਸੀ। ਭਾਵ ਕਿ ਮੈਂ ਜਿਹੜਾ 24 ਘੰਟੇ ਕਹਾਣੀ ਦੇ ਵਿਚ ਰਹਿੰਦਾ ਹਾਂ, ਇਸ ਦੇ ਬਾਵਜੂਦ ਜੇਕਰ ਮੈਨੂੰ ਇਹ ਵਿਸ਼ਵਾਸ ਨਹੀਂ ਹੈ ਕਿ ਮੈਂ ਇਸ ਮੁਹਾਵਰੇ ਨੂੰ , ਇਸ ਪੂਰੀ ਸੰਵੇਦਨਾ ਨੂੰ ਫੜ ਸਕਾਗਾ। ਭਾਵ ਕਿ ਸਪਸ਼ਟ ਗੱਲ ਇਹ ਹੈ ਚੀਜਾ ਐਨੀਆਂ ਬਦਲ ਗਈਆਂ ਹਨ ਕਿ ਸਾਡੇ ਪੁਰਾਣੇ ਅਭਿਆਸਾਂ, ਸੰਸਕਾਰਾਂ ਜਾਂ ਤਜ਼ਰਬਿਆ ਤੋਂ ਕਹਾਣੀ ਦੂਰ ਆ ਗਈ ਹੈ।

ਮੈਨੂੰ ਲੱਗਦਾ ਹੈ ਕਿ ਸ਼ਹਿਰੀ ਅਤੇ ਕਸਬੇ ਦੀ ਕਹਾਣੀ 'ਚ ਐਨੀ ਸਪਸਟ ਵੰਡ ਪਹਿਲਾ ਨਹੀਂ ਸੀ। ਜਾਣੀ ਉਸ ਸਮੇਂ ਇਸ ਖਾਸ ਤਰ੍ਹਾਂ ਦਾ ਮਿਲਿਆ ਜੁਲਿਆ ਵਾਤਾਵਰਨ ਸੀ। ਛੋਟੇ ਕਸਬੇ ਦੀ ਕਹਾਣੀ ਨੇ ਐਨਾ ਸਕਤੀਸਾਲੀ ਸਮਾਨਾਂਅੰਤਰ ਪਹਿਲਾ ਪੈਦਾ ਨਹੀਂ ਕੀਤਾ ਸੀ ਜਿਹੜਾ ਅੱਜ ਹੈ। ਮਹਾਂਨਗਰ ਦੀਆਂ ਕਹਾਣੀਆਂ ਕੁਲ ਮਿਲਾ ਕੇ ਲੇਖਕ ਕੇਂਦਰਤ ਕਹਾਣੀਆਂ ਹਨ, ਇਨ੍ਹਾਂ 'ਚ ਸਾਰੇ ਦ੍ਰਿਸ਼ ਲੇਖਕ ਦੇ ਹੱਥਾਂ ਵਿਚ ਹੈ। ਉਧਰ ਕਸਬੇ 'ਚੋ ਆਉਣ ਵਾਲੀ ਕਹਾਣੀ 'ਚ ਸਾਫ ਅੰਤਰ ਇਹ ਦਿਖਾਈ ਦਿੰਦਾ ਹੈ। ਉਥੇ ਸਥਿਤੀਆਂ ਅਤੇ ਪਾਤਰ ਲੇਖਕ ਦੇ ਸਾਹਮਣੇ ਹਨ। ਜੇਕਰ ਸ਼ੋਸ਼ਣ, ਸੰਘਰਸ਼, ਆਦਿ ਦੀ ਭਾਸ਼ਾ ਨੂੰ ਇਕ ਪਾਸੇ ਕਰ ਵੀ ਦਈਏ ਤਾਂ ਉਥੇ ਸਥਿਤੀਆਂ ਹੀ ਬੋਲਦੀਆਂ ਹਨ, ਵਿਆਕਤੀ ਹੀ ਬੋਲਦਾ ਹੈ। ਸ਼ਹਿਰੀ ਕਹਾਣੀ ਵਿਚ ਲੇਖਕ ਇਕ ਹਲਾਤ ਸਾਹਮਣੇ ਰੱਖ ਕੇ ਉਸਦਾ ਵਿਸ਼ਲੇਸ਼ਣ ਕਰਦਾ ਹੈ। ਇਹ ਮਾਨਸਿਕਤਾ ਪ੍ਰੰਤੂ ਕਸਬੇ ਦੀ ਕਹਾਣੀ ਵਿਚ ਨਹੀਂ ਹੈ, ਅਸੀਂ ਜਿਵੇਂ ਸ਼ਹਿਰੀ ਕਹਾਣੀ ਨੂੰ ਆਪਣੀ ਚੁੰਗਲ, ਆਪਣੀ ਵਿਆਖਿਆ , ਆਪਣੀ ਪੇਸ਼ਕਾਰੀ ਦੀਆਂ ਸੀਮਾਵਾਂ ਤੋਂ ਬਾਹਰ ਨਹੀਂ ਨਿਕਲਣ ਨਹੀਂ ਦੇ ਰਹੇ, ਉਨ੍ਹਾਂ ਨੂੰ ਉਥੇ ਦੇ ਉਥੇ ਹੀ ਰੱਖਣਾ ਚਾਹੁੰਦੇ ਹਾਂ। ਅਤੇ ਜਾਂ ਉਹ ਵਿਸ਼ੇ ਬੀਤੇ ਦੀਆਂ ਗੱਲਾਂ ਬਣ ਗਏ ਹਨ। ਕਹਾਣੀ ਦੀਆਂ ਸੰਭਵਨਾਵਾਂ ਖਤਮ ਹੋ ਗਈਆਂ ਹਨ। ਮੈਨੂੰ ਇਹ ਖਤਰਨਾਕ ਲੱਗ ਰਿਹਾ ਹੈ ਕਿ ਸ਼ਹਿਰੀ ਕਹਾਣੀ ਦੁਬਾਰਾ ਸਮੰਤੀ ਯੁੱਗ ਨੂੰ ਹੀ ਦੁਹਰਾਹ ਰਹੀ ਹੈ। ਉਦਾਹਰਨ ਦੇ ਤੌਰ ਤੇ ਦੇਖੋ ਇੰਡੀਆਂ ਟੂਡੇ ਦਾ ਸਾਹਿਤਕੀ ਵਾਰਸ਼ਕੀ ਅੰਕ, ਵਧੇਰੇ ਮੈਂ ਪੜ੍ਹਿਆ ਨਹੀਂ। ਸਤਿਆਨ ਕੁਮਾਰ, ਵਿਜੇ ਮੋਹਨ ਸਿੰਘ, ਚਿਤ੍ਰਾ ਮੁਦਗਿਲ, ਇਨ੍ਹਾਂ ਤਿੰਨਾਂ ਦੀਆਂ ਕਹਾਣੀਆਂ ਉਨ੍ਹਾਂ ਸਮੰਤੀ ਸਮੇਂ ਦੀਆਂ ਕਹਾਣੀਆਂ ਹਨ। ਜਿਥੇ ਕੋਈ ਜ਼ਿੰਮੀਦਾਰ ਹੈ, ਕੋਈ ਰਾਜਾ-ਮਹਾਰਾਜਾ ਨੁਮਾ ਨਾਇਕਾ ਹੈ ਉਹੀ ਮਾਨਸਿਕਤਾ ਹੈ ਉਹੀ ਸਥਿਤੀਆਂ ਹਨ। ਅਜੇ ਮੇਰੇ ਕੋਲ ਹੰਸ ਦੇ ਲਈ ਚੰਗੇ ਲੇਖਕਾਂ ਦੀਆਂ ਚਾਰ ਪੰਜ ਕਹਾਣੀਆਂ ਪਈਆ ਹਨ। ਜਿਨ੍ਹਾਂ ਵਿਚ ਉਸ ਸਮੰਤੀ ਯੁੱਗ ਨੂੰ ਮੁੜ ਮੁੜ ਦੇਖਣ ਦੀ ਮਾਨਸਿਕਤਾ ਹੈ ਉਹੀ ਸਥਿਤੀਆਂ ਹਨ। ਸਮੱਸਿਆਵਾਂ ਸਮਾਜ ਵਿਚ ਚਾਹੇ ਜਿੰਨੀਆਂ ਮਰਜੀ ਵੱਧ ਗਈਆਂ ਹੋਣ, ਪਰ ਉਹ ਸਭ ਕਹਾਣੀ ਵਿਚ ਨਹੀਂ ਆ ਰਹੀਆਂ।

*? ਉਸ ਦਾ ਕੀ ਕਾਰਨ ਹੈ।*

- ਉਸ ਦਾ ਕਾਰਨ ਇਹੀ ਹੈ ਕਿ ਪਹਿਲਾ ਜਿਹੜੇ ਸੰਬੰਧ ਸਨ, ਤਣਾਓ ਪੈਦਾ ਕਰਦੇ ਸਨ, ਉਹਨਾਂ ਵਿਚ ਜਿਹੜੀ ਉਭਰਦੀ ਹੋਈ ਨਵੀਂ ਸਥਿਤੀ ਅਤੇ ਨਵੇਂ ਵਿਆਕਤਿਤਵ ਆਉਂਦੇ ਹਨ, ਉਹ ਆਪਸ ਵਿਚ ਟਕਰਾਉਂਦੇ ਸਨ ਜਿਹੜੀ ਕਹਾਣੀ ਬਣਦੀ ਸੀ। ਅੱਜ ਉਸ ਵਖਰੇਵੇਂ ਨੂੰ ਅਸੀਂ ਵਧੇਰੇ ਸਵੀਕਾਰ ਕਰ ਲਿਆ ਹੈ। ਵੱਧ ਤੋਂ ਵੱਧ ਬਾਪ



ਬੇਟੇ ਦੇ ਵਿਚ ਵਖਰੇਵਾ ਦਿਸਦਾ ਹੈ। ਬੁੱਢਾ ਬਾਪ ਹੈ ਆਦਿ ਆਦਿ। ਪ੍ਰੰਤੂ ਇਸਤਰੀ -ਮਰਦ ਦੇ ਵਿਚਕਾਰ ਇਕੱਲੇ ਹੋਣ ਦੀ ਨੀਤੀ ਕਰਕੇ ਇਹ ਪ੍ਰਵਾਨਗੀ ਹੈ ਸੰਬੰਧਾਂ ਦਾ ਤਣਾਓ ਨਹੀਂ ਹੈ। ਕਹਾਣੀਆਂ ਉਹ ਨਹੀਂ ਹਨ ਜਿਥੇ ਸੰਬੰਧਾਂ ਤਣਾਓ ਨਹੀਂ ਹੈ। ਕਹਾਣੀਆਂ ਉਹ ਹਨ ਜਿਥੇ ਸੰਬੰਧਾਂ ਦੇ ਤਣਾਓ ਤੋਂ ਆਦਮੀ ਗੁਜਰ ਚੁੱਕਾ ਹੈ। ਮੈਨੂੰ ਇਕ ਵੀ ਕਹਾਣੀ ਚੇਤੇ ਨਹੀਂ ਆਉਂਦੀ ਜਿਹੜੀ ਇਸਤਰੀ -ਮਰਦ ਦੇ ਸੰਬੰਧਾਂ ਤੇ ਹੋਵੇ। ਸੰਬੰਧਾਂ ਦੇ ਤਣਾਓ ਅਤੇ ਉਸ ਦੇ ਨਤੀਜਿਆਂ ਨੂੰ ਭੁਗਤਦੇ ਹੋਏ ਲੋਕ ਤਾਂ ਹਨ ਪ੍ਰੰਤੂ ਸਿੱਧੇ ਸਪਸ਼ਟ ਤਣਾਓ ਨਾਲ ਮੁੱਠਭੇੜ ਕਰਦੇ ਲੋਕ ਕਹਾਣੀ ਵਿਚ ਨਹੀਂ ਹਨ। ਨਵੀਂ ਪੀੜ੍ਹੀ ਦੇ ਕੋਲ ਤਾਂ ਭਵਿੱਖ ਦਾ ਕੋਈ ਸੁਪਨਾ ਨਹੀਂ ਹੈ, ਨਾ ਕੋਈ ਵਿਜ਼ਨ ਹੈ, ਬਲਕਿ ਭਵਿੱਖ ਹੀ ਨਹੀਂ ਹੈ। ਇਸ ਲਈ ਵਾਰ ਵਾਰ ਉਹ ਬੁੱਢੇ ਦੇ ਕੋਲ ਪਰਤਦੇ ਹਨ।

*? ਤੁਹਾਡੀ ਪੀੜ੍ਹੀ ਨੇ ਆਪਣੇ ਤੋਂ ਪਹਿਲੀ ਪੀੜ੍ਹੀ ਨੂੰ ਖੁੱਲ੍ਹੇ ਰੂਪ ਵਿਚ ਚੁਣੌਤੀ ਦਿੱਤੀ ਹੈ। ਆਪਣੇ ਆਪ ਨੂੰ ਸਥਾਪਤ ਕਰਨ ਲਈ ਉਨ੍ਹਾਂ ਨੇ ਆਪਣੇ ਆਪ ਨੂੰ ਵਿਸਥਾਪਤ ਕੀਤਾ । ਵਿਆਕਤੀਵਾਦੀ ਸੱਤਰ ਉਤੇ ਇਸ ਨੂੰ ਜੇ ਨਾ ਲਿਆ ਜਾਵੇ ਤਾਂ ਦੋ ਪੀੜ੍ਹੀਆਂ ਦੀ ਇਹ ਟੱਕਰ ਸੀ। ਕੀ ਉਨ੍ਹਾਂ ਦੇ ਕੋਲ ਤੁਹਾਡੀ ਪੀੜ੍ਹੀ ਨੂੰ ਦੇਣ ਲਈ ਕੋਈ ਲਾਲਚ ਨਹੀਂ ਸੀ।*

- ਸਾਡਾ ਦ੍ਰਿਸ਼ਟੀਕੋਣ ਉਨ੍ਹਾਂ ਬੁੱਢਿਆ ਦੇ ਪ੍ਰਤੀ ਆਲੋਚਨਾਤਮਕ ਸੀ, ਅਸੀਂ ਉਨ੍ਹਾਂ ਦੀ ਭੂਮਿਕਾ ਨੂੰ ਨਕਾਰ ਦਿੱਤਾ ਸੀ। ਜਦੋਂ ਉਨ੍ਹਾਂ ਦੇ ਮੋਹਰੇ ਸਾਡੇ ਕੋਲ ਰੱਖਣ ਲਈ ਕੁਝ ਨਹੀਂ ਸੀ। ਇਸ ਲਈ ਉਨ੍ਹਾਂ ਦੇ ਪ੍ਰਤੀ ਸਾਡੇ ਸੰਬੰਧ ਬਹੁਤ ਸਹਿਜ ਨਹੀਂ ਸੀ। ਇਹ ਇਕ ਪ੍ਰਕ੍ਰਿਆ ਸੀ। ਹੋਲੀ ਹੋਲੀ ਅਸੀਂ ਉਨ੍ਹਾਂ ਤੋਂ ਦੂਰ ਹੁੰਦੇ ਜਾ ਰਹੇ ਸੀ। ਜਿਹੜੇ ਸਾਡੇ ਤੋਂ ਬਾਅਦ ਦੀ ਪੀੜ੍ਹੀ 'ਚ ਘਿਰਣਾ ਵਰਗੀ ਚੀਜ ਦੀ ਪਿੱਠਭੂਮੀ ਸੀ।

ਜਿਹੜੀ ਮਾਨਸਿਕਤਾ ਅੰਤਰਰਾਸ਼ਟਰੀ ਪੱਧਰ ਤੇ ਆਸ਼ਬਰਨ ਦੇ ''ਲੁਕ ਬੈਕ ਇਨ ਐਂਗਰ' 'ਚ ਦਿਖਾਈ ਦਿੰਦੀ ਹੈ। ਪੂਰੀ ਪੂਰੀ ਪੀੜ੍ਹੀ ਨੂੰ ਗਾਲ੍ਹਾ ਦੇਣਾ। ਉਹੀ ਲਗਭਗ ਇਥੇ ਸੀ। ਗਿਆਨ ਰੰਜਨ 'ਚ ਰਵਿੰਦਰ ਕਾਲੀਆ 'ਚ ਗੰਗਾ ਪ੍ਰਸਾਦ ਬਿਮਲ 'ਚ। 1950 ਤੱਕ ਜਿਹੜੀ ਪਿਛਲੀ ਪੀੜ੍ਹੀ ਦੇ ਨਾਲ ਪੂਜਾ ਭਾਵਨਾ ਸੀ, 1960 ਤੱਕ ਆਉਂਦੇ ਆਉਦੇ ਉਹ ਦੂਰੀ ਬਣ ਗਈ। ਉਸ ਪੀੜ੍ਹੀ ਨੇ ਸਾਡੇ ਨਾਲ ਧੋਖਾ ਕੀਤਾ ਸੀ। ਸਾਡੇ ਕੋਲ ਆਪਣੇ ਤੋਂ ਇਲਾਵਾ ਕੋਈ ਰਸਤਾ ਨਹੀਂ ਦਿਸਦਾ ਸੀ। ਜਦੋਂ ਤੁਸੀਂ ਆਪਣੇ ਢੰਗ ਨਾਲ ਰਹਿਣ ਆਪਣੇ ਢੰਗ ਨਾਲ ਆਪਣਾ ਭਵਿੱਖ ਬਣਾਉਣਾ ਚਾਹੋਗੇ ਤਾਂ ਪੁਰਾਣੀ ਪੀੜ੍ਹੀ ਨੂੰ ਨਕਾਰਨਾ ਪਵੇਗਾ। ਸੱਤਾ ਦੇ ਕੇਂਦਰ ਤਾਂ ਅੱਜ ਵੀ ਉਹੀ ਹਨ ਪ੍ਰੰਤੂ ਅੱਜ ਅਸੀਂ ਅਜਿਹੇ ਦੌਰ 'ਚੋ ਲੰਘ ਰਹੇ ਹਾਂ ਜਦੋਂ ਸਾਡੇ ਭਾਵ ਕਿ ਬੁੱਢਿਆ ਦੇ ਬਣਾਏ ਪੈਰ ਚਿੰਨਾ ਉਪਰ ਸਮਰਪਤ ਭਾਵਨਾ ਨਾਲ ਇਕ ਪੀੜ੍ਹੀ ਅੱਗੇ ਆ ਰਹੀ ਹੈ। ਅੱਜ ਜਿਹੜੀ ਨੌਜਵਾਨ ਪੀੜ੍ਹੀ ਹੈ, ਉਸ ਦੇ ਕੋਲ ਆਪਣੀ ਕੋਈ ਯੋਜਨਾ ਨਹੀਂ ਕੋਈ ਭਵਿੱਖ ਨਹੀਂ ਕੇਵਲ ਇਸ ਦੇ ਕਿ ਅਮਰੀਕਾ ਚਲੇ ਜਾਓ। ਇਕ ਜਣਾ ਪੰਜਾਹ ਲੱਖ -ਇਕ ਕਰੋੜ ਦਹੇਜ ਲੈ ਲੈਂਦਾ ਹੈ, ਕਲੀਨਿਕ ਖੋਲ੍ਹ ਲੈਂਦਾ ਹੈ ਪਰ ਉਹ ਰਾਖਵਾਂਕਰਨ ਦਾ ਵਿਰੋਧ ਕਰਦਾ ਹੈ। ਇਹ ਜੋ ਸਾਡੇ ਮੱਧ ਵਰਗ 'ਚ ਸੰਘਰਸ਼ ਕਰਨ ਲਈ ਭਾਵ ਕਿ ਤਥਾ ਕਥਿਤ ਵਿਚਾਰਧਾਰਾ ਦਾ ਅੰਤ ਦਾ ਮਾੜੇ ਨਤੀਜੇ ਨਿਕਲੇ ਹਨ ਕਿ ਇਕ ਨਿਪੁੰਨਸਕ , ਸਮਝੈਤਾਵਾਦੀ ਸਹੂਲਤਾ ਲੈਣ ਵਾਲੀ ਨਵੀਂ ਪੀੜ੍ਹੀ ਆ ਗਈ ਹੈ ਇਹੀ ਕਾਰਨ ਹੈ ਕਿ ਕਿਸੇ ਵੀ ਖੇਤਰ 'ਚ ਆਪ ਦੇਖੋਂ ਤਾਂ ਉਹੀ ਲੋਕ ਛਾਏ ਹੋਏ ਹਨ ਜੋ 60 ਤੋਂ ਉਪਰ ਹਨ।

*? ਤੁਸੀਂ ਮੰਨਦੇ ਹੋ ਕਿ ਇਕ ਨਵੀਂ ਕਿਸਮ ਦਾ ਯਥਾਰਥ ਸਾਡੇ ਸਾਹਮਣੇ ਖੜਾ ਹੈ।*

- ਇਹ ਆਪਣੇ ਆਪ ਨੂੰ ਉਸ ਜਾਲ 'ਚ ਹੀ ਸੁੱਟ ਦੇਣਾ ਹੈ ਜਿਥੇ ਸਾਡੇ ਤੋਂ ਪਹਿਲਾਂ ਵਾਲੇ ਸੁੱਟਦੇ ਰਹੇ ਹਨ ਕਿ ਉਨ੍ਹਾਂ ਲੋਕਾਂ ਦੇ ਲਈ ਪੂਰੀ ਮਾਨਵਤਾ ਕੁਝ ਲੋਕਾਂ ਤੱਕ ਸੀਮਿਤ ਸੀ। ਕਸਬੇ ਦੀ ਕਹਾਣੀ ਜਿਹੜੀ ਆ ਰਹੀ ਹੈ। ਉਸ 'ਚ ਭਵਿੱਖ ਉਨ੍ਹਾਂ ਬੇਸ਼ੱਕ ਸਾਫ ਨਾ ਹੋਵੇ, ਆਪਣੇ ਆਪ ਨੂੰ ਬਦਲਣ ਲਈ, ਸਥਿਤੀਆਂ ਨੂੰ ਬਦਲਨ ਦੀ ਬੇਚੈਨੀ ਜਰੂਰ ਹੈ। ਸ਼ਹਿਰ 'ਚ ਕੋਈ ਬੇਚੈਨੀ ਨਹੀਂ ਹੈ। ਇਕ ਖਾਸ ਤਰ੍ਹਾਂ ਦਾ ਸਮਰਪਣ ਹੈ। ਸਰੰਡਰ ਹੈ। ਕੁਝ ਨਹੀਂ ਬਦਲ ਸਕਦੇ, ਭ੍ਰਸ਼ਿਟਾਚਾਰ ਹੈ ਉਸ ਦਾ ਹਿੱਸਾ ਬਣੋ। ਰਾਜਨੀਤਿਕ ਜਾ ਅਫ਼ਸਰੀ 'ਚ ਘਪਲੇ ਹਨ। ਅਸੀਂ ਕੁਝ ਨਹੀ ਕਰ ਸਕਦੇ। ਜਿਸ ਤਰ੍ਹਾਂ ਜਿਹੜਾ ਹੈ ਉਸ ਤਰ੍ਹਾਂ ਹੀ ਰਹੇਗਾ।

*? ਕੀ ਤੁਹਾਨੂੰ ਨਹੀਂ ਲੱਗਦਾ ਕਿ ਉਦੇਯ ਪ੍ਰਕਾਸ਼ ਨੇ ਆਪਣੀ ਕਹਾਣੀ 'ਪਾਲ ਗੋਮਤਾ ਕਾ ਸਕੂਟਰ' ਚ ਸ਼ਹਿਰੀ ਸੱਚ ਦਾ ਸਹੀ ਚਿਤਰਣ ਕੀਤਾ ਹੈ।*

- ਉਦੇਯ ਨੇ ਸ਼ਹਿਰੀ ਸੱਚ ਦੇ ਜਿਸ ਯਥਾਰਥ ਨੂੰ ਕਹਾਣੀ 'ਚ ਥਾਂ ਦਿੱਤਾ ਹੈ ਉਸ 'ਚ ਜਿਹੜੇ ਨੌਜਵਾਨ ਹਨ, ਜਿਹੜੇ ਕਵੀ ਹਨ, ਉਹ ਡੁਬਦਾ, ਮਰਦਾ, ਬੇਸਹਾਰਾ , ਅਸਮਰੱਥ, ਸੜਦਾ ਹੋਇਆ ਆਦਮੀ ਹੈ। ਜਿਸ ਨੂੰ ਦੁਰਘਟਨਾਵਾ 'ਚ ਮਾਰ ਦਿਓ ਜਾ ਨਾ ਮਾਰੋ ਉਹ ਮਰੇ ਹੋਏ ਬਰਾਬਰ ਹੈ। ਉਸ ਨੂੰ ਐਨਾ ਮਹੱਤਵਹੀਣ ਕਰ ਦਿੱਤਾ ਗਿਆ ਹੈ, ਮੁੱਖਧਾਰਾ ਤੋਂ ਦੂਰ ਸੁੱਟ ਦਿੱਤਾ ਗਿਆ ਹੈ, ਉਹ ਆਪੇ ਹੀ ਮਰ ਜਾਵੇਗਾ, ਸਪਸ਼ਟ ਤੇ ਗੈਰ ਜਰੂਰੀ ਉਸ ਪੱਧਰ ਤੇ ਉਦੇਯ ਨੇ

ਅਸਲੀਅਤ ਨੂੰ ਫੜਿਆ ਹੈ। ਉਹ ਨੌਜਵਾਨ ਖਿਲਾਫ ਖੜਾ ਨਹੀਂ ਹੁੰਦਾ। ਨਵੀਆਂ ਸਥਿਤੀਆਂ ਦੇ ਲੜਨ ਦੀ ਗੱਲ , ਉਸ ਬਦਲ ਦੀ ਗੱਲ ਨਹੀਂ ਸੋਚਦਾ। ਉਥੇ ਉਦਾਰੀਕਰਣ, ਨਵੀਂ ਸਭਿਆਤਾ, ਪਾਵਰਫੁਲ ਸਿਸਟਮ ਆਦਿ ਹਨ। ਠੀਕ ਹੈ ਉਸ 'ਚ ਅਸੀਂ ਨਹੀਂ ਵੜ ਸਕਦੇ ਪ੍ਰੰਤੂ ਯੁੱਧ ਖੇਤਰ ਨੂੰ ਬਦਲਣ ਦੀ ਇੱਛਾ ਵੀ ਨਹੀਂ ਹੈ। ਇਕ ਬਲਡੋਜਰ ਦੇ ਸਾਹਮਣੇ ਅਸਹਿਜ ਪਏ ਹੋਏ ਵਿਆਕਤੀ ਨੂੰ ਜਿਸ ਨੂੰ ਪਤਾ ਹੈ ਕਿ ਉਸ ਇਸ ਨੂੰ ਕੁਚਲ ਦੇਵੇਗਾ, ਉਸ ਦੇ ਕੁਚਲੇ ਜਾਣ ਦੀ ਵੇਦਨਾ ਤੇ ਹਾਲਤ ਉਦੇਯ ਨੇ ਦਿੱਤੀ ਹੈ। ਸਭਿਅਤਾ , ਕਵਿਤਾ, ਕਹਾਣੀ ਜਿਹੜਾ ਵੀ ਸਾਡਾ ਹੈ। ਉਸ ਦੇ ਖਤਮ ਹੋ ਜਾਣ ਦੀ ਕਹਾਣੀ ਹੈ। ਅਤੇ ਉਸਦਾ ਇਕ ਬਹੁਤ ਅਹਿਮ ਤੱਤ ਨਾਂ ਦਾ ਬਦਲਣਾ ਹੈ। ਦੂਜੇ ਪਾਸੇ ਜਿਹੜਾ ਗੈਰ ਸ਼ਹਿਰੀ ਯਥਾਰਥ ਹੈ ਕਾਮਰੇਡ ਕਾ ਕੋਟ, ਦੂਧਨਾਥ (ਧਰਮ ਖੇਤਰ) ਜਾ ਮੈਤ੍ਰਈ (ਗੋਮਾ) ਦੀਆਂ ਕਹਾਣੀਆਂ 'ਚ ਇਸ ਤਰ੍ਹਾਂ ਦੀ ਗੱਲ ਨਹੀਂ ਹੈ।

*? ਵਿਰੋਧ ਦੀ ਪ੍ਰਕ੍ਰਿਰਿਆ ਜਿਹਡੀ ਤੁਹਾਨੂੰ ਦਿਖਾਈ ਦੇ ਰਹੀ ਹੈ, ਉਸ ਦੇ ਪਾਤਰ ਕਿੱਥੇ ਤੱਕ ਅਸਲੀਅਤ ਭਰਪੂਰ ਹਨ। ਦੂਜੀ ਗੱਲ ਕਿ ਉਹ ਪਹਿਲਾਂ ਵਾਲੇ ਵਿਰੋਧ ਕਰਨ ਵਾਲੇ ਪਾਤਰਾਂ ਤੋਂ ਕਿਵੇਂ ਭਿੰਨ ਹੈ? ਕੀ ਪੁਰਾਣੇ ਵਿਦਰੋਹਾ ਦੇ ਬਿੰਦੂਆ ਦੇ ਸਥਾਨ ਤੇ ਨਵੇਂ ਵਿਦਰੋਹ ਦੇ ਬਿੰਦੂ ਉਭਰੇ ਹਨ?*

- ਪੁਰਾਣੇ ਵਿਰੋਧ ਵਾਲੇ ਤਾਂ ਸਿੱਧੇ ਹੀ ਕ੍ਰਾਂਤੀ ਕਰਵਾ ਦਿੰਦੇ ਸਨ। ਉਸ ਤੋਂ ਬਾਅਦ ਵਿਚਕਾਰਲਾ ਯੁੱਗ ਆਇਆ ਜਿਸ ਵਿਚ ਵਰਗ ਦੁਸ਼ਮਣ ਦਾ ਸਫਾਇਆ ਆਦਿ ਸੀ। ਉਹ ਪ੍ਰਵਿਰਤੀ ਆ-ਪ੍ਰੰਸਗਇਕ ਹੋ ਗਈ। ਵਿਦਰੋਹ ਸਫਲ ਹੋਵੇ ਜਾਂ ਅਸਫਲ, ਇਕ ਵਿਦਰੋਹ ਕਰਦੇ ਹੋਏ ਆਦਮੀ ਦਾ ਮਰਨਾ ਵੀ ਕਹਾਣੀ ਦੀ ਦ੍ਰਿਸ਼ਟੀ ਤੋਂ ਬੜਾ ਮਹੱਤਵਪੂਰਨ ਹੁੰਦਾ ਹੈ। ਉਸ 'ਚ ਉਸ ਦਾ ਮਰਨਾ ਨਹੀਂ ਹੁੰਦਾ। ਉਹ ਹਮੇਸਾਂ ਅੰਦਰ ਹੀ ਅੰਦਰ ਉਸਦੇ ਜੀਵਤ ਹੋਣ ਦੇ ਬੀਜ ਛੱਡ ਜਾਂਦਾ ਹੈ। ਘੱਟ ਤੋਂ ਘੱਟ ਇਹ ਛੱਡ ਜਾਂਦਾ ਹੈ ਕਿ ਇਸ ਆਦਮੀ ਨੂੰ ਮਰਨਾ ਨਹੀਂ ਚਾਹੀਦਾ ਸੀ। ਉਸ ਤਰ੍ਹਾਂ ਦੀਆਂ ਕਹਾਣੀਆਂ ਤਾਂ ਬਹੁਤ ਹਨ। ਅੱਜ ਜਿਨ੍ਹਾਂ ਨੂੰ ਪ੍ਰਮਾਇਮਕ ਹੋਣ ਦਾ ਸਰਟੀਫਿਕੇਟ ਅਸੀਂ ਦੇ ਰਹੇ ਹਾਂ ਕੀ ਅਜਿਹਾ ਤਾਂ ਨਹੀਂ ਕਿ ਉਹ ਐਨੇ ਨਵੇਂ ਹਨ ਤਾਂ ਐਨੇ ਵੱਖਰੇ ਹਨ ਕਿ ਸਾਨੂੰ ਉਹ ਨਿਰੋਲ ਮੌਲਿਕ ਲੱਗਦੇ ਹਨ। ਅਸਲ ਲੱਗਣ ਦੇ ਦੋ ਤਿੰਨ ਕਾਰਨ ਹਨ- ਅਸੀਂ ਏਸ ਤਰ੍ਹਾਂ ਦਾ ਨਹੀਂ ਦੇਖਿਆ। ਸਾਡੇ ਵੱਲ ਅਜਿਹਾ ਨਹੀਂ ਹੁੰਦਾ। ਇਸ ਲਈ ਸਾਨੂੰ ਉਹ ਗੈਰ ਯਕੀਨੀ ਲੱਗਦੇ ਹਨ। ਇਸ ਦਾ ਸਾਡੇ ਕੋਲ ਕੋਈ ਤਰੀਕਾ ਨਹੀਂ ਹੈ ਕਿ ਅਸੀਂ ਲੋਕਾਂ ਦੇ ਵਿਚ ਜਾ ਕੇ ਜਿਨ੍ਹਾਂ ਬਾਰੇ ਇਹ ਕਹਾਣੀਆਂ ਹਨ ਪੁੱਛੀਏ ਕਿ ਉਹ ਪਾਤਰਾਂ ਜਾਂ ਇਹ ਸਥਿਤੀ ਕਿੰਨੀ ਕੁ ਅਸਲ ਹੈ। ਹੁਣ ਕਿਉਂਕਿ ਸਿੱਖਿਆ ਦਾ ਪਸਾਰ ਹੋਇਆ ਹੈ। ਮੈਂ 'ਹੰਸ' ਦੇ ਅਨੁਭਵ ਦੇ ਅਧਾਰ ਤੇ ਦਸ ਸਕਦਾ ਹਾਂ ਕਿ ਹੁਣ ਉਥੋਂ ਵੀ ਉਨ੍ਹਾਂ ਲੋਕਾਂ ਦੀਆਂ ਟਿੱਪਣੀਆਂ ਆਉਂਦੀਆਂ ਹਨ।

*? ਪਹਿਲਾਂ ਅਸੀਂ ਖੇਤ ਮਜਦੂਰ 'ਚ ਵਿਰੋਧ ਦੇ ਬਿੰਦ ਦੇਖ ਰਹੇ ਸਾਂ, ਉਨ੍ਹਾਂ ਦੀ ਜਿੱਤ ਦੀਆਂ ਕਹਾਣੀਆਂ ਲਿਖ ਰਹੇ ਸੀ ਹੁਣ ਸਮਾਜ ਦੀ ਉਹ ਸ਼ਕਤੀ ਸਮਾਜ 'ਚ ਕਮਜੋਰ ਹੋ ਗਈ ਹੈ, ਅੱਜ ਉਹ .ਫੈਸਲਾਕੁਨ ਭੂਮਿਕਾ 'ਚ ਨਹੀਂ ਹੈ, ਸਾਇਦ ਹਿੰਦੀ ਕਹਾਣੀ 'ਚ ਵੀ ਜਨਵਾਦੀ ਕਹਾਣੀ 'ਚ ਪਹਿਲਾਂ ਦਲਿਤ ਜਾਂ ਇਸਤਰੀ ਦੀ ਮਜਬੂਰੀ ਕਿਤੇ ਵੀ ਨਹੀਂ ਸੀ। ਸਾਇਦ ਵਿਰੋਧ ਦੇ ਇਹ ਦੋ ਨਵੇਂ ਕੇਂਦਰ ਪੈਦਾ ਹੋਏ ਹਨ। ਪਹਿਲਾਂ ਜਿਹੜੇ ਮਜਦੂਰ ਨੂੰ ਕ੍ਰਾਂਤੀਕਾਰੀ ਮਨ ਰਹੇ ਸਨ, ਹੁਣ ਦਲਿਤ ਨੂੰ ਕੇਂਦਰ 'ਚ ਲਿਆ ਰਹੇ ਹਨ, ਨਾਰੀ ਨੂੰ ਕੇਂਦਰ 'ਚ ਲਿਆ ਰਹੇ ਹਨ, ਕੀ ਇਹ ਵਿਚਾਰਧਾਰਾ ਦੀ ਉਥਲ ਪੁਥਲ ਨਹੀਂ ਹੈ।*

-ਜਿਹੜੀ ਕਮਜੋਰੀ ਸਾਡੇ ਨਾਲ ਸੀ, ਲਗਦਾ ਹੈ ਉਹੀ ਕਮਜੋਰੀ ਤੁਹਾਡੇ ਨਾਲ ਹੈ। ਅਸੀਂਂ ਨਵੀਂ ਕਹਾਣੀ ਦੀ ਮਾਨਸਿਕਤਾ ਨਾਲ ਹੀ ਬਾਕੀ ਸਭ ਕੁਝ ਸਮਝਣਾ ਚਾਹੁੰਦੇ ਹਾਂ, ਤੁਸੀਂ ਜਨਵਾਦੀ ਤੇ ਪ੍ਰਗਤੀਸ਼ੀਲ ਕਦਰਾਂ ਕੀਮਤਾਂ ਨਾਲ ਹੀ ਸਾਰੇ ਕੁਝ ਨੂੰ ਸਮਝਣਾ ਚਾਹੁੰਦੇ ਹੋ। ਤੁਸੀਂ ਉਨ੍ਹਾਂ ਮੁਹਾਵਰਿਆ 'ਚੋਂ ਬਾਹਰ ਨਹੀਂ ਨਿਕਲ ਰਹੇ, ਉਸ ਦੇ ਇਰਦ ਗਿਰਦ ਦੇਖਦੇ ਹੋ। ਉਸ ਸਾਡਾ ਇੰਟਰਪ੍ਰੇਟੇਸ਼ਨ ਸੀ, ਸਾਡਾ ਹੀ ਨਹੀਂ , ਉਸ ਵਿਚਾਰਧਾਰਾ ਨਾਲ ਜੁੜੇ ਹੋਏ ਬਹੁਤ ਲੋਕਾਂ ਦੀ ਸਮਾਜ ਦੇ ਪ੍ਰਤੀ ਸਮਝ ਸੀ। ਮਜਦੂਰ, ਦਲਿਤ ਜਾਂ ਇਸਤਰੀ ਪਾਤਰ ਉਥੇ ਕਿਸ ਕੰਮ ਆਉਂਦੇ ਸਨ?

ਉਨ੍ਹਾਂ ਕਹਾਣੀਆਂ 'ਚ ਇਸਤਰੀ ਤਾਂ ਬਲਾਤਕਾਰ ਦੇ ਕੰਮ ਆਉਂਦੀ ਸੀ, ਜ਼ਿਮੀਦਾਰ ਜਾਂ ਵੱਡਾ ਆਦਮੀ ਉਥੇ ਖਲਨਾਇਕ ਹੈ। ਕਹਾਣੀ ਐਨੀ ਯੋਜਨਾਬਧ ਤਰੀਕੇ ਦੀ ਹੁੰਦੀ ਸੀ ਕਿ ਜੇ ਕਰ ਪਹਿਲੇ ਪੈਰੇ 'ਚ ਇਕ ਗਰੀਬ ਜਾਂ ਦਲਿਤ ਮਜਦੂਰ ਹੈ ਅਤੇ ਉਸਦੇ ਘਰ ਜਵਾਨ ਔਰਤ, ਬੇਟੀ ਜਾਂ ਭੈਣ ਹੈ, ਤਾਂ ਸਾਨੂੰ ਪਤਾ ਹੁੰਦਾ ਸੀ ਕਿ ਵਿਚ ਕਿਤੇ ਨਾ ਕਿਤੇ ਜਾਂ ਕਹਾਣੀ ਦੇ ਅੰਤ ਤੱਕ ਪਹੁੰਚਦੇ ਪਹੁੰਚਦੇ ਇਕ ਦਾ ਬਲਾਤਕਾਰ ਹੋਵੇਗਾ। ਹੁਣ ਜਿਹੜਾ ਇਸ ਸਮੇਂ ਹਿੰਦੀ ਦਲਿਤ ਸਾਹਿਤ ਹੈ ਜਿਸ ਨੂੰ ਦਿਸ਼ਾ-ਨਿਰਦੇਸ਼ ਮਰਾਠੀ ਸਾਹਿਤ ਹੀ ਦੇ ਰਿਹਾ ਹੈ, ਉਥੇ ਸਾਨੂੰ ਦਲਿਤ ਦੀ ਆਪਣੀ ਹੋਂਦ ਦਿਖਾਈ ਦੇ ਰਹੀ ਹੈ ਚਾਹੇ ਉਹ ਰਾਜਨੀਤੀ 'ਚ ਆ ਰਹੇ ਸਨ, ਸਮਾਜ 'ਚ ਆ ਰਹੇ ਸਨ, ਇਹ ਉਨ੍ਹਾਂ ਦਾ ਆਪਣਾ ਉਭਾਰ ਹੈ ਇਹ ਸਾਡੇ ਸਾਹਿਤ 'ਚ ਘਸੋੜੇ ਹੋਏ ਨਹੀਂ ਹਨ। ਫਲਸਰੂਪ ਦੋਹਾਂ ਦੇ ਦ੍ਰਿਸ਼ਟੀ ਕੋਣ 'ਚ ਫਰਕ ਤਾਂ ਹੋਵਗਾ



ਹੀ।

ਅੱਜ ਅਸੀਂ ਦੇਖ ਰਹੇ ਹਾਂ ਹਿੰਦੀ 'ਚ ਨੌਮਿਸ਼ਰਾਏ ਦੀ , ਓਮ ਪ੍ਰਕਾਸ਼ ਵਾਲਮੀਕੀ ਦੀ ਇਕ ਪਾਸੇ ਤੇ ਦੂਜੇ ਪਾਸੇ ਕੁਸੁਮ ਅੰਸਲ ਦੀਆਂ ਤਿੰਨ ਸਵੈ-ਜੀਵਨੀਆਂ ਆਈਆ ਹਨ। ਏਥੇ ਜਿਹੜੀ ਚੀਜ ਮੈਂ ਦੱਸਣੀ ਚਾਹੁੰਦਾ ਹਾਂ ਕਿ ਮਰਾਠੀ 'ਚ ਜਾਂ ਹਿੰਦੀ 'ਚ ਹੈ। ਦਲਿਤਾਂ ਤੇ ਇਸਤਰੀਆਂ ਦੀਆਂ ਕਹਾਣੀਆਂ ਆਪਣੇ ਮੁਢਲੇ ਦੌਰ 'ਚ ਸਵੈ-ਜੀਵਨੀ ਮੂਲਕ ਹੋਣਗੀਆਂ, ਕਿਉਂਕਿ ਉਨ੍ਹਾਂ ਦੇ ਕੋਲ ਜਿਹੜੇ ਅਨੁਭਵ ਹੈ, ਉਹ ਉਨ੍ਹਾਂ ਦੇ ਆਪਣੇ ਹਨ। ਉਨ੍ਹਾਂ ਦੀ ਜ਼ਿੰਦਗੀ 'ਚ ਬੈਚੇਨ ਕਰਨ ਵਾਲੀ ਗੱਲ ਹੋਈ ਹੈ। ਜੇਕਰ ਮੇਰਠ 'ਚ ਦਲਿਤਾਂ ਦੇ ਸੰਬੰਧ 'ਚ ਓਮ ਪ੍ਰਕਾਸ਼ ਵਾਲਮੀਕੀ ਕੁਝ ਕਹਿੰਦਾ ਹੈ ਤਾਂ ਉਹ ਕੇਵਲ ਆਪਣੀ ਨਹੀਂ, ਉਸ ਵਰਗੇ ਹਜਾਰਾਂ ਨੌਜਵਾਨਾਂ ਦੀ ਗੱਲ ਕਹਿ ਰਿਹਾ ਹੁੰਦਾ ਹੈ ਜਿਥੇ ਸਕੂਲ 'ਚ ਮੁਹੱਲੇ 'ਚ ਉਨ੍ਹਾਂ ਵਰਗਿਆ ਨਾਲ ਕਿਸ ਤਰ੍ਹਾਂ ਦਾ ਸਲੂਕ ਹੁੰਦਾ ਹੈ ਤਾਂ ਵਿਰੋਧ ਛੋਟੇ ਕਸਬਿਆ 'ਚ ਦਿਖਾਈ ਦਿੰਦਾ ਹੈ, ਉਧਰ ਮੀਡੀਆ ਨੇ ਸਾਰੇ ਮੱਧਵਰਗ ਦਾ ਸੁਪਨਾ ਕੇਵਲ ਇਕ ਚੰਗਾ ਰਹਿਣ ਸਹਿਣ ਬਣਾ ਦਿੱਤਾ ਹੈ।

*? ਜਾਤੀਵਾਦ, ਫਿਰਕਾਪ੍ਰਸਤੀ, ਪੁਰਾਣਵਾਦ ਦਾ ਕੀ ਅਸਰ ਪਿਆ ਹੈ ਕਹਾਣੀ ਉੱਤੇ।*

-ਜੇ ਜਾਤੀ ਵਾਦ ਨੂੰ ਵੱਖਰਾ ਕਰਕੇ ਦੇਖਿਆ ਜਾਵੇ ਤਾਂ ਮੈਨੂੰ ਖਤਰਨਾਕ ਨਹੀਂ ਲੱਗਦਾ ਕਿਉਂਕਿ ਆਖੀਰ 'ਚ ਜਾਤੀਵਾਦ ਅਤੇ ਫਿਰਕਾਪ੍ਰਸ਼ਤੀ ਇਕ ਹੀ ਹੈ। ਹਿੰਸ਼ਾ ਇਕ ਉਸ ਦਾ ਬਾਹਰੀ ਚਿਹਰਾ ਹੈ। ਹਿੰਦੂਤਵ ਦੇ ਮੰਚ ਤੇ ਖੜੇ ਹੋ ਕੇ ਜਿਹੜੇ ਲੋਕ ਜਾਤੀਵਾਦ ਨੂੰ ਗਾਲੀ ਦੇ ਰਹੇ ਹਨ ਉਹ ਅਸਲ 'ਚ ਆਪਣੇ ਆਪ ਨੂੰ ਗਾਲੀ ਦੇ ਰਹੇ ਹੁੰਦੇ ਹਨ, ਫਿਰਕਾਪ੍ਰਸਤੀ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਉਹ ਪੂਰੇ ਸਮਾਜ ਨੂੰ ਦੋ ਹਿੱਸਿਆ 'ਚ ਵੰਡ ਦਿੰਦਾ ਹੈ। ਇਕ ਆ-ਧਰਮੀ ਅਤੇ ਦੂਜਾ ਧਰਮੀ। ਜਿਹੜੇ ਅ-ਧਰਮੀ ਹੈ ਭਾਵ ਕਿ ਮਨੂੰ ਦੀ ਬਣਾਈ ਧਾਰਮਿਕ ਵਿਵਸਥਾ 'ਚ ਵੰਡੀਆਂ ਜਾਤੀਆਂ ਦੇ ਦਇਰੇ, ਜਾਂ ਉਨ੍ਹਾਂ ਦੀ ਵਿਚਾਰਧਾਰਾ ਨੂੰ ਨਹੀਂ ਮੰਨਦੇ ਉਹੀ ਅੱਜ ਜਾਤੀਵਾਦ ਹੈ। ਉਨ੍ਹਾਂ ਦਾ ਵਿਰੋਧ ਕਰਨਾ ਉਨ੍ਹਾਂ ਦੇ ਹਿਸਾਬ ਨਾਲ ਜਾਤੀਵਾਦ ਹੈ। ਜਿਨੀ ਫਿਰਕਾਪ੍ਰਸਤੀ ਵਧੇਗੀ ਉਨ੍ਹਾਂ ਹੀ ਜਾਤੀਵਾਦ ਵਧੇਗਾ। ਹੁਣ ਇਸ ਦਾ ਅਸਰ ਕਹਾਣੀ ਤੇ ਨਾ ਹੋਵੇ , ਕਹਾਣੀਕਾਰ ਤੇ ਨਾ ਹੋਵੇ ਇਹ ਅਸੰਭਵ ਹੈ।

ਮੈਨੂੰ ਅੱਜ ਤੱਕ ਇਕ ਵੀ ਵਿਅਕਤੀ ਨਹੀਂ ਮਿਲਿਆ ਜਿਸ ਨੂੰ ਮੇਰੇ 'ਯਾਦਵ' ਨਾਮ ਸੁਣਦੇ ਹੀ ਲਾਲੂ ਯਾਦਵ ਅਤੇ ਮੁਲਾਇਮ ਸਿੰਘ ਯਾਦਵ ਦਾ ਨਾਂ ਚੇਤੇ ਆਉਂਦਾ ਹੋਵੇ। ਅਜੇ ਕੁਝ ਦਿਨ ਪਹਿਲਾ ਰਾਮ ਸ਼ਰਣ ਜੋਸ਼ੀ ਦੀ ਕਿਤਾਬ ਰੀਲਿਜ਼ ਹੋਈ। ਮੰਚ ਤੇ ਪੀ. ਸੀ. ਜੋਸੀ, ਪ੍ਰਧਾਨ ਪ੍ਰਭਾਸ਼ ਜੋਸ਼ੀ, ਵਕਤਾ ਮਨੋਹਰਸ਼ਿਆਮ ਜੋਸ਼ੀ ਸਨ। ਕਿਸੇ ਨੂੰ ਚੇਤੇ ਨਹੀਂ ਆਇਆ ਇਹ ਜਾਤੀਵਾਦ ਹੋ ਸਕਦਾ ਹੈ। ਜੇ ਦੋ ਯਾਦਵ ਬੈਠ ਹੁੰਦੇ ਤਾਂ ਝੱਟ ਚੇਤੇ ਆ ਜਾਣਾ ਸੀ। ਕਿਓਂ? ਦੂਜੀ ਉਦਾਹਰਨ । ਬਚਨ ਸਿੰਘ ਦਾ ਸਨਮਾਨ ...। ਕਾਸ਼ੀ ਨਾਥ ਸਿੰਘ ਪ੍ਰਬੰਧ ਕਰਨ ਵਾਲੇ, ਸਵਾਗਤ ਕਰਨ ਵਾਲੇ ਕੇਦਾਰ ਨਾਥ ਸਿੰਘ, ਨਾਮਵਰ ਸਿੰਘ ਪ੍ਰਧਾਨ, ਵਲੋਂ ਪ੍ਰਗਤੀਸ਼ੀਲ ਲੇਖਕ ਸੰਘ। ਇਸ ਮਾਨਸਿਕਤਾ ਨੂੰ ਤੁਸੀਂ ਕਿਵੇਂ ਆਸਾਨੀ ਨਾਲ ਸਵੀਕਾਰ ਕਰ ਲੈਂਦੇ ਹੋ। ਜਾਤੀਵਾਦ ਉਨ੍ਹਾਂ ਦੇ ਦਿਮਾ.ਗ 'ਚ ਹੈ। ਜਦੋਂ ਪੰਜ ਜੋਸ਼ੀ ਬੈਠੇ ਜਾਣ ਜਾਂ ਪੰਜ ਸਿੰਘ ਬੈਠ ਜਾਣ ਮੰਚ ਤੇ ਤਾਂ ਕੀ ਇਹ ਜਾਤੀਵਾਦ ਨਹੀਂ ਹੁੰਦਾ।

*? ਕਹਾਣੀ ਆਲੋਚਨਕ ਵਿਜੈ ਮੋਹਨ ਸਿੰਘ ਤੇ ਨਾਮਵਰ ਜੀ ਦਾ ਵੀ ਮੰਨਣਾ ਹੈ ਕਿ ਕਹਾਣੀ ਆਲੋਚਨਾ ਦੀ ਹਾਲਤ ਬੜੀ ਕਮਜੋਰ ਹੈ !*

-ਸਾਡੀ ਸਿਕਾਇਤ ਸ਼ੁਰੂ ਤੋਂ ਨਾਮਵਰ ਜੀ ਤੋਂ ਸੀ ਕਿ ਉਹ ਕਵਿਤਾ ਦੇ ਸੰਦਾ ਨਾਲ ਕਹਾਣੀ ਦੀ ਸਮੀਖਿਆ ਕਰਦੇ ਹਨ। ਕਥਾ ਸਹਿਤ ਖਾਸ ਤੌਰ ਤੇ ਕਹਾਣੀ, ਨਾਵਲ ਆਦਮੀ ਦੇ ਰਿਸ਼ਤੇ ਦੀ ਕਹਾਣੀ ਹੈ। ਇਸ 'ਚ ਲੋਕ ਹੁੰਦੇ ਹਨ। ਕਵਿਤਾ 'ਚ ਆਦਮੀ ਦਾ ਪ੍ਰਤੀਕ ਹੁੰਦਾ ਹੈ। ਜਾਂ ਚਿੰਨ ਹੁੰਦਾ ਹੈ। ਇਥੇ ਸਿੱਧਾ ਆਦਮੀ ਹੁੰਦਾ ਹੈ। ਦੂਜੇ ਸ਼ਬਦਾਂ 'ਚ ਬਿਨਾ ਸਮਾਜ ਦੀ ਗੱਲ ਕਹੇ ਬਿਨਾ ਕਹਾਣੀ ਅਤੇ ਨਾਵਲ ਦੀ ਗੱਲ ਨਹੀਂ ਕੀਤੀ ਜਾ ਸਕਦੀ ਇਹ ਇਕ ਬੇਸਿਕ ਅੰਤਰ ਹੈ। ਕਵਿਤਾ ਦੀ ਗੱਲ ਅਸਥੈਟਿਕਸ ਉਪਰ ਹੋ ਸਕਦੀ ਹੈ, ਜਰੂਰੀ ਨਹੀਂ ਤੁਸੀਂ ਉਸ 'ਚੋਂ ਸਮਾਜ ਦੀ ਗੱਲ ਲੱਭੋ। ਨਾਮਵਰ ਸਿੰਘ ਜੀ ਕਵਿਤਾ ਦੀ ਕਲਾਤਮਿਕਤਾ, ਭਾਸ਼ਾ ਟੈਕਨੀਕ ਸ਼ੈਲੀ ਦੀ ਗੱਲ ਕਹਾਣੀ 'ਤੇ ਲਾਗੂ ਕਰਦੇ ਹਨ। ਮੰਨਿਆ ਥੁੜ੍ਹ 'ਚ ਤਾਂ ਇਹ ਸਭ ਠੀਕ ਹੈ, ਪ੍ਰੰਤੂ ਕਹਾਣੀ ਦੀ ਆਲੋਚਨਾ ਕੇਵਲ ਇਸ ਅਧਾਰ 'ਤੇ ਹੋ ਹੀ ਨਹੀਂ ਸਕਦੀ। ਇਹੀ ਕਾਰਨ ਹੈ ਕਿ ਇਧਰ ਦੇ ਫਿਲਾਸਫਰ, ਬੁੱਧੀਜੀਵੀ ਜਿਨੇ ਵੀ ਵਿਦਵਾਨ ਹਨ, ਜਿਨ੍ਹਾਂ ਨੇ ਵਿਚਾਰ ਜਗਤ ਨੂੰ ਝੰਜੋੜਿਆ ਹੈ ਉਹ ਜਦੋਂ ਸਾਹਿਤ ਉਤੇ ਆਉਂਦੇ ਹਨ ਤਾਂ ਕਥਾ ਸਾਹਿਤ ਨੂੰ ਲੈਂਦੇ ਹਨ, ਕਿਉਂਕਿ ਉਹ ਸਮਾਜ ਹੈ। ਉਸ ਦੇ ਵਿਸ਼ਲੇਸ਼ਣ 'ਚ ਕਵਿਤਾ ਬਹੁਤ ਘੱਟ ਹੈ।

ਇਹ ਸਾਡੀ ਨੀਤੀ ਹੈ ਕਿ ਅਸੀਂ ਬਿਨਾ ਸਮਾਜ ਦੀਆਂ ਸਥਿਤੀਆਂ ਨੂੰ ਸਮਝੇ, ਸਮਾਜਿਕ ਸ਼ਾਸ਼ਤਰਾਂ ਨੂੰ ਸਮਝੇ ਉਨ੍ਹਾਂ ਸਾਰੇ ਵਾਤਾਵਰਨ ਨੂੰ ਸਮਝੇ ਬਿਨਾ ਕਹਾਣੀ ਦੀ ਗੱਲ ਨਹੀਂ ਕਰ ਸਕਦੇ। ਇਸ ਲਈ ਪੁਰਾਣੇ ਢੰਗ ਦੇ ਲੋਕਾਂ ਨੂੰ

ਸ਼ਿਕਾਇਤ ਹੋ ਸਕਦੀ ਹੈ ਕਿ ਆਲੋਚਨਾ ਨਹੀਂ ਹੈ। ਇਸ 'ਚ ਗਲਤੀ ਇਹ ਹੈ ਕਿ ਪ੍ਰਗਤੀਸ਼ੀਲ ਅਤੇ ਜਨਵਾਦੀ ਦੌਰ 'ਚ ਸਮਾਜ ਸ਼ਾਸ਼ਤਰ ਨਜ਼ਰੀਆਂ ਵਧੇਰੇ ਹੋ ਗਿਆ।

ਉਸ ਦੇ ਆਧਾਰ ਤੇ ਸਮਾਜ ਸ਼ਾਸਤਰੀ ਵਿਸ਼ਲੇਸ਼ਣ ਤਾਂ ਹੋ ਗਿਆ ਅਤੇ ਉਸ ਸਭ ਤੋਂ ਬਾਅਦ ਫਿਰ ਆਖਰੀ ਪੈਰੇ 'ਚ ਦਸ ਦਿੱਤਾ ਜਾਂਦਾ ਕਿ ਅਜਿਹੀਆਂ ਫਲਾਂ-ਫਲਾਂ ਕਹਾਣੀਆ 'ਚ ਹੋਇਆ। ਕਹਾਣੀ ਨੂੰ ਕੇਂਦਰ 'ਚ ਰੱਖ ਕੇ ਸਮਾਜ ਸ਼ਾਸਤਰੀ ਸਥਿਤੀਆਂ ਦਾ ਮੁਲੰਕਣ ਨਹੀਂ ਕੀਤਾ ਗਿਆ। ਉਹ ਇਕ ਅਜਿਹਾ ਮੁਲੰਕਣ ਸੀ ਜਿਹੜਾ ਕਵਿਤਾ ਉੱਤੇ ਵੀ ਲਾਗੂ ਹੋ ਸਕਦਾ ਹੈ, ਕਹਾਣੀ ਤੇ ਵੀ, ਨਾਵਲ ਤੇ ਵੀ ਸਾਰੇ ਆਲੋਚਕ ਏਹੀ ਕੁਝ ਕਰ ਰਹੇ ਸੀ। ਅਸਲ 'ਚ ਇਹ ਵਿਸ਼ਲੇਸ਼ਣ ਸਮਾਜ ਰਾਜਨੀਤੀ ਸ਼ਾਸਤਰੀਆਂ ਦਾ ਕਰਨ ਵਾਲਾ ਸੀ। ਸਿਟਾ ਇਹ ਨਿਕਲਿਆ ਕਿ ਅਸੀਂ ਉਨ੍ਹਾਂ ਦੀ ਭਾਸ਼ਾ ਦਾ ਦੁਹਰਾਓ ਕਰਨ ਲੱਗ ਪਏ, ਪਾਠਕਾਂ ਤੱਕ ਤਾਂ ਸਾਡੀ ਪਹੁੰਚ ਸੀ ਨਹੀਂ। ਸਾਨੂੰ ਚਿੰਤਾ ਵੀ ਨਹੀਂ ਸੀ, ਸਾਡੇ ਏਥੇ ਇਹ ਅਨੁਸ਼ਾਸ਼ਨ ਵੀ ਨਹੀਂ ਕਿ ਅਸੀਂ ਬਕਾਇਦਾ ਸਮਾਜ ਸ਼ਾਸ਼ਤਰ ਪੜ੍ਹੀਏ, ਜਿਸ ਕਰਕੇ ਉਸ ਸਮੀਖਿਆ ਨੂੰ ਅਸੀਂ ਰੱਦ ਕਰ ਦਿੱਤਾ। ਹੁਣ ਵੀ ਸਾਡੀ ਸਥਿਤੀ ਇਹ ਹੈ ਕਿ ਜਦੋਂ ਵੀ ਅਸੀਂ ਕਹਾਣੀ ਤੇ ਗੱਲ ਕਰਦੇ ਹਾਂ ਤਾਂ ਯਥਾਰਥ ਦੀ ਗੱਲ ਕਰਾਗੇ। ਹਲਾਕਿ ਸਾਨੂੰ ਕਰਨਾ ਇਹ ਚਾਹੀਦਾ ਹੈ ਕਿ ਉਹ ਯਥਾਰਥ ਜਿਸ ਨੂੰ ਅਸੀਂ ਅੱਜ ਤੱਕ ਸਮਝਦੇ ਰਹੇ ਹਾਂ, ਉਹ ਸਾਡੀ ਰਚਨਾ 'ਚ ਕਿਵੇਂ ਢਲਦਾ ਹੈ ਜਾਂ ਅਸੀਂ ਉਸ ਨੂੰ ਕਿਵੇਂ ਫੜੀਏ। ਤੁਸੀਂ ਦੇਖਦੇ ਹੋਵੋਗੇ ਕਿ ਹਿੰਦੀ ਕਹਾਣੀ ਅਤੇ ਖਾਸ ਕਰ ਸ਼ਹਿਰੀ ਕਹਾਣੀ ਬਿਰਤਾਂਤ ਅਤੇ ਬਿਰਤਾਂਤ ਵਰਣਨ (ਪੇਸਕਾਰੀ) 'ਚ ਫਸੀ ਹੋਈ ਹੈ। ਸਥਿਤੀਆਂ ਦਾ ਵਿਸ਼ਲੇਸ਼ਣ ਬਹੁਤ ਹੈ। ਹੋਰ ਤਾਂ ਹੋਰ ਉਦੇਯ ਪ੍ਰਕਾਸ਼ ਦੀ ਕਹਾਣੀ 'ਚ ਬਿਰਤਾਂਤ ਹੈ, ਇਕ ਪਾਤਰ ਨੂੰ ਵਿਚ ਰੱਖ ਕੇ ਉਸਦੀ ਪੂਰੀ ਸਥਿਤੀ ਦਾ ਇਕ ਵਿਸ਼ਲੇਸ਼ਣ ਹੈ। ਜੇਕਰ ਉਹ ਸਮਾਜ ਸ਼ਾਸ਼ਤਰੀ ਹੁੰਦਾ ਤਾਂ ਸ਼ਾਇਦ ਹੀ ਕੁਝ ਇਸ ਤਰ੍ਹਾਂ ਲਿਖਦਾ ? ਉਦੇਯ ਦੇ ਕੋਲ ਭਾਸ਼ਾ ਕੁਝ ਚੰਗੀ ਹੈ।

ਇਸ ਲਈ ਮੈਂ ਪਰੇਸ਼ਾਨ ਹਾਂ। ਮੈਨੂੰ ਵੀ ਕਹਾਣੀਆਂ ਦੇ ਨਾ ਉੱਤੇ ਲੰਮੇ ਬਿਰਤਾਂਤ ਕਰਨ ਵਾਲੇ ਲੇਖ ਮਿਲਦੇ ਹਨ। ਇਹ ਯਥਾਰਥ ਦਾ ਭੈਅ ਵੀ ਹੋ ਸਕਦਾ ਹੈ ਜਿਹੜਾ ਅਖ਼ਬਾਰਾਂ ਦੇ ਕਾਰਨ ਸਾਨੂੰ ਦਿੱਤਾ ਜਾ ਰਿਹਾ ਹੈ। ਪੂਰੇ 60 ਪੰਨੇ ਦੀ ਕਹਾਣੀ ਮਿਲ ਜਾਂਦੀ ਹੈ, ਕਿਤੇ ਵੀ ਕੋਈ ਡਾਇਲਾਗ ਨਹੀਂ, ਕੋਈ ਨਾਟਕੀ ਦ੍ਰਿਸ਼ ਨਹੀਂ ਭਾਵ ਕਿ ਕਿਤੇ ਕੋਈ ਆਦਮੀ ਹੀ ਨਹੀਂ ਲੱਭਦਾ।

ਹਿੰਦੀ ਕਹਾਣੀ ਇਸ ਸਮੇਂ ਇਕ ਖਾਸ ਤਰ੍ਹਾਂ ਦੇ ਨਿਬੰਧ-ਲੇਖ ਨੁਮਾ ਸ.ਫਰ 'ਚੋਂ ਲੰਘ ਰਹੀ ਹੈ। ਮੈਨੂੰ ਇਹ ਪਤਾ ਨਹੀਂ ਕਿ ਉਹ ਯਥਾਰਥ ਦਾ ਅਤੰਕ ਹੈ ਜਿਸ 'ਚ ਮਜਬੂਰੀ 'ਚ ਫਸ ਕੇ ਉਸ ਨੂੰ ਪੂਰੇ ਦਾ ਪੂਰਾ ਵਰਣਨ ਦੇਣ ਦੀ ਜਿਦ ਹੁੰਦੀ ਹੈ ਜਾਂ ਅਖ਼ਬਾਰੀ ਪ੍ਰਭਾਵ ਹੈ। ਜਰਨਲਇਜ਼ਮ ਕਥਾ ਸਾਹਿਤ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਨ੍ਹਾਂ ਚੀਜਾਂ ਨੂੰ ਕਹਾਣੀ ਦੀ ਸਮੀਖਿਆ 'ਚ ਲੈਣਾ ਚਾਹੀਦਾ ਹੈ ਕਿ ਕਹਾਣੀ 'ਚ ਕਿਵੇਂ ਆਦਮੀ ਲੁਪਤ ਹੋ ਰਿਹਾ ਹੈ। ਅਖਬਾਰੀ ਰਿਪੋਰਟਿੰਗ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹੀ ਹੈ ਕਿ ਉਥੇ ਵਿਆਕਤੀ ਗਾਇਬ ਹੋ ਜਾਂਦਾ ਹੈ ਉਥੇ ਕੇਵਲ ਸਥਿਤੀਆਂ ਹੁੰਦੀਆਂ ਹਨ। ਜੇ ਕਰ ਅਸੀਂ ਸਥਿਤੀਆਂ ਨੂੰ ਉਂਝ ਦਾ ਉਂਝ ਰੱਖਾਗੇ ਤਾਂ ਅਸੀਂ ਅਖ਼ਬਾਰੀ ਹੋ ਜਾਵਾਗੇ, ਚਾਹੇ ਅਸੀਂ ਆਤਮਾ ਦਾ ਵਰਣਨ, ਮਾਨਸਿਕਤਾ ਦਾ ਜਾਂ ਬਾਹਰੀ ਯਥਾਰਥ ਦਾ। ਜਿਹੜੀਆਂ ਸ਼ਹਿਰੀ ਕਹਾਣੀਆਂ ਹਨ ਉਹ 90 ਪ੍ਰਤੀਸਤ ਵਰਣਨ ਦੀਆਂ ਕਹਾਣੀਆਂ ਹਨ ਜਿਸ ਵਿਅਕਤੀ ਸੁੰਤਰਤਾ ਦੀ ਗੱਲ ਕਲਾਵਾਦੀ ਕਰਦੇ ਰਹੇ ਹਨ, ਉਨ੍ਹਾਂ ਦੀਆਂ ਕਹਾਣੀਆਂ 'ਚ ਉਹੀ ਵਿਆਕਤੀ ਜੀਵਨ ਰੂਪ 'ਚ ਨਹੀਂ , ਕੇਵਲ ਇਕ ਵਿਆਕਤੀ ਹੀਣ ਆਈਡੀਏ ਦੇ ਰੂਪ 'ਚ ਆ ਰਿਹਾ ਹੈ। ਆਦਮੀ ਤੋਂ ਉਸਦਾ ਵਿਅਕਤਿਤਵ, ਸਮਾਜਵਾਦੀਆਂ ਤੋਂ ਵੱਧ ਇਕ ਰੂਪ ਅਤੇ ਕਲਾਵਾਦੀਆਂ ਨੇ ਖੋਹ ਲਿਆ ਹੈ। ਇਕ ਤੇ ਪ੍ਰਵਿਰਤੀ ਤੇ ਦੂਜੇ ਨੇ ਆਈਡੀਆ ਬਣਾ ਦਿੱਤਾ।

? ਪਾਤਰ ਕਿਉਂ ਨਹੀਂ ਆ ਰਹੇ।

- ਇਹਦਾ ਕਾਰਨ ਜਾਂ ਤਾਂ ਸ਼ਹਿਰਾ 'ਚ ਵਿਆਕਤੀ ਦਾ ਖਤਮ ਹੋ ਜਾਣਾ ਹੈ। ਜਾਂ ਇਹ ਕਿ ਇਹ ਬਹੁਤ ਅਸਾਨ ਹੈ ਇਕ ਆਈਡੀਆ ਆਇਆ ਤੇ ਮੈਂ ਉੱਠ ਕੇ ਉਸ ਨੂੰ ਵਰਣਨ ਕਰਕੇ ਲਿਖ ਦਿੱਤਾ ਅਸੀਂ ਅੱਧਪੱਕੇ ਵਿਚਾਰਾ ਨੂੰ ਕਹਾਣੀ ਦੇ ਨਾਂ ਤੇ ਪਰੋਸ ਰਹੇ ਹਾਂ। ਕਹਾਣੀ ਅਤੇ ਖਾਸ ਕਰਕੇ ਸ਼ਹਿਰੀ ਕਹਾਣੀ ਤਾਂ ਖਤਮ ਹੋ ਜਾਵੇਗੀ ਜੇਕਰ ਉਹ ਲੇਖ ਨੁਮਾ ਸ਼ੈਲੀ ਤੋਂ ਮੁਕਤ ਨਹੀਂ ਹੁੰਦੀ।

**ਮੁਲਾਕਾਤੀ ਅਜੇਯ ਕੁਮਾਰ**



# ਗਲਪ ਪ੍ਰਤੀ ਹੁੰਗਾਰਾ

*(ਗਲਪ ਨੂੰ ਸਮਰਪਤ 'ਸੁਰ ਸਾਂਝ' ਨੂੰ ਪੰਜਾਬੀ ਸਾਹਿਤਕਾਰਾ ਵਲੋਂ ਵੱਡੀ ਪੱਧਰ ਤੇ ਹੁੰਗਾਰਾ ਮਿਲਿਆ। ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਰਾਮ ਸਰੂਪ ਅਣਖੀ, ਕਹਾਣੀਕਾਰ ਪ੍ਰੇਮ ਪ੍ਰਕਾਸ਼, ਪ੍ਰਗਟ ਸਿੰਘ ਸਿੱਧੂ, ਡਾ. ਗੁਰਮੀਤ ਕੱਲਰ ਮਾਜਰੀ, ਕੇਸਰਾ ਰਾਮ, ਅਨੇਮਨ ਸਿੰਘ, ਗੁਰਪਾਲ ਸਿੰਘ ਲਿੱਟ, ਡਾ. ਰਜਨੀਸ਼ ਬਹਾਦਰ ਸਿੰਘ, ਸੁਖਰਾਜ ਧਾਲੀਵਾਲ, ਮਦਨ ਵੀਰਾ, ਤਲਵਿੰਦਰ ਸਿੰਘ, ਕੁਲਦੀਪ ਸਿੰਘ ਬੇਦੀ, ਕਰਨੈਲ ਸਿੰਘ ਨਿੱਝਰ, ਸੋਮਾ ਸਬਲੋਕ, ਲਕਸ਼ਮੀ ਨਰਾਇਣ ਭੀਖੀ, ਗੁਰਮੀਤ ਕੜਿਆਲਵੀ , ਕਮਲ , ਕਹਾਣੀਕਾਰ -ਜਸਵਿੰਦਰ ਕੌਰ ਆਦਿ ਨੇ ਫੋਨ ਤੇ ਮੈਗਜ਼ੀਨ ਨੂੰ ਗਲਪ ਵੱਲ ਮੋੜਨ ਦੀ ਵਧਾਈ ਦਿੱਤੀ। ਟਿੱਪਣੀਆਂ ਵੀ ਕੀਤੀਆਂ। ਮੂੰਹ ਮੱਥੇ ਲੱਗਦੇ ਲੇਖਕਾਂ ਨੇ ਇਕ ਪਾਸੜ ਲਹਿਜੇ ਨਾਲ ਉਲਾਰ ਹੋ ਕੇ ਕਿੰਤੂ-ਪ੍ਰੰਤੂ ਵੀ ਕੀਤੇ। ਫਤਵੇ ਵੀ ਦਿੱਤੇ। -ਸੰਪਾਦਕ)*

ਗਲਪ ਨੂੰ ਸਮਰਪਤ 'ਸੁਰ ਸਾਂਝ' ਦਾ ਮਈ ਅੰਕ ਮਿਲ ਗਿਆ ਹੈ। ਪੜ੍ਹ ਕੇ ਖੁਸ਼ੀ ਹੋਈ ਕਿ ਪੰਜਾਬੀ ਵਿੱਚ ਨਿਰੋਲ ਗਲਪ ਬਾਰੇ ਨਿਕਲਣ ਵਾਲਾ ਪਰਚਾ ਹੈ। ਇਹ ਜੋ ਤੁਸਾਂ ਬੀੜਾ ਚੁੱਕਿਆ ਹੈ ਤਾਂ ਬਹੁਤ ਔਖਾ ਪਰ ਗੱਲ ਵਧੀਆ ਹਨ। ਹਿੰਦੀ ਦੇ ਹੰਸ ਅਤੇ ਕਥਾ ਦੇਸ਼ ਵਾਂਗ ਪੰਜਾਬੀ ਵਿੱਚ ਵੀ ਨਿਰੋਲ ਕਹਾਣੀ। ਨਾਵਲ ਦੇ ਪਰਚੇ ਦੀ ਘਾਟ ਮਹਿਸੂਸ ਹੋ ਰਹੀ ਸੀ। ਆਸ ਕਰਦਾ ਹਾਂ ਕਿ ਪਰਚਾ ਇਸ ਘਾਟ ਨੂੰ ਪੂਰਾ ਕਰਨ ਲਈ ਭਰਪੂਰ ਕੋਸ਼ਿਸ਼ ਕਰੇਗਾ। ਜਲਦੀ ਹੀ ਆਪਣੇ ਨਵੇਂ ਲਿਖੇ ਜਾ ਰਹੇ ਨਾਵਲ ਦਾ ਇਕ ਕਾਂਡ ਭੇਜਾਂਗਾ।

- **ਨਛੱਤਰ**, ਜੀ, ਐਚ. 14-676, ਨਵੀਂ ਦਿੱਲੀ-110087

ਬਦਲੀ ਹੋਈ ਕਾਇਆ ਵਾਲਾ ਗਲਪ ਨੂੰ ਸਮਰਪਤ 'ਸੁਰ ਸਾਂਝ' ਮਿਲਿਆ। ਵਧੀਆਂ ਉੱਦਮ ਕੀਤਾ ਹੈ। ਲੋਕਗੀਤ ਪ੍ਰਕਾਸ਼ਨ ਕੋਲ਼ ਗ਼ਿਰਵੀ ਰੱਖਣ ਤੋਂ ਬਿਨਾਂ, ਤੁਹਾਡੇ ਦਈਏ ਸੰਬੰਧੀ ਸੁਰ ਸਾਂਝ ਚਾਲੂ ਰੱਖਣ ਦੇ ਹਰ ਉੱਦਮ ਨੂੰ ਲਾਲ ਸਲਾਮ। ਮਾਸਿਕ ਪੱਤਰ ਦੀ ਲਗਾਤਾਰਤਾ ਵੀ ਕਾਫ਼ੀ ਔਖੀ ਜਾਪੇਗੀ। ਖ਼ੈਰ ਇਹ ਤੁਹਾਡੇ ਪ੍ਰਬੰਧਕੀ ਬੋਰਡ ਦੀ ਹਿੰਮਤ ਹੈ। ਪੰਜਾਬੀ ਪੱਤਰਕਾਵਾਂ ਦਾ ਢਿੱਡ ਭਰਨ ਲਈ ਇਨ੍ਹੀਂ ਦਿਨੀਂ ਬਹੁਤ ਕੁਝ ਅਜਿਹਾ ਵੀ ਛਪਿਆ ਜਾ ਰਿਹਾ ਜਿਹੜਾ.... ਨਹੀਂ ਅੱਗੋਂ ਸੱਚ ਨਹੀਂ ਬੋਲਣਾ, ਪਹਿਲੋਂ ਹੀ ਮੇਰੀਆਂ ਗੱਲਾਂ ਤੋਂ ਅੱਧਿਓ ਵੱਧ ਜਲੰਧਰ ਨਾਰਾਜ਼ ਹੈ। ਨਵੀਂ ਕਹਾਣੀ ਅਜੇ ਕੋਈ 'ਫਸੀ' ਨਹੀਂ। ਜਦ ਵੀ ਲਿਖੀ ਗਈ ਜਰੂਰ ਪਹੁੰਚਗੀ। ਸਾਡੇ ਐਸ ਪਾਸੇ ਕੋਈ ਮੁਲਾਕਾਤ ਦੀ ਪੱਧਰ ਵਾਲਾ ਕਹਾਣੀ ਲੇਖਕ ਹੈ? ਹਾਂ ਲੇਖ ਪਿਛਲੇ ਸਮੇਂ ਪੜ੍ਹੀਆਂ ਗਲਪ ਪੁਸਤਕਾਂ ਸੰਬੰਧੀ ਜ਼ਰੂਰ ਲਿਖਣ ਦੀ ਕੋਸ਼ਿਸ਼ ਕਰਾਗਾ।

- **ਲਾਲ ਸਿੰਘ**, ਦਸੂਹਾ।

ਗਲਪ ਨਾਲ ਸਾਂਝ ਪਾਉਣ ਜਾ ਰਿਹਾ 'ਸੁਰ ਸਾਂਝ' ਦਾ ਅੰਕ ਮਿਲਿਆ। ਬੜੀ ਖੁਸ਼ੀ ਹੋਈ ਤੇ ਤ੍ਰਿਪਤੀ ਵੀ ਕਿ ਭਗਵੰਤ ਰਸੂਲਪੁਰੀ ਹੋਰੀਂ ਆਪਣੀ ਮੂਲ ਵਿਧਾ ਨੂੰ ਮੁੜ ਸਮਰਪਿਤ ਹੋਣ ਜਾ ਰਹੇ ਹਨ। ਇਸ ਅੰਕ ਵਿੱਚ ਛਪੀ ਮਨਮੋਹਨ ਬਾਵਾ ਦੀ ਕਹਾਣੀ 'ਝੁਮਕੇ' ਨੇ ਵਾਹ ਵਾਹ ਸੰਵਾਦ ਰਚਾਇਆ ਏ। 'ਮੈ, ਸ਼ੈਤਾਨ ਤੇ ਇੰਦੂਮਣੀ' ਬਾਰੇ ਜੇਕਰ ਰਸੂਲਪੁਰੀ ਆਪ ਹੀ ਖੁਲਾਸਾ ਕਰ ਦੇਣ ਕਿ ਉਹਨਾਂ ਦੀ ਇਹ ਪੁਸਤਕ ਦਲਿਤ ਦ੍ਰਿਸ਼ਟੀ ਨਾਲ ਲਬਰੇਜ਼ ਹੈ ਕਿ ਨਹੀਂ ? ਕਿਧਰੇ ਇੰਜ ਨਾ ਹੋਵੇ ਕਿ ਆਲੋਚਕਾਂ ਤੇ ਪ੍ਰਸ਼ਨਕਰਤਾਵਾਂ ਦੀ ਬਹਿਸ ਵਿੱਚ ਹੀ ਇਸ ਦੀ ਮੂਲ ਸੁਰ ਗਵਾਚ ਜਾਵੇ। ਬਾਕੀ ਕਹਾਣੀ+ਕਿਤਾਬ+ਲੇਖ+ ਆਦਿ ਭੇਜਾਗੀ।

- **ਸੋਮਾ ਸਬਲੋਕ**, 57, ਮੁਹੱਲਾ ਬੇਦੀਆਂ, ਬੰਗਾ-144505,ਪੰਜਾਬ

'ਸੁਰ ਸਾਂਝ' ਦਾ ਪੈਟਰਨ ਇਕਦਮ ਬਦਲਣ ਦਾ ਫ਼ੁਰਨਾ ਕਿਵੇਂ ਸੁੱਝ ਪਿਆ। ਚਲੋ, ਗਲਪ ਨੂੰ ਸਮਰਪਤ ਇਹ ਪਰਚਾ ! ਬਾਕੀਆਂ ਤੋਂ ਵੱਖਰਾ ਕਦ-ਕਾਠ ਕੱਢੇ, ਇਹੀ ਦੂਆ ਕਰਦੀ ਹਾਂ। ਪਰਚੇ ਵਿਚ ਜਿੰਨੀ ਵਿਭਿੰਨਤਾ ਲਿਆ ਸਕੋਗੇ, ਇਹ ਉਨਾ ਹੀ ਨਵੀਨ ਤੇ ਨਿਵੇਕਲਾ ਦਿੱਸੇਗਾ। ਮੇਰੀਆਂ ਸ਼ੁਭ ਕਾਮਨਾਵਾ ਸਹਿਤ।

- **ਜਸਵਿੰਦਰ ਕੌਰ ਬਿਦਰਾ**, ਦਿੱਲੀ।

'ਸੁਰ ਸਾਂਝ' ਨੂੰ ਗਹਿਰ ਗੰਭੀਰਤਾ ਨਾਲ ਪੜ੍ਹਿਆ ਹੈ, ਪੜ੍ਹ ਕੇ ਸੰਤੁਸ਼ਟੀ ਵੀ ਮਿਲੀ ਹੈ। ਦੋਵੇਂ ਕਹਾਣੀਆਂ ਪੜ੍ਹੀਆਂ। ਕਹਾਣੀਆਂ ਨਾਲੋਂ ਲੇਖ ਮੈਨੂੰ ਜਿਆਦਾ ਪ੍ਰਭਾਵਿਤ ਕਰ ਗਏ ਹਨ।

ਪਹਿਲਾਂ ਕਹਾਣੀਆਂ ਬਾਰੇ ਗੱਲ ਕਰਦੀ ਹਾਂ, ਝੁਮਕੇ ਨਾਲੋਂ ਨਾਚ ਦੇ ਬਾਹਰ ਕਹਾਣੀ ਜਿਆਦਾ ਚੰਗੀ

ਲੱਗੀ ਹੈ। ਡਾ. ਜਸਵਿੰਦਰ ਕੌਰ ਬਿੰਦਰਾ ਜੀ ਦਾ ਲੇਖ ਕਾਫੀ ਪਸੰਦ ਆਇਆ ਹੈ, ਪਿਛਲੇ ਦਿਨੀਂ ਮੇਰੀ ਕਿਸੇ ਨਾਮੀ ਲੇਖਕ ਨਾਲ ਇਸ ਵਿਸ਼ੇ ਉੱਪਰ ਬਹਿਸ ਹੋ ਰਹੀ ਸੀ, ਉਨ੍ਹਾਂ ਗੱਲਾਂ ਦਾ ਮੌਲਿਕ ਜੁਆਬ ਮੈਂ ਇਹ ਆਰਟੀਕਲ ਸਾਹਮਣੇ ਰੱਖ ਕੇ ਪੇਸ਼ ਕਰਾਗੀ। ਜਾਤੀਵਾਦ ਦੀ ਜੋ ਪਾਣ ਲੋਕਾਂ 'ਤੇ ਚੜ੍ਹੀ ਹੈ, ਉਹ ਖਤਮ ਨਹੀਂ ਹੋਈ। ਘੁਣ ਵਾਂਗ ਅੰਦਰੋਂ ਅੰਦਰੀ ਸਮਾਜ ਨੂੰ ਕੇਰ ਰਹੀ ਹੈ। ਤੁਹਾਡੀ ਕਿਤਾਬ ਬਾਰੇ ਆਲੋਚਨਾਤਮਕ ਟਿੱਪਣੀ ਪੜ੍ਹ ਕੇ ਉਤਸੁੱਕਤਾ ਹੋਈ ਹੈ ਕਿ ਇਹ ਕਿਤਾਬ ਜਰੂਰ ਪੜ੍ਹਨੀ ਹੈ। ਆਪ ਮੈਨੂੰ 'ਮੈਂ, ਸ਼ੈਤਾਨ ਤੇ ਇੰਦੂਮਣੀ ਦੀ ਅਗਰ ਇਕ ਕਾਪੀ ਭੇਜ ਦਿਓ ਤਾਂ ਅਤਿ ਆਭਾਗੀ ਹੋਵਾਂਗੀ। ਚਰਚਾ ਪੜ੍ਹਨ ਤੋਂ ਬਾਅਦ ਇਸ ਨਤੀਜੇ ਉੱਪਰ ਪੁੱਜੀ ਹਾਂ ਕਿ ਕਿਤਾਬ ਹਰ ਹਾਲਤ 'ਚ ਪੜ੍ਹਨੀ ਚਾਹੀਦੀ ਹੈ। ਆਸ ਹੈ ਆਉਂਦੇ ਅੰਕ ਵਿਚ ਬਹੁਤ ਹੀ ਵਧੀਆ ਸਮੱਗਰੀ ਲੈ ਕੇ ਆਉਣਗੇ।

**-ਬਲਵੀਰ ਕੌਰ ਰੀਹਲ**, ਪਿੰਡ ਸੁਭਾਨਪੁਰ, ਡਾ. ਬਾੜੀਆਂ ਕਲਾਂ, ਜਿਲ੍ਹਾਂ ਹੁਸ਼ਿਆਰਪੁਰ

ਮਾਫ਼ੀ ਚਾਹੁੰਦੀ ਹਾਂ ਜਵਾਬ ਦੇਣ 'ਚ ਪਛੜ ਗਈ ਹਾਂ। ਤੁਸੀਂ ਜੋ ਸੁਰ ਸਾਂਝ ਆਰੰਭ ਕੀਤਾ ਹੈ ਮੇਰੀ ਸੋਝੀ ਅਨੁਸਾਰ ਇਹ ਮੈਗਜ਼ੀਨ ਮੈਨੂੰ ਬਹੁਤ ਹੀ ਪਸੰਦ ਆਇਆ ਹੈ। ਗਲਪ ਨੂੰ ਸਮਰਪਤ ਮਾਸਿਕ 'ਸੁਰ ਸਾਂਝ' ਤੁਹਾਡਾ ਬਹੁਤ ਵੱਡਾ ਉਪਰਾਲਾ ਹੈ, ਸ਼ਲਾਘਾ ਯੋਗ ਕਦਮ ਹੈ। ਇਸ ਵਿਚਲੀਆਂ ਦੋਵੇਂ ਕਹਾਣੀਆਂ ਦਿਲ ਦੀਆਂ ਗਹਿਰਾਈਆਂ ਨੂੰ ਟੁੰਬਦੀਆਂ ਹਨ। ਅਨੇਕਾਂ ਕਹਾਣੀਆਂ ਦੀਆਂ ਪਰਤਾਂ ਨੂੰ ਵਿਸਥਾਰ ਸਹਿਤ ਘੋਖਦਾ ਡਾ. ਜਸਵਿੰਦਰ ਕੌਰ ਬਿੰਦਰਾ ਦਾ ਆਲੋਚਨਾ ਲੇਖ, ਪਾਠਕਾਂ ਨੂੰ ਭਰਪੂਰ ਜਾਣਕਾਰੀ ਦਿੰਦਾ ਹੈ। ਤੁਹਾਡੀ ਕਿਤਾਬ ਉਪਰ ਕੀਤੀ ਗਈ ਵਿਦਵਾਨਾਂ ਦੀ ਵਿਚਾਰ ਚਰਚਾ ਬਹੁਤ ਕੁਝ ਸਿਖਾਉਂਦੀ ਹੈ। ਪ੍ਰੇਮ ਪ੍ਰਕਾਸ਼ ਵਲੋਂ ਦਿੱਤਾ ਗਿਆ ਸੁਝਾਅ ਬਹੁਤ ਵਧੀਆ ਲੱਗਾ। 'ਸੁਰ ਸਾਂਝ' ਪੜ੍ਹਨ ਤੋਂ ਬਾਅਦ 'ਮੈਂ ਸ਼ੈਤਾਨ ਤੇ ਇੰਦੂਮਣੀ' ਨੂੰ ਪੜ੍ਹਨ ਦੀ ਮੇਰੀ ਜਗਿਆਸਾ ਵਧ ਗਈ ਹੈ। ਗੱਲ ਕੀ 'ਸੁਰ ਸਾਂਝ' ਦਾ ਸਾਰਾ ਮੈਟਰ ਸਲਾਹੁਣਯੋਗ ਹੈ। ਇਸ ਲਈ ਤੁਸੀਂ ਵਧਾਈ ਦੇ ਹੱਕਦਾਰ ਹੋ। ਮੇਰੀ ਦੁਆ ਹੈ ਕਿ ਸੁਰ ਸਾਂਝ ਸਾਹਿਤ ਦੀ ਦੁਨੀਆਂ ਵਿੱਚ ਕਦਮ ਵਧਾਉਂਦਾ ਹੋਇਆ ਬੁਲੰਦੀਆਂ ਨੂੰ ਛੂਹੇ।

**- ਨਰਿੰਦਰ ਕੌਰ ਭੱਚੂ**, ਮੁਹੱਲਾ ਬੇਦੀਆਂ, ਨੂਰਮਹਿਲ, ਜਲੰਧਰ

## ਗਲਪ ਨੂੰ ਸਮਰਪਤ *ਸੁਰ ਸਾਂਝ* ਦੇ ਪ੍ਰਾਪਤੀ ਸਥਾਨ

| | |
|---|---|
| ਜਲੰਧਰ | 1. ਕੁਕਨਸ ਪ੍ਰਕਾਸ਼ਨ, ਨਵਾਂ ਜ਼ਮਾਨਾ ਬੁੱਕ ਸ਼ਾਪ, ਨਹਿਰੂ ਗਾਰਡਨ ਰੋਡ |
| | 2. ਸੁੰਦਰ ਬੁੱਕ ਡੀਪੂ, ਮਾਈ ਹੀਰਾਂ ਗੇਟ |
| | 3. ਅਰੁਨ ਬੁੱਕ ਸਟਾਲ, ਬੱਸ ਸਟੈਂਡ |
| | 4. ਪ੍ਰਕਾਸ਼ ਨਾਵਲ ਸਟੋਰ, ਬੱਸ ਸਟੈਂਡ ਦੇ ਬਾਹਰਵਾਰ |
| ਲੁਧਿਆਣਾ | 5. ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ |
| | 6. ਨਈਅਰ ਬੁੱਕ ਸਟਾਲ, ਬੱਸ ਸਟੈਂਡ |
| | 7. ਚੋਪੜਾ ਮੈਗਜ਼ੀਨ ਸਾਪ, ਘੰਟਾ ਘਰ |
| ਪਟਿਆਲਾ | 8. ਮਦਾਨ ਬੁੱਕ ਹਾਊਨ, ਯਨੀਵਰਸਿਟੀ ਕੈਂਪਸ |
| | 9. ਜੇ ਕੇ ਬੁੱਕ ਸੈਂਟਰ, ਬਸ ਸਟੈਂਡ ਤੋਂ ਬਾਹਰ |
| ਚੰਡੀਗੜ੍ਹ | 10. ਪੰਜਾਬ ਬੁੱਕ ਸੈਂਟਰ, ਐਸ. ਸੀ. ਓ. 1126-27, ਸੈਕਟਰ 22-ਬੀ, |
| ਬਠਿੰਡਾ | 11. ਵੋਹਰਾ ਨਿਊਜ ਏਜੰਸੀ, ਬਸ ਸਟੈਂਡ |
| ਅੰਮ੍ਰਿਤਸਰ | 12. ਰਵੀ ਸਹਿਤ ਪ੍ਰਕਾਸ਼ਨ, ਹਾਲ ਬਜਾਰ, |



SUR SANJH (Punjabi), June, 2005 , R.N.I. Regd. No. PUN PUN 1999/1490

## *ਤੁਹਾਡੇ ਲਈ ਜਰੂਰੀ ਸੂਚਨਾ*

1. ਗਲਪ ਨੂੰ ਸਮਰਪਤ 'ਸੁਰ ਸਾਂਝ' ਗਲਪ 'ਤੇ ਕੇਂਦਰਤ ਮਾਸਿਕ ਮੈਗਜ਼ੀਨ ਹੈ। ਇਸ ਵਿਚ ਕਹਾਣੀ, ਨਾਵਲ, ਸਵੈ-ਜੀਵਨੀ ਦੇ ਕਾਂਡ ਨਾਵਲ ਦੇ ਕਾਂਡ, ਰੇਖਾ ਚਿੱਤਰ, ਆਦਿ ਨੂੰ ਹੀ ਪ੍ਰਕਾਸ਼ਤ ਕੀਤਾ ਜਾਇਆ ਕਰੇਗਾ।

2. ਪਰਚੇ ਵਿੱਚ ਅਸੀਂ ਕਹਾਣੀਕਾਰਾਂ, ਨਾਵਲਕਾਰਾਂ ਤੇ ਗਲਪ ਦੇ ਆਲੋਚਕਾਂ ਦੀਆਂ ਮੁਲਾਕਾਤਾਂ ਨੂੰ ਵੀ ਪ੍ਰਕਾਸ਼ਤ ਕਰਿਆ ਕਰਾਗੇ। ਦੂਜੀਆਂ ਭਾਸ਼ਾਵਾਂ ਦੀਆਂ ਮੁਲਾਕਾਤਾਂ ਦੇ ਅਨੁਵਾਦ ਵੀ ਪ੍ਰਕਾਸ਼ਤ ਕੀਤੇ ਜਾਣਗੇ।

3. ਪਰਚੇ ਵਿੱਚ ਕੇਵਲ ਕਹਾਣੀ, ਨਾਵਲ, ਸਵੈ-ਜੀਵਨੀ, ਰੇਖਾ ਚਿੱਤਰ, ਕਹਾਣੀ-ਨਾਵਲ 'ਤੇ ਆਲੋਚਨਾ ਦੀਆਂ ਪੁਸਤਕਾਂ ਦੇ ਪੁਸਤਕ ਰੀਵੀਊ ਅਤੇ ਸਮੀਖਿਆ ਨਿਬੰਧ ਹੀ ਪ੍ਰਕਾਸ਼ਤ ਕੀਤੇ ਜਾਣਗੇ।

4. ਪੁਸਤਕ ਦੇ ਰੀਵੀਊ ਲਈ ਹਰ ਕਿਤਾਬ ਦੀਆਂ 2 ਕਾਪੀਆਂ ਦਾ ਭੇਜਣਾ ਜਰੂਰੀ ਹੈ। ਪੁਸਤਕਾਂ ਕੇਵਲ ਕਹਾਣੀ+ਨਾਵਲ+ਗਲਪ ਆਲੋਚਨਾ ਦੀਆਂ ਹੀ ਭੇਜੀਆਂ ਜਾਣ

5. ਪਰਚੇ ਵਿੱਚ ਅਸੀਂ ਪੰਜਾਬੀ ਕਹਾਣੀ ਦੇ ਨਾਲ ਨਾਲ ਭਾਰਤੀ ਭਾਸ਼ਾਵਾਂ ਤੇ ਵਿਦੇਸ਼ੀ ਭਾਸ਼ਾਵਾਂ ਦੀਆਂ ਕਹਾਣੀਆਂ ਤੇ ਨਾਵਲ ਆਦਿ ਦੇ ਅਨੁਵਾਦ ਵੀ ਪ੍ਰਕਾਸ਼ਤ ਕਰਿਆ ਕਰਾਗੇ।

6. ਪਰਚੇ ਵਿੱਚ ਕਦੇ ਕਦੇ ਇਕ ਪੂਰਾ ਨਾਵਲ ਜਾਂ ਸਵੈ-ਜੀਵਨੀ ਵੀ ਪ੍ਰਕਾਸ਼ਤ ਕਰਿਆ ਕਰਾਗੇ। ਇਹ ਅਨੁਵਾਦ ਵੀ ਹੋ ਸਕਦੇ ਹਨ।

7. ਪਰਚੇ ਵਿੱਚ ਕੇਵਲ ਕਹਾਣੀ, ਨਾਵਲ, ਸਵੈ-ਜੀਵਨੀ ਅਤੇ ਗਲਪ ਸਮੀਖਿਆ ਦੀਆਂ ਕਿਤਾਬਾਂ ਦੇ ਇਸ਼ਤਿਹਾਰ ਹੀ ਪ੍ਰਕਾਸ਼ਤ ਕੀਤੇ ਜਾਣਗੇ। ਇਨ੍ਹਾਂ ਦਾ ਰੇਟ ਇਸ ਤਰ੍ਹਾਂ ਹੋਵੇਗਾ-ਪੂਰਾ ਪੰਨਾ 1000 ਰੁਪਏ, ਅੱਧਾ ਪੰਨਾ 500 ਰੁਪਏ, ਤੀਜਾ ਹਿੱਸਾ 250 ਰੁਪਏ। ਟਾਇਟਲ ਬੈਕ ਪੰਨਾ 3000 ਰੁਪਏ, ਟਾਇਟਲ ਅੰਦਰਲਾ ਪੰਨਾ 2000 ਰੁਪਏ।

8. ਅਸੀਂ ਕਹਾਣੀ ਨਾਵਲ ਤੇ ਹੋਈਆਂ ਗੋਸ਼ਟੀਆਂ ਦੀ ਪੂਰੀ ਸਕਰਿਪਟ ਪੇਪਰਾ ਸਮੇਤ ਵੀ ਪ੍ਰਕਾਸ਼ਤ ਕਰਿਆ ਕਰਾਗੇ। ਇਹਦੇ ਨਾਲ ਹੀ ਗਲਪ ਸੰਬੰਧੀ ਸਮਾਗਮਾਂ ਦੀ ਕਵਰੇਜ ਵੀ ਸਾਹਿਤਕ ਸਰਗਰਮੀਆਂ ਕਾਲਮ ਅਧੀਨ ਪ੍ਰਕਾਸ਼ਤ ਕਰਿਆ ਕਰਾਗੇ। ਲੇਖਕਾਂ ਨੂੰ ਸਹਿਯੋਗ ਦੇਣ ਦੀ ਅਪੀਲ ਹੈ।

9. ਰਚਨਾ ਵਾਪਸ ਮੰਗਵਾਉਣ ਲਈ ਟਿਕਟਾਂ ਲੱਗਾ ਲਿਫ਼ਾਫ਼ਾ ਭੇਜੋ

**-ਸੰਪਾਦਕ**


## ਗਲਪ ਨੂੰ ਸਮਰਪਤ *ਸੁਰ ਸਾਂਝ* ਬਾਰੇ ਜਾਣਕਾਰੀ (ਫਾਰਮ ਨੰ-4)

| | |
|---|---|
| ਪ੍ਰਕਾਸ਼ਨ ਸਥਾਨ | ਪਿੰਡ ਧਰਮਪੁਰਾ, ਡਾਕ.-ਖਾਂਬਰਾ, ਜ਼ਿਲ੍ਹਾ ਜਲੰਧਰ |
| ਪ੍ਰਕਾਸ਼ਨ ਕਾਲ | ਮਾਸਿਕ |
| ਸੰਪਾਦਕ | ਭਗਵੰਤ ਰਸੂਲਪੁਰੀ |
| ਨਾਗਰਿਕਤਾ | ਭਾਰਤੀ |
| ਪ੍ਰਕਾਸ਼ਕ | ਭਗਵੰਤ ਰਸੂਲਪੁਰੀ |
| ਪ੍ਰਿੰਟਰ | ਰਚਨਾ ਪ੍ਰਿੰਟਰਜ਼, ਜਲੰਧਰ |
| ਮਾਲਕ | ਭਗਵੰਤ ਰਸੂਲਪੁਰੀ |
| ਪਤਾ | ਪਿੰਡ ਧਰਮਪੁਰਾ, ਡਾਕ.-ਖਾਂਬਰਾ, ਜ਼ਿਲ੍ਹਾ ਜਲੰਧਰ |

ਮੈਂ ਭਗਵੰਤ ਰਸੂਲਪੁਰੀ ਐਲਾਨ ਕਰਦਾ ਹਾਂ ਕਿ ਮੇਰੀ ਜਾਣਕਾਰੀ ਮੁਤਾਬਿਕ ਉਪਰੋਕਤ ਵੇਰਵਾ ਮੇਰੇ ਗਿਆਨ ਅਤੇ ਵਿਸ਼ਵਾਸ਼ ਅਨੁਸਾਰ ਸਹੀ ਹੈ।

ਪ੍ਰਕਾਸ਼ਕ ਦੇ ਹਸਤਾਖਰ
(ਸਹੀ ਭਗਵੰਤ ਰਸੂਲਪੁਰੀ)
ਮਿਤੀ 5 ਜੂਨ, 2005